ਸਤਾਰਵਾਂ ਸਾਲ

PARDES TIMES

17th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

ਰਣਜੀਤ ਕੰਦੋਲਾ ਐਮ. ਬੀ. ਏ. ਮੈਨੇਜਿੰਗ ਐਡੀਟਰ

VOL- 17 No. 415 January 25, 2023 E-mali : info@pardestimes.com Ph 510-938-7771, 510-516-3536


## ਅਮਰੀਕਾ ’ਚ ਬੇਰੁਜ਼ਗਾਰ ਹੋਏ ਹਜ਼ਾਰਾਂ ਭਾਰਤੀ ਆਈਟੀ ਮਾਹਿਰਾਂ ਦੀਆਂ ਮੁਸ਼ਕਲਾਂ ਵਧੀਆਂ

ਵਾਸ਼ਿੰਗਟਨ- ਅਮਰੀਕਾ ’ਚ ਗੂਗਲ, ਮਾਈਕਰੋਸਾਫ਼ਟ ਅਤੇ ਐਮਾਜ਼ੋਨ ਵਰਗੀਆਂ ਕੰਪਨੀਆਂ ਵੱਲੋਂ ਨੌਕਰੀਆਂ ਤੋਂ ਕੱਢੇ ਜਾਣ ਕਾਰਨ ਹਜ਼ਾਰਾਂ ਭਾਰਤੀ ਆਈਟੀ ਮਾਹਿਰ ਹੁਣ ਨਵਾਂ ਰੁਜ਼ਗਾਰ ਲੱਭਣ ਲਈ ਸੰਘਰਸ਼ ਕਰ ਰਹੇ ਹਨ। ਦੇਸ਼ ’ਚ ਰੁਕੇ ਰਹਿਣ ਲਈ ਉਹ ਛੇਤੀ ਤੋਂ ਛੇਤੀ ਰੁਜ਼ਗਾਰ ਚਾਹੁੰਦੇ ਹਨ ਤਾਂ ਜੋ ਵਰਕ ਵੀਜ਼ੇ ਦੀ ਤੈਅ ਮਿਆਦ ਮੁੱਕਣ ਕਾਰਨ ਕਿਤੇ ਉਨ੍ਹਾਂ ਨੂੰ ਮੁਲਕ ਨਾ ਛੱਡਣਾ ਪੈ ਜਾਵੇ। ਵਾਸ਼ਿੰਗਟਨ ਪੋਸਟ ਮੁਤਾਬਕ ਕਰੀਬ ਦੋ ਲੱਖ ਆਈਟੀ ਵਰਕਰਾਂ ਨੂੰ ਪਿਛਲੇ ਸਾਲ ਨਵੰਬਰ ਤੋਂ ਨੌਕਰੀਆਂ ਤੋਂ ਹੱਥ ਧੋਣਾ ਪਿਆ ਹੈ। ਇਨ੍ਹਾਂ ’ਚੋਂ 30 ਤੋਂ 40 ਫ਼ੀਸਦੀ ਭਾਰਤੀ ਆਈਟੀ ਮਾਹਿਰ ਦੱਸੇ ਜਾ ਰਹੇ ਹਨ ਜਿਨ੍ਹਾਂ ’ਚੋਂ ਵੱਡੀ ਗਿਣਤੀ ਐੱਚ-1ਬੀ ਅਤੇ ਐੱਲ1 ਵੀਜ਼ੇ ਵਾਲੇ ਵਿਅਕਤੀ ਹਨ। ਐਮਾਜ਼ੋਨ ’ਚ ਕੰਮ ਕਰਦੀ ਭਾਰਤੀ ਮਹਿਲਾ ਤਿੰਨ ਮਹੀਨੇ ਪਹਿਲਾਂ ਅਮਰੀਕਾ ਪਹੁੰਚੀ ਸੀ ਅਤੇ ਹੁਣ ਉਸ ਨੂੰ ਆਖ ਦਿੱਤਾ ਗਿਆ ਹੈ ਕਿ 20 ਮਾਰਚ ਉਸ ਦਾ ਆਖਰੀ ਕੰਮਕਾਰੀ ਦਿਨ ਹੋਵੇਗਾ। ਐੱਚ-1ਬੀ ਵੀਜ਼ੇ ਵਾਲੇ ਵਰਕਰਾਂ ਨੂੰ 60 ਦਿਨਾਂ ਦੇ ਅੰਦਰ ਨਵੀਂ ਨੌਕਰੀ ਲੱਭਣੀ ਪਵੇਗੀ, ਨਹੀਂ ਤਾਂ ਉਨ੍ਹਾਂ ਨੂੰ ਮਜਬੂਰੀ ਵਸ ਭਾਰਤ ਪਰਤਣਾ ਪਵੇਗਾ। ਗਲੋਬਲ ਇੰਡੀਆ ਤਕਨਾਲੋਜੀ ਪ੍ਰੋਫੈਸ਼ਨਲਸ ਐਸੋਸੀਏਸ਼ਨ ਅਤੇ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ ਨੇ ਆਈਟੀ ਮਾਹਿਰਾਂ ਨੂੰ ਰੁਜ਼ਗਾਰ ਦਿਵਾਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਤਣਾਅ ’ਚ ਆਏ ਭਾਰਤੀਆਂ ਨੇ ਵੱਖ ਵੱਖ ਵਟਸਐਪ ਗਰੁੱਪ ਬਣਾਏ ਹਨ ਤਾਂ ਜੋ ਉਨ੍ਹਾਂ ਦੀ ਸਮੱਸਿਆ ਦਾ ਕੋਈ ਹੱਲ ਨਿਕਲ ਸਕੇ। ਭਾਰਤੀ ਆਈਟੀ ਮਾਹਿਰਾਂ ਦੀਆਂ ਮੁਸ਼ਕਲਾਂ ’ਚ ਉਸ ਸਮੇਂ ਹੋਰ ਵਾਧਾ ਹੋ ਗਿਆ ਜਦੋਂ ਗੂਗਲ ਨੇ ਗਰੀਨ ਕਾਰਡ ਦੀ ਪ੍ਰੋਸੈਸਿੰਗ ਰੋਕਣ ਦਾ ਫ਼ੈਸਲਾ ਲਿਆ। ਹੁਣ ਜਦੋਂ ਉਨ੍ਹਾਂ ਹਜ਼ਾਰਾਂ ਮੁਲਾਜ਼ਮਾਂ ਨੂੰ ਫਾਰਗ ਕਰ ਦਿੱਤਾ ਹੈ ਤਾਂ ਉਹ ਵਿਦੇਸ਼ੀ ਆਈਟੀ ਮਾਹਿਰਾਂ ਦੀ ਸਥਾਈ ਵਸਨੀਕ ਵਜੋਂ ਮੰਗ ਨਹੀਂ ਕਰ ਰਹੇ ਹਨ।

# ਪੰਜਾਬ ’ਚ ਫਿਲਮ ਸਿਟੀ ਬਣਾਉਣ ਦੀ ਯੋਜਨਾ

## ਕੀ ਪੰਜਾਬ ਅਜਿਹੀ ਵਿਵਸਥਾ ਅਤੇ ਬੁਨਿਆਦੀ ਢਾਂਚਾ ਦੇ ਸਕੇਗਾ?

ਚੰਡੀਗੜ੍ਹ- ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਹਾਲ ਹੀ ਵਿਚ ਐਲਾਨ ਕੀਤਾ ਕਿ ਪੰਜਾਬ ਵਿਚ ਮੁੰਬਈ ਦੀ ਤਰਜ਼ ਤੇ ਫਿਲਮ ਸਿਟੀ ਦਾ ਨਿਰਮਾਣ ਕੀਤਾ ਜਾਵੇ। ਮੁੱਖ ਮੰਤਰੀ ਦੀ ਇਹ ਯੋਜਨਾ ਇਕ ਬਿਹਤਰੀਨ ਯੋਜਨਾ ਹੈ ਕਿਉਂਕਿ ਪੰਜਾਬ ਕੋਲ ਅਜਿਹਾ ਵਾਤਾਵਰਣ ਮੌਜੂਦ ਹੈ ਅਤੇ ਨਾਲ ਹੀ ਲੱਗਦੇ ਪਹਾੜੀ ਤਕਨੀਸ਼ੀਅਨਾਂ, ਕੈਮਰਾਮੈਨਾਂ, ਸਿਨੇਮਾਟੋਗ੍ਰਾਫਰਾਂ, ਕੋਰੀਓਗ੍ਰਾਫਰਾਂ, ਵੀਡੀਓ ਐਡੀਟਰਾਂ, ਐਡੀਟਰਾਂ, ਡਾਇਰੈਕਟਰਾਂ ਆਦਿ ਜਿਹੇ ਸੈਂਕੜੇ ਪੇਸ਼ੇਵਰਾਨਾ ਲੋਕਾਂ ਦੀ ਪੂਰਤੀ ਪੰਜਾਬੀ ਨੌਜਵਾਨ ਵਰਗ ’ਚੋਂ ਹੀ ਕੀਤੀ ਜਾਵੇਗੀ। ਕੈਨੇਡਾ, ਅਮਰੀਕਾ, ਇੰਗਲੈਂਡ, ਆਸਟ੍ਰੇਲੀਆ, ਨਿਊਜ਼ੀਲੈਂਡ ਤੇ ਹੋਰ ਬਹੁਤ ਸਾਰੇ ਫਿਲਮ ਸਿਟੀ ਸਥਾਪਤ ਕਰਨ ਦੀਆਂ ਅਥਾਹ ਸੰਭਾਵਨਾਵਾਂ ਮੌਜੂਦ ਹਨ। ਭਗਵੰਤ ਮਾਨ ਐਤਵਾਰ ਨੂੰ ਕਾਰੋਬਾਰੀ ਸੰਗਠਨਾਂ ਨੂੰ ਪੰਜਾਬ ’ਚ ਆਪਣੀ ਪੂੰਜੀ ਲਾਉਣ ਦਾ ਸੱਦਾ ਦੇਣ ਲਈ ਮੁੰਬਈ ਪੁੱਜੇ ਹੋਏ ਸਨ। ਉਨ੍ਹਾਂ ਕਿਹਾ ਕਿ ਉਹ ਰਾਜ ’ਚ ਨਵੀਆਂ ਸਨਅਤਾਂ ਨੂੰ ਹੱਲਾਸ਼ੇਰੀ ਦੇ ਰਹੇ ਹਨ। ਅੱਤਵਾਦ ਦੇ ਕਾਲ਼ੇ ਦੌਰ ਅਤੇ





ਖੇਤਰ ਇਸ ਸੁਪਨੇ ਨੂੰ ਪੂਰਾ ਕਰਨ ਵਿਚ ਯੋਗਦਾਨ ਪਾ ਸਕਦੇ ਹਨ। ਪੰਜਾਬ ਵਿਚ 2 ਅੰਤਰ ਰਾਸ਼ਟਰੀ ਹਵਾਈ ਅੱਡੇ ਵੀ ਕੰਮ ਕਰ ਰਹੇ ਹਨ ਪਰ ਅਮਨ ਕਾਨੂੰਨ ਦੀ ਵਿਵਸਥਾ ਨੂੰ ਸਖਤੀ ਨਾਲ ਕੰਟਰੋਲ ਕਰਨਾ ਵੀ ਸਭ ਤੋਂ ਵੱਡੀ ਚੁਣੌਤੀ ਹੋਵੇਗੀ। ‘ਫਿਲਮ ਸਿਟੀ’ ਕਾਇਮ ਕਰਨ ਬਾਰੇ ਕੀਤੇ ਗਏ ਐਲਾਨ ਦੇ ਯਕੀਨੀ ਤੌਰ ’ਤੇ ਬਹੁਤ ਦੂਰਅੰਦੇਸ਼ ਨਤੀਜੇ ਨਿਕਲਣਗੇ। ਮੁੱਖ ਮੰਤਰੀ ਨੇ ਮੁੰਬਈ ਦੇ ਫਿਲਮ ਸਟੂਡੀਓਜ਼ ਨੂੰ ਵੀ ਆਪਣੀਆਂ ਸ਼ਾਖਾਵਾਂ ਪੰਜਾਬ ’ਚ ਸਥਾਪਤ ਕਰਨ ਦਾ ਸੱਦਾ ਦਿੱਤਾ ਹੈ। ਇਸ ਨਾਲ ਜਿੱਥੇ ਹਜ਼ਾਰਾਂ ਨਵੇਂ ਸਿੱਧੇ ਤੇ ਅਸਿੱਧੇ ਰੁਜ਼ਗਾਰ ਪੈਦਾ ਹੋਣਗੇ, ਓਥੇ ਪੰਜਾਬ ਦਾ ਸਰਬਪੱਖੀ ਵਿਕਾਸ ਵੀ ਹੋਵੇਗਾ। ਪੰਜਾਬ ਹੀ ਨਹੀਂ; ਹਰਿਆਣਾ, ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਨਾਲ ਲੱਗਦੇ ਹੋਰ ਰਾਜਾਂ ਦੇ ਫਿਲਮ ਨਿਰਮਾਤਾ ਵੀ ਇੱਥੇ ਆ ਕੇ ਆਪਣੇ ਨਵੇਂ ਪ੍ਰਾਜੈਕਟਾਂ ਲਈ ਸਰਮ-ਾਇਆ ਲਾਉਣਗੇ। ਫਿਲਮ ਸਿਟੀ ਲਈ ਨਵੇਂ ਯੂਰਪੀ ਦੇਸ਼ਾਂ ’ਚ ਵਸਦੇ ਐੱਨਆਰਆਈਜ਼, ਖ਼ਾਸ ਤੌਰ ’ਤੇ ਪੰਜਾਬੀ ਵੀ ਹੁਣ ਫਿਲਮ ਨਿਰਮਾਣ ਲਈ ਪੰਜਾਬ ਦੀ ਨਵੀਂ ਤਜਵੀਜ਼ਸ਼ੁਦਾ ‘ਫਿਲਮ ਸਿਟੀ’ ਨੂੰ ਹੀ ਤਰਜੀਹ ਦੇਣਗੇ। ਇਸ ਤੋਂ ਬਿਨਾਂ ਰੰਗਲੇ ਪੰਜਾਬ ਦੀਆਂ ਬਹੁਤ ਸਾਰੀਆਂ ਨਵੀਆਂ ਪ੍ਰਤਿਭਾਵਾਂ ਨੂੰ ਹੋਰ ਨਿੱਖਰ ਕੇ ਸਾਹਮਣੇ ਆਉਣ ਦਾ ਮੌਕਾ ਮਿਲੇਗਾ। ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਮਹਾ-ਪੰਜਾਬ ’ਚ ਲਾਹੌਰ ਤੇ ਅੰਮ੍ਰਿਤਸਰ ਜਿਹੇ ਨਗਰ ਹੀ ਕਲਾ ਤੇ ਸੱਭਿਆਚਾਰ ਦੇ ਦੋ ਵੱਡੇ ਕੇਂਦਰ ਹੁੰਦੇ ਸਨ। ਪੰਜਾਬ ਨੇ ਬਾਲੀਵੁੱਡ ਨੂੰ ਕੇਐੱਲ ਸਹਿਗਲ, ਮੁਹੰਮਦ ਰਫ਼ੀ, ਦੇਵ ਆਨੰਦ, ਧਰਮਿੰਦਰ, ਸਾਹਿਰ ਲੁਧਿਆਣਵੀ, ਗੀਤਾ ਬਾਲੀ, ਦਾਰਾ ਸਿੰਘ, ਜਤਿੰਦਰ, ਵਿਨੋਦ ਖੰਨਾ, ਰਾਜੇਸ਼ ਖੰਨਾ, ਪ੍ਰਾਣ, ਮਹਿੰਦਰ ਕਪੂਰ, ਜਗਜੀਤ ਸਿੰਘ, ਬੀਆਰ ਚੋਪੜਾ, ਯਸ਼ ਚੋਪੜਾ, ਕਪਿਲ ਸ਼ਰਮਾ, ਭਾਰਤੀ ਸਿੰਘ ਜਿਹੇ ਅਨੇਕ ਬਹੁ-ਚਰਚਿਤ ਕਲਾਕਾਰ ਦਿੱਤੇ ਹਨ। ਕਲਾ ਤੇ ਪ੍ਰਤਿਭਾਵਾਂ ਪੱਖੋਂ ਪੰਜਾਬ ਕਦੇ ਵੀ ਸੱਖਣਾ ਨਹੀਂ ਰਿਹਾ। ਮੁਹਾਲੀ ਤੇ ਰੂਪਨਗਰ ਜ਼ਿਲ੍ਹਿਆਂ ’ਚ ਉਸ ਪਿੱਛੋਂ ਰਾਜ ਦੀਆਂ ਸਨਅਤਾਂ ਨੂੰ ਡਾਢਾ ਨੁਕਸਾਨ ਪੁੱਜਾ। ਤਦ ਤੋਂ ਸ਼ੁਰੂ ਹੋਇਆ ਕਰਜ਼ੇ ਦਾ ਦੌਰ ਹਾਲੇ ਤਕ ਖ਼ਤਮ ਹੋਣ ਦਾ ਨਾਂ ਨਹੀਂ ਲੈ ਰਿਹਾ। ਰਾਜ ਸਿਰ ਚੜ੍ਹੀ ਕਰਜ਼ੇ ਦੀ ਪੰਡ ਹੁਣ ਤਿੰਨ ਲੱਖ ਕਰੋੜ ਰੁਪਏ ਤੋਂ ਵੀ ਵੱਧ ਹੋ ਚੁੱਕੀ ਹੈ। ਸਰਕਾਰ ਨੂੰ ਹੁਣ ਉਸ ਦੇ ਵਿਆਜ ਦੀਆਂ ਵੱਡੀਆਂ ਰਕਮਾਂ ਤਾਰਨੀਆਂ ਪੈ ਰਹੀਆਂ ਹਨ। ਸੂਬੇ ਦੀ ਆਰਥਿਕਤਾ ਕੇਵਲ ਸਨਅਤੀਕਰਨ ਨਾਲ ਹੀ ਮੋੜਾ ਕੱਟ ਸਕਦੀ ਹੈ। ਖੇਤੀਬਾੜੀ ਹੁਣ ਕਿਸਾਨਾਂ ਲਈ ਬਹੁਤਾ ਲਾਹੇਵੰਦਾ ਧੰਦਾ ਨਹੀਂ ਰਿਹਾ। ਇਸੇ ਲਈ ਸਰਕਾਰ ਨੂੰ ਹੁਣ ਉਦਯੋਗਾਂ ’ਤੇ ਆਪਣਾ ਧਿਆਨ ਕੇਂਦ੍ਰਿਤ ਕਰਨਾ ਹੀ ਪਵੇਗਾ। ਫਿਲਮ ਖੇਤਰ ਯਕੀਨੀ ਤੌਰ ’ਤੇ ਇਸ ਸਬੰਧੀ ਆਪਣਾ ਵੱਡਾ ਯੋਗਦਾਨ ਪਾ ਸਕਦਾ ਹੈ। ਕੌਮਾਂਤਰੀ ਮੰਦਹਾਲੀ ਵਾਲੇ ਮਾਹੌਲ ਦੇ ਬਾਵਜੂਦ ਪੰਜਾਬ ਦੇ ਫਿਲਮ ਉਦਯੋਗ ਨਾਲ ਜੁੜੇ ਲੋਕਾਂ ਨੂੰ ਵੀ ਆਪਣੇ ਮੋਢੇ ਮਜ਼ਬੂਤ ਕਰਨੇ ਹੋਣਗੇ, ਤਦ ਹੀ ਪੰਜਾਬ ਤਰੱਕੀ ਦੇ ਨਵੇਂ ਸਿਖ਼ਰ ਸਰ ਕਰੇਗਾ।


Padam Builders Inc.
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
Bhupinder Singh Padam
email: padambuilders@gmail.com
Licensed # 1019803
CELL 510-565-6667
3143 ARDEN ROAD, HAYWARD CA- 94545





See me today and get the discounts and service you deserve
STATE FARM INSURANCE
Gurbinder S Mavi
Insurance Lic# 0F22244
Bus: 650-326-0660, Cell : 408-829-6284
988 El Monte Ave Mountain View, CA 94040
Like a Good Neighbor, State Farm is There www.gmavi.com
State farm mutual Automobile Insurance Company. State Farm Indemnity Company Bloomington. IL





Allstate
You're in good hands.
Avninder Singh
Insurance Specialist, CA Lic. # 0822501
Auto - Home - Life - Health - Business - Commercial
PH.(510) 441-7490
Toll free (877) 441-7490
30042 MISSION BLVD. SUITE 221 HAYWARD, CA 94544





Raj Budwal
(Investment and Fiancial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com





Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com
ਇਮੀਗ੍ਰੇਸ਼ਨ ਡਿਪੋਰਟੇਸ਼ਨ ਅਸਾਈਲਮ ਸਿਟੀਜਨਸ਼ਿਪ ਗਰੀਨ ਕਾਰਡ ਫੈਮਲੀ ਪਟੀਸ਼ਨ ਵਿਆਹ ਦੇ
ਆਧਾਰ ਤੇ ਗਰੀਨ ਕਾਰਡ ਐਡਜਸਟਮੈਂਟ ਆਫ ਸਟੇਟਸ
ਫੈਮਲੀ ਲਾਅ ਤਲਾਕ ਦੀ
ਪਟੀਸ਼ਨ ਬੱਚੇ ਦੀ ਕਸਟਡੀ ਭੱਤਾ ਜਾਂ ਖਰਚਾ ਬੱਚਿਆਂ ਲਈ ਖਰਚਾ
TANVIR JOSHI
SBN: 302226
(559) 312-0083 (O) (888) 630-1230 (F)
516 W. SHAW AVE STE 200 FRESNO, CA 93704





COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587







ਜਸਪਰੀਤ ਸਿੰਘ
ਅਟਾਰਨੀ ਐਟ ਲਾਅ, ਨਿਊਯਾਰਕ ਤੇ ਕੈਲੀਫੋਰਨੀਆ
ਰਫਿਊਜੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ, ਵਿਆਹ, ਐਚ ਵਨ, ਐਲ ਵਨ, ਲੇਬਰ ਸਰਟੀਫਿਕੇਸ਼ਨ ਦੀ ਮੁਫਤ ਸਲਾਹ ਲਈ ਸੰਪਰਕ ਕਰੋ
ਕੈਲੀਫੋਰਨੀਆ ਦਫਤਰ: 3155 Kearney Street Fremont , CA 94538 510-657-6444
ਨਿਊਯਾਰਕ ਦਫਤਰ: 37-18-73rd ST. Ste 401 Jackson Height. NY 11372 718-533-8444
ਸੈਕਰਾਮੈਂਟੋ ਦਫਤਰ: 2945 W. Capitol Ave. West Sacramento CA-95691 916-372-448
ਫਰਿਜ਼ਨੋ ਦਫਤਰ: 4491 w. Shaw Ave # 300B Near Costco Fresno, CA 93722 phone 559-271-5511




# ਉਹ ਅਮੀਰ ਤੇ ਮਸ਼ਹੂਰ ਲੋਕ, ਜੋ ਆਪਣੇ ਬੱਚਿਆਂ ਨੂੰ ਆਪਣੀ ਵਿਰਾਸਤ ਨਹੀਂ ਦੇਣਾ ਚਾਹੁੰਦੇ

ਅਮਰੀਕੀ ਗਾਇਕਾ ਮੈਰੀ ਓਸਮੋਂਡ ਨੇ ਹਾਲ ਹੀ ਵਿੱਚ ਕਿਹਾ ਸੀ ਕਿ ਉਨ੍ਹਾਂ ਦੇ ਬੱਚਿਆਂ ਨੂੰ ਉਨ੍ਹਾਂ ਦੀ ਵਿਰਾਸਤ ਨਹੀਂ ਮਿਲੇਗੀ। ਮੈਰੀ ਵੱਲੋਂ ਆਖੀ ਇਸ ਗੱਲ ਨੇ ਅਖੌਤੀ "ਨੇਪੋ ਬੇਬੀਜ਼" 'ਤੇ ਬਹਿਸ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ। ਨੇਪੋ ਬੇਬੀਜ਼ ਸਪੈਨਿਸ਼ ਭਾਸ਼ਾ ਤੋਂ ਆਏ ਸ਼ਬਦ ਹਨ, ਜਿਨ੍ਹਾਂ ਦਾ ਮਤਲਬ ਨੈਪੋਟਿਜ਼ਮ ਤੋਂ ਹੈ ਯਾਨੀ ਭਾਈ-ਭਤੀਜਾਵਾਦ। ਨੇਪੋ ਬੇਬੀਜ਼ ਤੋਂ ਭਾਵ ਉਨ੍ਹਾਂ ਬੱਚਿਆਂ ਤੋਂ ਹੈ ਜੋ ਵੱਡੀਆਂ ਹਸਤੀਆਂ ਦੀਆਂ ਔਲਾਦਾਂ ਹਨ।

ਮੈਰੀ ਓਸਮੋਂਡ ਦੀ ਜਾਇਦਾਦ ਲਗਭਗ 20 ਮਿਲੀਅਨ ਡਾਲਰ ਹੈ। ਮੈਰੀ ਨੇ ਇੱਕ ਮੈਗਜ਼ੀਨ ਨੂੰ ਕਿਹਾ ਕਿ ਉਨ੍ਹਾਂ ਵੱਲੋਂ ਆਪਣੀ ਨੂੰ ਸਾਂਝਾ ਕਰਨ ਤੋਂ ਇਨਕਾਰ ਕਰਨਾ ਇੱਕ ਗਲਤ ਫ਼ੈਸਲਾ ਨਹੀਂ ਹੈ। ਇਸ ਤੋਂ ਅਲਹਿਦਾ ਉਨ੍ਹਾਂ ਇਹ ਕਿਹਾ ਕਿ ਇਹ ਯਕੀਨੀ ਬਣਾਉਣਾ ਸੀ ਕਿ ਉਨ੍ਹਾਂ ਦੇ ਬੱਚੇ ਖ਼ੁਦ ਵਿੱਚ ਜਨੂੰਨ ਪੈਦਾ ਕਰਨ ਅਤੇ ਆਪਣੀ ਸਫ਼ਲਤਾ ਦਾ ਰਾਹ ਲੱਭਣ। ਨੇਪੋ ਬੇਬੀਜ਼ ਜਾਂ ਨੇਪੋਟਿਜ਼ਮ ਵਾਲੇ ਬੱਚੇ ਉਹ ਹੁੰਦੇ ਹਨ ਜੋ ਆਪਣੇ ਮਾਪਿਆਂ ਦੀ ਦੌਲਤ ਤੇ ਸ਼ੌਹਰਤ ਦਾ ਇਸਤੇਮਾਲ ਕਰਕੇ ਆਪਣਾ ਕਰੀਅਰ ਬਣਾਉਂਦੇ ਹਨ। ਓਸਮੋਂਡ ਨੇ ਯੂ-ਐੱਸ ਵਿਕਲੀ ਮੈਗਜ਼ੀਨ ਨੂੰ ਕਿਹਾ, ''ਮੈਂ ਕਿਸੇ ਨੂੰ ਨਹੀਂ ਜਾਣਦੀ ਜੋ ਕੁਝ ਬਣ ਜਾਂਦਾ ਹੈ ਜੇ ਉਹ ਉਨ੍ਹਾਂ ਨੂੰ ਪੈਸੇ ਦਿੰਦੇ ਹਨ।'' ਇਹ ਮੈਂ ਸਭ ਤੁਹਾਡੇ ਉੱਤੇ ਛੱਡਦਾ ਹਾਂ ਕਿਉਂਕਿ ਗਾਇਕਾ ਹੀ ਇਕੱਲੀ ਨਹੀਂ ਹਨ ਜਿਨ੍ਹਾਂ ਸੈਲੇਬ੍ਰਿਟੀ ਪੇਰੈਂਟਿੰਗ ਉੱਤੇ ਵਿਚਾਰ ਸਾਂਝੇ ਕੀਤੇ ਹਨ। ਇਸ ਤੋਂ ਇਲਾਵਾ ਵੀ ਕਈ ਨਾਮੀ ਹਸਤੀਆਂ ਨੇ ਕਿਹਾ ਹੈ ਕਿ ਉਨ੍ਹਾਂ ਦੀ ਆਪਣੀ ਕਿਸਮਤ ਜਾਂ ਵਿਰਾਸਤ ਨੂੰ ਅੱਗੇ ਦੇਣ ਦੀ ਕੋਈ ਯੋਜਨਾ ਨਹੀਂ ਹੈ। ਹਾਲਾਂਕਿ ਕੁਝ ਮਾਮਲਿਆਂ ਵਿੱਚ ਵਿਰਾਸਤ ਦੀ ਘਾਟ ਨੇ ਉਨ੍ਹਾਂ ਦੇ ਬੱਚਿਆਂ ਨੂੰ ਆਪਣੇ ਮਾਪਿਆਂ ਦੀ ਸਫ਼ਲਤਾ ਦਾ ਲਾਭ ਲੈਣ ਤੋਂ ਨਹੀਂ ਰੋਕਿਆ ਹੈ। ਆਓ ਅਜਿਹੀਆਂ ਕੁਝ ਮਸ਼ਹੂਰ ਹਸਤੀਆਂ ਅਤੇ ਉਨ੍ਹਾਂ ਦੇ ਬੱਚਿਆਂ ਬਾਰੇ ਜਾਣਦੇ ਹਾਂ:





### ਡੇਨੀਅਲ ਕਰੇਗ

ਬਰਤਾਨਵੀ ਅਦਾਕਾਰ ਡੇਨੀਅਲ ਕਰੇਗ ਕਹਿੰਦੇ ਹਨ ਕਿ ਉਨ੍ਹਾਂ ਨੂੰ ਵਿਰਾਸਤ ਦਾ ਵਿਚਾਰ 'ਬੇਕਾਰ' ਲਗਦਾ ਹੈ। ਉਨ੍ਹਾਂ ਇਹ ਵੀ ਕਿਹਾ ਸੀ ਕਿ ਉਨ੍ਹਾਂ ਦੇ ਦੋਵੇਂ ਪੁੱਤਰਾਂ ਨੂੰ ਉਨ੍ਹਾਂ ਦੀ 125 ਮਿਲੀਅਨ ਡਾਲਰ ਦੀ ਜਾਇਦਾਦ ਨਹੀਂ ਮਿਲੇਗੀ। 2020 ਵਿੱਚ ਜੇਮਜ਼ ਬੌਂਡ ਨਾਲ ਮਸ਼ਹੂਰ ਹੋਏ ਡੇਨੀਅਲ ਕਰੇਗ ਨੇ ਕਿਹਾ ਸੀ, ''ਮੇਰਾ ਫ਼ਲਸਫ਼ਾ ਇਸ ਤੋਂ ਛੁਟਕਾਰਾ ਪਾਉਣਾ ਜਾਂ ਮਰਨ ਤੋਂ ਪਹਿਲਾਂ ਇਸ ਨੂੰ ਦੇ ਦੇਣਾ ਹੈ।'' ਪਰ ਵਿਰਾਸਤ ਤੋਂ ਬਿਨਾਂ ਵੀ ਕਰੇਗੀ ਦੀ ਸਭ ਤੋਂ ਵੱਡੀ 31 ਸਾਲਾ ਧੀ ਐਲਾ ਨੇ ਪਹਿਲਾਂ ਹੀ ਆਪਣਾ ਨਾਮ ਬਣਾ ਲਿਆ ਹੈ।

ਐਲਾ ਦੀ ਨੁਮਾਇੰਦਗੀ ਦੁਨੀਆ ਦੀਆਂ ਸਭ ਤੋਂ ਵੱਡੀਆਂ ਮਾਡਲਿੰਗ ਏਜੰਸੀਆਂ ਵਿੱਚੋਂ ਇੱਕ ਫੋਰਡ ਮਾਡਲਜ਼ ਕਰਦੀ ਹੈ। ਇਸ ਸਾਲ ਦੀ ਸ਼ੁਰੂਆਤ ਵਿਚ ਐਲਾ ਇੱਕ ਫ੍ਰੈਂਚ ਫੈਸ਼ਨ ਮੈਗਜ਼ੀਨ ਐਲ'ਆਫ਼ੀਸ਼ੀਅਲ ਦੇ ਕਵਰ ਪੇਜ ਉੱਤੇ ਆ ਚੁੱਕੇ ਹਨ। ਐਲਾ ਨੇ ਪਿਤਾ ਕਰੇਗ ਦੇ ਨਕਸ਼ੇ ਕਦਮ ਉੱਤੇ ਚਲਦਿਆਂ ਆਪਣਾ ਹੱਥ ਅਦਾਕਾਰੀ ਵਿੱਚ ਵੀ ਅਜ਼ਮਾਇਆ ਹੈ। ਅਦਾਕਾਰੀ ਵੱਲ ਉਨ੍ਹਾਂ ਦੀ ਸ਼ੁਰੂਆਤ ਸ਼ੇਕਸਪੀਅਰ ਐਂਡ ਕੰਪਨੀ ਨਾਲ ਕੁਝ ਨਾਟਕਾਂ ਤੋਂ ਹੋਈ। ਇਸ ਤੋਂ ਬਾਅਦ ਐਲਾ ਨੇ ਕੁਝ ਫ਼ਿਲਮਾਂ ਵੀ ਕੀਤੀਆਂ। ਐਲਾ ਜਨਤਕ ਤੌਰ ਉੱਤੇ ਫ਼ਿਲਮਾਂ ਵਿੱਚ ਆਪਣੀ ਦਿਲਚਸਪੀ ਬਾਰੇ ਬੋਲ ਚੁੱਕੇ ਹਨ। ਉਹ ਕਹਿ ਚੁੱਕੇ ਹਨ, ''ਉਮੀਦ ਹੈ ਕਿ 'ਚੰਗੀ ਅਦਾਕਾਰਾ ਅਤੇ ਚੰਗੀ ਕੁਆਲਿਟੀ ਵਾਲੀ ਫ਼ਿਲਮ' ਕਰਕੇ ਸਤਿਕਾਰਿਆ ਜਾਵੇਗਾ।'

### ਗੋਰਡੋਨ ਰਮਸੇਅ

ਗੋਰਡੋਨ ਰਮਸੇਅ ਦੁਨੀਆ ਦੇ ਮੰਨੇ-ਪ੍ਰਮੰਨੇ ਸ਼ੈਫ਼ਸ ਵਿੱਚੋਂ ਇੱਕ ਹਨ। ਉਨ੍ਹਾਂ ਦੇ ਪੰਜ ਬੱਚਿਆਂ ਨੇ ਆਪਣੇ ਪਿਤਾ ਦੀ ਜਾਇਦਾਦ ਦਾ ਆਨੰਦ ਘੱਟ ਹੀ ਲਿਆ ਹੈ। ਰਮਸੇਅ ਦੱਸਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਦੇ ਮਿਸ਼ਲਿਨ-ਸਟਾਰਡ ਰੈਸਟੋਰੈਂਟਸ 'ਤੇ ਬਹੁਤ ਘੱਟ ਵਾਰ ਖਾਣਾ ਖਾਧਾ ਹੈ। ਰਮਸੇਅ ਦੇ ਬੱਚੇ ਜਦੋਂ ਛੁੱਟੀਆਂ ਉੱਤੇ ਜਾਂਦੇ ਹਨ ਤਾਂ ਉਹ ਆਪਣੇ ਮਾਪਿਆਂ ਨਾਲ ਫਰਸਟ ਕਲਾਸ (ਜਹਾਜ਼ ਵਿੱਚ) ਵਿੱਚ ਨਹੀਂ ਬੈਠਦੇ। ਰਮਸੇਅ ਨੇ 2017 ਵਿੱਚ ਟੈਲੀਗ੍ਰਾਫ਼ ਨੂੰ ਕਿਹਾ ਸੀ, ''ਉਨ੍ਹਾਂ ਨੇ (ਫਰਸਟ ਕਲਾਸ ਲਈ) ਖਰਚ ਕਰਨ ਲਈ ਸਖ਼ਤ ਮਿਹਨਤ ਨਹੀਂ ਕੀਤੀ।'' ਗੋਰਡੋਨ ਰਮਸੇਅ ਦੀ ਜਾਇਦਾਦ ਲਗਭਗ 78 ਮਿਲੀਅਨ ਅਮਰੀਕੀ ਡਾਲਰ ਹੈ।

ਉਹ ਕਹਿੰਦੇ ਹਨ ਕਿ ਜਦੋਂ ਉਹ ਮਰ ਜਾਣਗੇ ਤਾਂ ਉਨ੍ਹਾਂ ਦੀ ਆਪਣੇ ਬੱਚਿਆਂ ਲਈ ਪੈਸੇ ਛੱਡਕੇ ਜਾਣ ਦੀ ਕੋਈ ਮਨਸ਼ਾ ਨਹੀਂ ਹੈ। ਇਹ ਦਲੀਲ ਦਿੰਦੇ ਹੋਏ ਕਿ ਉਹ ਉਨ੍ਹਾਂ ਨੂੰ ਵਿਗਾੜਨ ਤੋਂ ਬਚਣਾ ਚਾਹੁੰਦੇ ਹਨ। ਗੋਰਡੋਨ ਰਮਸੇਅ ਦੁਨੀਆ ਦੇ ਮੰਨੇ-ਪ੍ਰਮੰਨੇ ਸ਼ੈਫ਼ਸ ਵਿੱਚੋਂ ਇੱਕ ਹਨ। ਉਨ੍ਹਾਂ ਦੇ ਪੰਜ ਬੱਚਿਆਂ ਨੇ ਆਪਣੇ ਪਿਤਾ ਦੀ ਜਾਇਦਾਦ ਦਾ ਆਨੰਦ ਘੱਟ ਹੀ ਲਿਆ ਹੈ। ਰਮਸੇਅ ਦੱਸਦੇ ਹਨ ਕਿ ਉਨ੍ਹਾਂ ਦੇ ਬੱਚਿਆਂ ਨੇ ਉਨ੍ਹਾਂ ਦੇ ਮਿਸ਼ਲਿਨ-ਸਟਾਰਡ ਰੈਸਟੋਰੈਂਟਸ 'ਤੇ ਬਹੁਤ ਘੱਟ ਵਾਰ ਖਾਣਾ ਖਾਧਾ ਹੈ। ਰਮਸੇਅ ਦੇ ਬੱਚੇ ਜਦੋਂ ਛੁੱਟੀਆਂ ਉੱਤੇ ਜਾਂਦੇ ਹਨ ਤਾਂ ਉਹ ਆਪਣੇ ਮਾਪਿਆਂ ਨਾਲ ਫਰਸਟ ਕਲਾਸ (ਜਹਾਜ਼ ਵਿੱਚ) ਵਿੱਚ ਨਹੀਂ ਬੈਠਦੇ।

ਰਮਸੇਅ ਨੇ 2017 ਵਿੱਚ ਟੈਲੀਗ੍ਰਾਫ਼ ਨੂੰ ਕਿਹਾ ਸੀ, ''ਉਨ੍ਹਾਂ ਨੇ (ਫਰਸਟ ਕਲਾਸ ਲਈ) ਖਰਚ ਕਰਨ ਲਈ ਸਖ਼ਤ ਮਿਹਨਤ ਨਹੀਂ ਕੀਤੀ।'' ਗੋਰਡੋਨ ਰਮਸੇਅ ਦੀ ਜਾਇਦਾਦ ਲਗਭਗ 78 ਮਿਲੀਅਨ ਅਮਰੀਕੀ ਡਾਲਰ ਹੈ। ਉਹ ਕਹਿੰਦੇ ਹਨ ਕਿ ਜਦੋਂ ਉਹ ਮਰ ਜਾਣਗੇ ਤਾਂ ਉਨ੍ਹਾਂ ਦੀ ਆਪਣੇ ਬੱਚਿਆਂ ਲਈ ਪੈਸੇ ਛੱਡਕੇ ਜਾਣ ਦੀ ਕੋਈ ਮਨਸ਼ਾ ਨਹੀਂ ਹੈ। ਇਹ ਦਲੀਲ ਦਿੰਦੇ ਹੋਏ ਕਿ ਉਹ ਉਨ੍ਹਾਂ ਨੂੰ ਵਿਗਾੜਨ ਤੋਂ ਬਚਣਾ ਚਾਹੁੰਦੇ ਹਨ। ਮੌਜੂਦਾ ਸਮੇਂ ਤੱਕ ਇਹ ਪ੍ਰਤੀਤ ਹੁੰਦਾ ਹੈ ਕਿ ਰਮਸੇਅ ਦੇ ਬੱਚਿਆਂ ਨੇ ਆਪਣੇ ਖ਼ੁਦ ਦੇ ਰਸਤੇ ਬਣਾਏ ਹਨ।

ਉਨ੍ਹਾਂ ਦੀ ਸਭ ਤੋਂ ਵੱਡੀ ਧੀ ਮੇਗਨ (24) ਨੇ ਯੂਨੀਵਰਸਿਟੀ ਵਿੱਚ ਮਨੋਵਿਗਿਆਨ ਦੀ ਪੜ੍ਹਾਈ ਕੀਤੀ, ਜਦੋਂ ਕਿ ਉਨ੍ਹਾਂ ਦੇ ਪੁੱਤਰ ਜੈਕ (23) ਰਾਇਲ ਮਰੀਨ ਵਿੱਚ ਸ਼ਾਮਲ ਹੋਏ। ਹਾਲਾਂਕਿ, ਉਨ੍ਹਾਂ ਦੀ 21 ਸਾਲਾ ਧੀ ਮਾਟਿਲਡਾ ਆਪਣੇ ਪਿਤਾ ਵਾਂਗ ਹੀ ਇੱਕ ਟੈਲੀਵਿਜ਼ਨ ਸ਼ਖਸੀਅਤ ਬਣ ਗਏ ਹਨ। ਉਹ ਆਪਣਾ ਖ਼ੁਦ ਦਾ ਕੁਕਿੰਗ ਸ਼ੋਅ ਮਾਟਿਲਡਾ ਐਂਡ ਰਮਸੇਅ ਬ੍ਰੰਚ ਬੱਚਿਆਂ ਦੇ ਟੀਵੀ ਚੈਨਲ ਸੀਬੀਬੀਸੀ ਉੱਤੇ ਹੋਸਟ ਕਰਦੇ ਹਨ। ਮਾਟਿਲਡਾ ਮਾਸਟਰ ਸ਼ੈਫ਼ ਜੂਨੀਅਰ ਵਿੱਚ ਦੇਖੇ ਗਏ ਸਨ। ਉਨ੍ਹਾਂ ਦੇ ਇੰਸਟਾਗ੍ਰਾਮ ਉੱਤੇ 10 ਲੱਖ ਤੋਂ ਵੀ ਵੱਧ ਫੌਲੋਅਰਜ਼ ਹਨ ਅਤੇ ਇੱਕ ਕਰੋੜ ਤੋਂ ਵੀ ਵੱਧ ਫੌਲੋਅਰਜ਼ ਟਿਕ ਟੌਕ ਉੱਤੇ ਹਨ। ਟਿਕ ਟੌਕ ਉੱਤੇ ਉਹ ਅਕਸਰ ਆਪਣੇ ਪਿਤਾ ਦੀਆਂ ਵੀਡੀਓਜ਼ ਸ਼ੇਅਰ ਕਰਦੇ ਰਹਿੰਦੇ ਹਨ, ਜਿਨ੍ਹਾਂ ਵਿੱਚੋਂ ਕੁਝ ਵਾਇਰਲ ਹਨ।

### ਸਟਿੰਗ

ਚਰਚਿਤ ਬਰਤਾਨਵੀ ਚਿਹਰਾ ਸਟਿੰਗ ਦੁਨੀਆ ਦੇ ਸਭ ਤੋਂ ਸਫ਼ਲ ਸੰਗੀਤਕਾਰਾਂ ਵਿੱਚ ਇੱਕੋ ਹਨ, ਇਨ੍ਹਾਂ ਦੀ ਕੁੱਲ ਜਾਇਦਾਦ ਲਗਭਗ 400 ਮਿਲੀਅਨ ਡਾਲਰ ਹੈ। ਪਰ ਸਟਿੰਗ ਕਹਿੰਦੇ ਹਨ ਕਿ ਜਦੋਂ ਉਹ ਜਾਣਗੇ (ਦੇਹਾਂਤ ਹੋਵ-ੇਗਾ) ਤਾਂ ਉਨ੍ਹਾਂ ਦੇ ਬੱਚਿਆਂ ਨੂੰ ਕੁਝ ਵੀ ਨਹੀਂ ਮਿਲੇਗਾ। ਛੇ ਬੱਚਿਆਂ ਦੇ ਪਿਤਾ ਸਟਿੰਗ ਨੇ 2014 ਵਿੱਚ ਡੇਲੀ ਮੇਲ ਨੂੰ ਕਿਹਾ ਸੀ, ''ਜੋ ਅਸੀਂ ਕਮ-ਾਉਂਦੇ ਹਾਂ, ਉਹ ਅਸੀਂ ਖ਼ਰਚਦੇ ਹਾਂ ਅਤੇ ਹੁਣ ਬਾਕੀ ਕੁਝ ਨਹੀਂ ਬਚਿਆ ਹੈ।'' ਉਹ ਅੱਗੇ ਕਹਿੰਦੇ ਹਨ, ''ਮੈਂ ਯਕੀਨੀ ਤੌਰ 'ਤੇ ਉਨ੍ਹਾਂ ਲਈ ਟਰੱਸਟ ਫੰਡਾਂ ਨੂੰ ਨਹੀਂ ਛੱਡਣਾ ਚਾਹੁੰਦਾ। ਉਨ੍ਹਾਂ ਨੂੰ ਕੰਮ ਕਰਨਾ ਪਵੇਗਾ।'' ਬੇਸ਼ੱਕ, ਇਸ ਗੱਲ ਨੇ ਸਟਿੰਗ ਦੇ ਬੱਚਿਆਂ ਨੂੰ ਸ਼ੋਅ ਬਿਜ਼ਨਸ (ਮਨੋਰੰਜਨ ਖ਼ੇਤਰ) ਵਿੱਚ ਸ਼ਾਨਦਾਰ ਕਰੀਅਰ ਬਣ-ਾਉਣ ਤੋਂ ਨਹੀਂ ਰੋਕਿਆ। ਉਨ੍ਹਾਂ ਦੀ ਧੀ ਮਿਕੀ ਸੁਮਨਰ ਇੱਕ ਅਦਾਕਾਰਾ ਹਨ ਜੋ ਨਿ-ਰਦੇਸ਼ਕ ਗ੍ਰੇਟਾ ਗੇਰਵਿਗ ਵੱਲੋਂ 2012 ਦੀ ਫ਼ਿਲਮ 'ਫਰਾਂਸਿਸ ਹਾ' ਵਿੱਚ ਦਿਖਾਈ ਦਿੱਤੇ ਸਨ। ਸਟਿੰਗ ਦੇ ਦੋ ਹਰ ਪੁੱਤਰ ਈਲੀਓਟ ਅਤੇ ਜੋਅ ਸੰਗੀਤਕਾਰ ਹਨ। ਸਟਿੰਗ ਨੇ ਆਪਣੇ ਮਾਈ ਸੌਂਗਜ਼ ਵਰਲਡ ਟੂਰ 2022 ਵਿੱਚ ਪੁੱਤਰ ਜੋਅ ਨੂੰ ਸ਼ੁਰੂਆਤੀ ਪੇਸ਼ਕਾਰੀ ਵਿੱਚ ਸਟੇਜ ਉੱਤੇ ਚੜ੍ਹਾਇਆ ਸੀ।

### ਵਾਰਨ ਬਫੇਟ

ਇੰਝ ਲਗਦਾ ਹੈ ਕਿ ਵਿਰਾਸਤ ਨੂੰ ਬੱਚਿਆਂ ਨਾਲ ਸਾਂਝਾ ਨਾ ਕਰਨ ਬਾਬਤ ਹਸਤੀਆਂ ਨੇ ਇਹ ਫ਼ੈਸਲਾ ਵਾਰਨ ਬਫੇਟ ਦੀ ਕਿਤਾਬ ਤੋਂ ਲਿਆ ਹੈ। ਅਮਰੀਕੀ ਅਰਬਪਤੀ ਅਤੇ ਨਾਮੀ ਕਾਰੋਬਾਰੀ ਵਾਰਨ ਬਫੇਟ ਨੇ ਕਿਹਾ ਸੀ ਕਿ ਉਹ ਆਪਣੀ ਜਾਇਦਾਦ ਦਾ 99 ਫੀਸਦ ਦੇਣ ਦਾ ਇਰਾਦਾ ਰੱਖਦੇ ਹਨ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਬਹੁਤਾ ਨਹੀਂ ਮਿਲੇਗਾ। ਬਫੇਟ ਨੇ 2021 ਵਿੱਚ ਲਿਖਿਆ, ''ਬਹੁਤ ਸਾਰੇ ਸੁਪਰ-ਅਮੀਰ ਪਰਿਵਾਰਾਂ ਨੂੰ ਕੋਖਣ ਤੋਂ ਬਾਅਦ ਮੇਰਾ ਕਹਿਣਾ ਇਹ ਹੈ ਕਿ ਬੱਚਿਆਂ ਨੂੰ ਇੰਨਾ ਚਿਰ ਛੱਡ ਦਿਓ ਕਿ ਉਹ ਕੁਝ ਵੀ ਕਰ ਸਕਦੇ ਹੋਣ, ਪਰ ਇੰਨਾ ਸਮਾਂ ਵੀ ਨਹੀਂ ਕਿ ਉਹ ਕੁਝ ਨਾ ਕਰ ਸਕਣ।'' ਵਾਰਨ ਬਫੇਟ ਦੇ ਸਾਰੇ ਬਾਲਗ ਬੱਚਿਆਂ ਨੇ ਪਰਉਪਕਾਰ ਅਤੇ ਸੰਗੀਤ ਤੋਂ ਲੈ ਕੇ ਸਿਆਸਤ ਅਤੇ ਵਾਤਾਵਰਣ ਸੰਭਾਲ ਤੱਕ ਕਰੀਅਰ ਅਜ਼ਮਾਏ ਹਨ।

# ਦੁਰਲੱਭ ਹੋਈ ਇਮਾਨਦਾਰੀ, ਲਾਲਚੀ ਤੇ ਕਪਟੀ ਹੋ ਗਈ ਦੁਨੀਆ ਸਾਰੀ

**ਸਿਮਰਜੀਤ ਸਿੰਮੀ**

ਇਮਾਨਦਾਰੀ ਚੰਗੀ ਨੀਤੀ ਹੈ। ਪਹਿਲਾਂ ਬੱਚਿਆਂ ਨੂੰ ਇਮਾਨਦਾਰੀ ਬਾਰੇ ਸਮਝਾਉਣ ਲਈ ਲੱਕੜਹਾਰੇ ਦੀ ਕਹਾਣੀ ਸੁਣਾਈ ਜਾਂਦੀ ਸੀ ਕਿ ਉਹ ਕਿਸ ਤਰ੍ਹਾਂ ਜੰਗਲ ਵਿਚ ਲੱਕੜਾਂ ਕੱਟਣ ਜਾਇਆ ਕਰਦਾ ਸੀ। ਲੱਕੜਾਂ ਕੱਟਦੇ ਸਮੇਂ ਉਸ ਦੀ ਕੁਹਾੜੀ ਹੱਥ ਵਿੱਚੋਂ ਤਿਲਕ ਕੇ ਨਦੀ ਵਿਚ ਡਿੱਗ ਪਈ। ਆਪਣੇ ਰੁਜ਼ਗਾਰ ਦਾ ਸੋਮਾ ਚਲੇ ਜਾਣ ਬਾਰੇ ਸੋਚ ਕੇ ਰੋਣ ਲੱਗ ਪਿਆ। ਬੱਚਿਆਂ ਨੂੰ ਇਮਾਨਦਾਰੀ ਬਾਰੇ ਸਮਝਾਉਣ ਲਈ ਦ੍ਰਿਸ਼ਟਾਂਤ ਦਿੱਤਾ ਜਾਂਦਾ ਸੀ ਕਿ ਕਿਸ ਤਰ੍ਹਾਂ ਫਿਰ ਉਸ ਨਦੀ ਵਿੱਚੋਂ ਇਕ ਦੇਵਤਾ ਪਰਗਟ ਹੋਇਆ ਤੇ ਉਸ ਨੇ ਸਭ ਤੋਂ ਪਹਿਲਾਂ ਲੱਕੜਹਾਰੇ ਲਈ ਸੋਨੇ ਦੀ ਕੁਹਾੜੀ ਲਿਆਂਦੀ? ਲੱਕੜਹਾਰੇ ਨੇ ਕਿਹਾ ਕਿ ਇਹ ਉਸ ਦੀ ਕੁਹਾੜੀ ਨਹੀਂ। ਫਿਰ ਉਸ ਦੁਆਰਾ ਚੁੱਭੀ ਮਾਰ ਕੇ ਦੁਬਾਰਾ ਨਦੀ ਵਿੱਚੋਂ ਚਾਂਦੀ ਦੀ ਕੁਹਾੜੀ ਲਿਆਂਦੀ ਗਈ ਜਿਸ ਨੂੰ ਲੈਣ ਤੋਂ ਲੱਕੜਹਾਰੇ ਨੇ ਫਿਰ ਨਾਂਹ ਕਰ ਦਿੱਤੀ। ਤੀਜੀ ਚੁੱਭੀ ਮਾਰ ਕੇ ਦੇਵਤੇ ਨੇ ਲੱਕੜਹਾਰੇ ਦੀ ਲੋਹੇ ਦੀ ਕੁਹਾੜੀ ਕੱਢ ਲਿਆਂਦੀ ਅਤੇ ਉਸ ਨੂੰ ਪੁੱਛਿਆ ਕਿ ਕੀ ਇਹ ਕੁਹਾੜੀ ਤੇਰੀ ਹੈ?' ਲੱਕੜਹਾਰੇ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਸੀ। ਉਹ ਬਹੁਤ ਖ਼ੁਸ਼ ਹੋ ਕੇ ਕਹਿੰਦਾ ਕਿ 'ਹਾਂਜੀ'। ਉਸ ਦੀ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਉਸ ਦੇਵਤੇ ਨੇ ਉਸ ਨੂੰ ਤਿੰਨੇ ਹੀ ਕੁਹਾੜੀਆਂ ਭਾਵ ਸੋਨੇ, ਚਾਂਦੀ ਅਤੇ ਲੋਹੇ ਦੀਆਂ ਉਸ ਨੂੰ ਦੇ ਦਿੱਤੀਆਂ।

ਕਹਾਣੀ ਨੂੰ ਅੱਗੇ ਵੀ ਦੱਸਿਆ ਜਾਂਦਾ ਹੈ ਕਿ ਉਸ ਲੱਕੜਹਾਰੇ ਦਾ ਇਕ ਦੋਸਤ ਆਪਣੀ ਪਤਨੀ ਨੂੰ ਉਹ ਥਾਂ ਦਿਖਾਉਣ ਚਲਾ ਗਿਆ ਜਿੱਥੇ ਲੱਕੜਹਾਰਾ ਲੱਕੜਾਂ ਕੱਟਦਾ ਸੀ ਅਤੇ ਉਸ ਨੂੰ ਇਮਾਨਦਾਰੀ ਵਜੋਂ ਸੋਨੇ-ਚਾਂਦੀ ਦੀਆਂ ਕੁਹਾੜੀਆਂ ਮਿਲੀਆਂ ਸਨ। ਜਦੋਂ ਉਹ ਦੋਵੇਂ ਉਹ ਥਾਂ ਵੇਖ ਰਹੇ ਸਨ ਤਾਂ ਉਸ ਦੀ ਪਤਨੀ ਦਾ ਪੈਰ ਤਿਲਕ ਗਿਆ ਤੇ ਉਹ ਧੜੱਮ ਕਰ ਕੇ ਨਦੀ ਵਿਚ ਡਿੱਗ ਪਈ। ਉਸ ਬੰਦੇ ਨੂੰ ਕੁਝ ਸੁੱਝ ਨਹੀਂ ਰਿਹਾ ਸੀ। ਉਹ ਉੱਚੀ-ਉੱਚੀ ਹਾਲ-ਦੁਹਾਈ ਪਾਉਣ ਲੱਗਿਆ। ਐਨਾ ਸ਼ੋਰ ਸੁਣ ਕੇ ਨਦੀ ਦਾ ਦੇਵਤਾ ਨਦੀ ਵਿੱਚੋਂ ਪ੍ਰਗਟ ਹੋਇਆ ਅਤੇ ਉਸ ਨੂੰ ਉਸ ਦੇ ਪਰੇਸ਼ਾਨ ਹੋਣ ਦਾ ਕਾਰਨ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਸ ਦੀ ਪਤਨੀ ਦਾ ਪੈਰ ਤਿਲਕ ਜਾਣ ਕਾਰਨ ਉਹ ਨਦੀ ਵਿਚ ਡਿੱਗ ਪਈ ਹੈ। ਉਸ ਦੀ ਪਰੇਸ਼ਾਨੀ ਦੂਰ ਕਰਨ ਲਈ ਨਦੀ ਦੇ ਦੇਵਤੇ ਨੇ ਨਦੀ ਵਿਚ ਚੁੱਭੀ ਮਾਰੀ ਤੇ ਬਹੁਤ ਸੋਹਣੀ ਔਰਤ ਕੱਢ ਲਿਆਂਦੀ। ਜਦੋਂ ਉਸ ਨੇ ਆਦਮੀ ਨੂੰ ਪੁੱਛਿਆ ਕਿ ਕੀ ਇਹ ਤੇਰੀ ਪਤਨੀ ਹੈ? ਤਾਂ ਆਦਮੀ ਨੇ ਝੱਟ ਕਿਹਾ 'ਹਾਂ ਜੀ'। ਤਾਂ ਦੇਵਤੇ ਨੇ ਕਿਹਾ ਕਿ ਵੇਖੀ ਤੇਰੀ ਇਮਾਨਦਾਰੀ। ਤੂੰ ਸੋਹਣੀ ਔਰਤ ਵੇਖ ਕੇ ਝੱਟ ਮੰਨ ਗਿਆ। ਤਾਂ ਉਸ ਨੇ ਕਿਹਾ ਕਿ ਮੈਂ ਵੀ ਲੱਕੜਹਾਰੇ ਵਾਂਗ ਬਹੁਤ ਇਮਾਨਦਾਰ ਹਾਂ ਪਰ ਮੈਨੂੰ ਤੁਹਾਡੇ ਬਾਰੇ ਵੀ ਪਤਾ ਹੈ ਕਿ ਤੁਸੀਂ ਪਹਿਲਾਂ ਇੰਨੀ ਸੋਹਣੀ ਔਰਤ ਲੈ ਕੇ ਆਏ ਹੋ। ਫਿਰ ਇਸ ਤੋਂ ਥੋੜ੍ਹੀ ਜਿਹੀ ਘੱਟ ਸੋਹਣੀ ਲੈ ਕੇ ਆਵੋਗੇ ਤੇ ਫਿਰ ਮੇਰੇ ਵਾਲੀ। ਜਦੋਂ ਮੈਂ ਆਪਣੇ ਵਾਲੀ ਨੂੰ ਵੇਖ ਕੇ ਹਾਂ ਕਰ ਦੇਵਾਂਗਾ ਤਾਂ ਤੁਸੀਂ ਖ਼ੁਸ਼ ਹੋ ਕੇ ਮੈਨੂੰ ਤਿੰਨੋਂ ਦੇ ਦੇਵੋਗੇ। ਤੁਸੀਂ ਆਪ ਦੱਸੋ ਕਿ ਇੰਨੀ ਮਹਿੰਗਾਈ ਦੇ ਸਮੇਂ ਵਿਚ ਇਕ ਔਰਤ ਦੇ ਸ਼ੌਕ ਪੂਰੇ ਕਰਨੇ ਔਖੇ ਹਨ ਤੇ ਤਿੰਨ- ਤਿੰਨ ਔਰਤਾਂ...। ਨਦੀ ਦੇ ਦੇਵਤੇ ਨੇ ਉਸ ਦੀ ਇਮਾਨਦਾਰੀ ਤੋਂ ਖ਼ੁਸ਼ ਹੋ ਕੇ ਉਸ ਨੂੰ ਉਸ ਦੀ ਘਰਵਾਲੀ ਨਾਲ ਹੀ ਤੋਰ ਦਿੱਤਾ।

ਹੁਣ ਅਸੀਂ ਇੱਕੀਵੀਂ ਸਦੀ ਦੇ ਅਜਿਹੇ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਜਿਸ ਵਿਚ ਲੱਗਦਾ ਹੈ ਕਿ ਕੋਈ ਕਿਸੇ ਦਾ ਸਕਾ ਨਹੀਂ ਹੈ। ਦੁੱਖ-ਸੁੱਖ ਦੀਆਂ ਸਾਂਝਾਂ ਵੀ ਪੂਰੀ ਤਰ੍ਹਾਂ ਖ਼ਤਮ ਹੋ ਰਹੀਆਂ ਹਨ। ਭਾਈਚਾਰਕ ਸਾਂਝ ਖ਼ਤਮ ਹੋਣਾ ਵੀ ਬੱਚਿਆਂ ਦੇ ਵਿਦੇਸ਼ੀ ਧਰਤੀ 'ਤੇ ਜਾਣ ਨੂੰ ਤਰਜੀਹ ਦੇਣ ਦਾ ਇਕ ਕਾਰਨ ਹੈ। ਅਸੀਂ ਉਸ ਬੁਰੇ ਦੌਰ 'ਚੋਂ ਗੁਜ਼ਰ ਰਹੇ ਹਾਂ ਜਿੱਥੇ ਹਰ ਰੋਜ਼ ਅਜਿਹੀਆਂ ਘਟਨਾਵਾਂ ਹੋ ਰਹੀਆਂ ਹਨ ਜਿਨ੍ਹਾਂ ਨੂੰ ਵੇਖ ਕੇ ਲੱਗਦਾ ਹੈ ਕਿ ਖ਼ੂਨ ਪੂਰੀ ਤਰ੍ਹਾਂ ਸਫ਼ੇਦ ਹੋ ਚੁੱਕਾ ਹੈ। ਤੁਸੀਂ ਕਿਤੇ ਜਾ ਰਹੇ ਹੋ ਤਾਂ ਕਦੋਂ ਕੋਈ ਤੁਹਾਡਾ ਫੋਨ, ਤੁਹਾਡੀਆਂ ਵਾਲੀਆਂ ਅਤੇ ਕਦੋਂ ਕੋਈ ਚੇਨੀ ਖੋਹ ਕੇ ਲੈ ਜਾਵੇਗਾ, ਪਤਾ ਵੀ ਨਹੀਂ ਲੱਗਦਾ। ਭਾਵ ਤੁਸੀਂ ਕੋਈ ਵੀ ਸੋਨੇ ਦਾ ਗਹਿਣਾ ਸ਼ੌਕ ਨਾਲ ਪਹਿਨ ਨਹੀਂ ਸਕਦੇ। ਪਹਿਲਾਂ-ਪਹਿਲ ਇਹ ਘਟਨਾਵਾਂ ਸੁਣ ਕੇ ਦਿਲ ਦਹਿਲ ਜਾਂਦਾ ਸੀ ਪਰ ਹੁਣ ਇਹ ਇਕ ਆਮ ਜਿਹਾ ਵਰਤਾਰਾ ਲੱਗਦਾ ਹੈ। ਹੁਣ ਹੈਰਾਨੀ ਨਹੀਂ ਹੁੰਦੀ ਸਗੋਂ ਸੋਚੀਦਾ ਕਿ ਚਲੋ, ਜਾਨ ਬੱਚ ਗਈ। 'ਜਾਨ ਬਚੀ ਤੋ ਲਾਖੋਂ ਪਾਏ।'

ਪਹਿਲਾਂ ਲੋਕ ਕਈ-ਕਈ ਦਿਨ ਆਪਣੇ ਰਿਸ਼ਤੇਦਾਰਾਂ ਦੇ ਘਰ ਪ੍ਰੋਗਰਾਮਾਂ 'ਤੇ ਜਾ ਆਉਂਦੇ ਸਨ ਅਤੇ ਆਪਣੇ ਬੱਚਿਆਂ ਨੂੰ ਆਂਢ-ਗੁਆਂਢ ਹੀ ਛੱਡ ਜਾਂਦੇ ਅਤੇ ਬੇਫ਼ਿਕਰੇ ਵੀ ਹੁੰਦੇ ਸਨ। ਹੁਣ ਅਜਿਹਾ ਕੋਈ ਸੋਚ ਵੀ ਨਹੀਂ ਸਕਦਾ। ਹੁਣ ਤਾਂ ਗੁਆਂਢੀ ਹੀ ਗੁਆਂਢੀ ਦਾ ਕਤਲ ਕਰ ਰਿਹਾ ਹੈ। ਧੀਆਂ-ਭੈਣਾਂ ਵਾਲੇ ਲੋਕ ਕਿਸੇ ਵੀ ਐਰੇ-ਗੈਰੇ 'ਤੇ ਯਕੀਨ ਨਹੀਂ ਕਰ ਸਕਦੇ। ਸਮੇਂ ਨੇ ਅਜਿਹੀ ਕਰਵਟ ਲਈ ਹੈ ਕਿ ਆਪਣੀ ਪਸੰਦ ਨਾਲ ਕੀਤੇ ਵਿਆਹ ਵੀ ਕੁਝ ਚਿਰ ਮਗਰੋਂ ਹੀ ਟੁੱਟਣ ਲੱਗਦੇ ਹਨ। ਕੁਝ ਅਰਸਾ ਗੁਜ਼ਰਨ ਮਗਰੋਂ ਹੀ ਤੁਹਾਡਾ ਉਹ ਪਿਆਰ ਇੰਨੀ ਨਫ਼ਰਤ ਵਿਚ ਬਦਲ ਜਾਂਦਾ ਹੈ ਕਿ ਇਨਸਾਨ ਆਪਣੇ ਜੀਵਨ ਸਾਥੀ ਨੂੰ ਮਾਰਨ ਅਤੇ ਉਸ ਦੀ ਲਾਸ਼ ਦੇ 35 ਟੁਕੜੇ ਕਰਨ ਲੱਗਿਆਂ ਵੀ ਗੁਰੇਜ਼ ਨਹੀਂ ਕਰਦਾ।

ਜਿਵੇਂ ਕਹਿੰਦੇ ਹਨ ਕਿ ਇਕ ਵਾਰ ਇਕ ਅਮਲੀ ਮੇਲਾ ਵੇਖਣ ਗਿਆ। ਮੇਲੇ ਵਿਚ ਠੰਢ ਹੋਣ ਕਾਰਨ ਆਪਣਾ ਭੂਰਾ (ਕੰਬਲ) ਨਾਲ ਲੈ ਕੇ ਗਿਆ। ਅਚਾਨਕ ਉਸ ਦੇ ਭੂਰੇ 'ਤੇ ਕਿਸੇ ਤੋਂ ਪਾਣੀ ਡੁੱਲ੍ਹ ਗਿਆ। ਉਸ ਨੇ ਉਸ ਨੂੰ ਸੁੱਕਣ ਲਈ ਝਾੜੀਆਂ 'ਤੇ ਪਾ ਦਿੱਤਾ ਅਤੇ ਆਪ ਮੇਲਾ ਵੇਖਣ ਲੱਗ ਪਿਆ। ਜਦੋਂ ਉਸ ਦਾ ਘਰ ਜਾਣ ਦਾ ਸਮਾਂ ਆਇਆ ਤਾਂ ਉਹ ਆਪਣਾ ਭੂਰਾ ਚੁੱਕਣ ਗਿਆ ਤਾਂ ਉਹ ਉੱਥੇ ਨਹੀਂ ਸੀ। ਉਸ ਨੂੰ ਇਸ ਗੱਲ ਦਾ ਬਹੁਤ ਦੁੱਖ ਹੋਇਆ। ਉਹ ਬੁਝੇ ਮਨ ਨਾਲ ਘਰੇ ਵਾਪਸ ਆ ਗਿਆ। ਉਸ ਦੇ ਦੋਸਤਾਂ ਨੇ ਜਦੋਂ ਉਸ ਨੂੰ ਪੁੱਛਿਆ ਕਿ ਮੇਲਾ ਕਿਵੇਂ ਲੱਗਿਆ? ਤਾਂ ਉਸ ਨੇ ਕਿਹਾ ਕੇ ਕਿ ਲੋਕ ਮੇਲਾ ਦੇਖਣ ਥੋੜ੍ਹੀ ਆਏ ਸਨ, ਉਹ ਤਾਂ ਤਾਂ ਝਾੜੀ ਤੋਂ ਭੂਰਾ ਲਾਹੁੰਦੇ ਫਿਰਦੇ ਹਨ। ਹੁਣ ਉਸ ਅਮਲੀ ਦੀ ਗੱਲ ਸੱਚੀ ਲੱਗਦੀ ਹੈ। ਲੋਕੀਂ ਸੱਚੀਂ ਝਾੜ ਤੋਂ ਭੂਰੇ ਲਾਹੁਣ ਦੇ ਰਾਹ ਪਏ ਹੋਏ ਹਨ।

ਕਈ ਵਾਰ ਤਾਂ ਦਿਹਾੜੀਦਾਰ ਲੋਕ ਭਾਵ ਸਬਜ਼ੀਆਂ-ਭਾਜੀਆਂ ਵਾਲੇ ਜਦੋਂ ਸ਼ਾਮ ਨੂੰ ਆਪਣੀ ਮਿਹਨਤ-ਮਜ਼ਦੂਰੀ ਕਰ ਕੇ ਘਰ ਮੁੜਦੇ ਹਨ ਤਾਂ ਉਨ੍ਹਾਂ ਨੂੰ ਲੱਗਦਾ ਹੈ ਕਿ ਪਤਾ ਨਹੀਂ ਕਦੋਂ ਸਾਨੂੰ ਕਿਸੇ ਨੇ ਰਾਹ ਵਿਚ ਲੁੱਟ ਲੈਣਾ ਹੈ। ਪਿਛਲੇ ਦਿਨੀਂ ਇਕ ਪਰਵਾਸੀ ਮਜ਼ਦੂਰ ਜੋ ਹਰਿਦੁਆਰ ਤੋਂ ਪੰਜਾਬ ਸਿਰਫ਼ ਡਾਕਟਰ ਭਗਵੰਤ ਸਿੰਘ ਤੋਂ ਆਪਣਾ 11 ਸਾਲ ਪਹਿਲਾਂ ਆਪ੍ਰੇਸ਼ਨ ਕਰਾਏ ਦੇ ਰੁਪਏ ਦੇਣ ਆਇਆ ਤਾਂ ਡਾਕਟਰ ਵੀ ਦੇਖ ਕੇ ਦੰਗ ਰਹਿ ਗਿਆ ਕਿਉਂਕਿ ਉਹ ਤਾਂ ਉਸ ਦੇ ਕੀਤੇ ਆਪ੍ਰੇਸ਼ਨ ਅਤੇ ਨਾ ਦਿੱਤੇ ਰੁਪਇਆਂ ਬਾਰੇ ਪੂਰੀ ਤਰ੍ਹਾਂ ਭੁੱਲ-ਭੁਲਾ ਚੁੱਕਾ ਸੀ। ਡਾਕਟਰ ਉਸ ਦੀ ਇਮਾਨਦਾਰੀ ਦੇਖ ਕੇ ਉਸ ਦਾ ਕਾਇਲ ਹੋ ਗਿਆ।

ਲੋੜ ਹੈ ਅਜਿਹੇ ਇਨਸਾਨਾਂ ਬਾਰੇ ਅੱਜ ਦੇ ਬੱਚਿਆਂ ਨੂੰ ਜਾਣੂ ਕਰਾਉਣ ਦੀ। ਉਨ੍ਹਾਂ ਨੂੰ ਦੱਸਣਾ ਚਾਹੀਦਾ ਹੈ ਕਿ ਉਹ ਕਿੰਨਾ ਸੰਸਕਾਰੀ ਹੈ।

ਅਜਿਹਾ ਕਰਨਾ ਇਸ ਲਈ ਵੀ ਜ਼ਰੂਰੀ ਹੈ ਕਿਉਂਕਿ ਹੁਣ ਦੇ ਬੱਚੇ ਸਾਰਾ ਦਿਨ ਮੋਬਾਈਲ ਫੋਨਾਂ ਵਿਚ ਖੁੱਭੇ ਰਹਿੰਦੇ ਹਨ। ਇਸ ਲਈ ਉਨ੍ਹਾਂ ਨੂੰ ਨੈਤਿਕ ਕਦਰਾਂ-ਕੀਮਤਾਂ ਦੀ ਘਾਟ ਬਾਰੇ ਦੱਸਣਾ ਚਾਹੀਦਾ ਹੈ ਕਿ ਇਮਾਨਦਾਰ ਲੋਕ ਆਰਾਮ ਦੀ ਨੀਂਦਰ ਸੌਂਦੇ ਹਨ ਤੇ ਉਨ੍ਹਾਂ ਦੀ ਰੂਹ ਹਮੇਸ਼ਾ ਖ਼ੁਸ਼ੀ ਨਾਲ ਰੋਮਾਂਚਿਤ ਰਹਿੰਦੀ ਹੈ।

# ਭਾਰਤੀ ਮੂਲ ਦੇ ਰੰਜ ਪਿੱਲੈ ਬਣੇ ਕੈਨੇਡਾ 'ਚ ਪ੍ਰੀਮੀਅਰ

ਵ੍ਹਾਈਟ ਹੌਰਸ (ਯੂਕੌਨ)- ਭਾਰਤੀ ਮੂਲ ਦੇ ਰੰਜ ਪਿੱਲੈ ਕੈਨੇਡਾ ਦੇ ਕੇਂਦਰ ਸ਼ਾਸਤ ਪ੍ਰਦੇਸ਼ ਯੂਕੌਨ ਦੇ ਪ੍ਰੀਮੀਅਰ ਨਿਯੁਕਤ ਕੀਤੇ ਗਏ ਹਨ। ਇੰਝ ਉਹ ਇਸ ਵੱਕਾਰੀ ਅਹੁਦੇ 'ਤੇ ਪੁੱਜਣ ਵਾਲੇ ਭਾਰਤੀ ਮੂਲ ਦੇ ਦੂਜੇ ਵਿਅਕਤੀ ਬਣ ਗਏ ਹਨ। ਇਸ ਤੋਂ ਪਹਿਲਾਂ ਉੱਜਲ ਦੁਸਾਂਝ 2000-2001 'ਚ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਪ੍ਰੀਮੀਅਰ ਬਣੇ ਸਨ। ਕੈਨੇਡਾ 'ਚ ਮੁੱਖ ਮੰਤਰੀ ਨੂੰ 'ਪ੍ਰੀਮੀਅਰ' ਆਖਿਆ ਜਾਂਦਾ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਰੰਜ ਪਿੱਲੈ ਨੂੰ ਮੁਬਾਰਕਬਾਦ ਦਿੱਤੀ ਹੈ। ਰੰਜ ਪਿੱਲੈ ਨੂੰ ਸਨਿੱਚਰਵਾਰ ਨੂੰ ਯੂਕੌਨ ਦੀ ਰਾਜਧਾਨੀ ਵ੍ਹਾਈਟ ਹੌਰਸ 'ਚ ਇਸ ਕੇਂਦਰੀ ਸ਼ਾਸਤ ਪ੍ਰਦੇਸ਼ ਦੇ ਪ੍ਰਸ਼ਾਸਕ ਏਡਲੀਨ ਵੈਬਰ ਨੇ ਸਹੁੰ ਚੁਕਾਈ। ਇੱਥੇ ਵਰਨਣਯੋਗ ਹੈ ਕਿ ਰੰਜ ਪਿੱਲੈ ਦੇ ਪੁਰਖੇ ਭਾਰਤੀ ਸੂਬੇ ਕੇਰਲ ਨਾਲ ਸਬੰਧਤ ਸਨ। ਉਨ੍ਹਾਂ ਕੋਲ ਐਗਜ਼ੀਕਿਊਟਿਵ ਕੌਂਸਲ ਆਫ਼ਿਸ,ਯੂਕੌਨ ਹਾਊਸਿੰਗ ਕਾਰਪੋਰੇਸ਼ਨ ਤੇ ਆਰਥਿਕ ਵਿਕਾਸ ਮੰਤਾ-ਲਿਆਂ ਦੇ ਵੀ ਵਾਧੂ ਚਾਰਜ ਰਹਿਣਗੇ। ਉਨ੍ਹਾਂ ਨਾਲ ਛੇ ਹੋਰ ਕੈਬਿਨੇਟ ਮੰਤਰੀਆਂ ਨੂੰ ਵੀ ਸਹੁੰ ਚੁਕਾਈ ਗਈ। ਹਲਫ਼ ਲੈਣ ਤੋਂ ਬਾਅਦ ਉਨ੍ਹਾਂ ਯੂਕੌਨ ਸਰਕਾਰ ਵੱਲੋਂ ਬਿਆਨ ਜਾਰੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਪ੍ਰੀਮੀਅਰ ਵਜੋਂ ਇਸ ਖੇਤਰ ਦੀ ਜਨਤਾ ਦੀ ਸੇਵਾ ਕਰਨ ਦਾ ਮੌਕਾ ਮਿਲੇਗਾ। ਉਨ੍ਹਾਂ ਕਿਹਾ ਕਿ ਉਹ ਲੋਕਾਂ ਦੇ ਜੀਵਨਾਂ 'ਚ ਸੁਧਾਰ ਲਿਆਉਣ ਲਈ ਪ੍ਰਤੀਬੱਧ ਹਨ। 'ਯੂਕੌਨ ਦੀ ਅਰਥ-ਵਿਵਸਥਾ ਦੇਸ਼ 'ਚ ਸਭ ਤੋਂ ਮਜ਼ਬੂਤ ਹੈ।'



ਇਸ ਤੋਂ ਪਹਿਲਾਂ ਰੰਜ ਪਿੱਲੈ ਨੂੰ ਸਰਬਸੰਮਤੀ ਨਾਲ ਯੂਕੌਨ ਲਿਬਰਲ ਪਾਰਟੀ ਦਾ ਨਵਾਂ ਨੇਤਾ ਚੁਣ ਲਿਆ ਗਿਆ ਸੀ। ਉਸ ਤੋਂ ਬਾਅਦ ਉਹ ਯੂਕੌਨ ਦੇ ਕਮਿਸ਼ਨਰ ਐਂਜਲਿਕ ਬਰਨਾਰਡ ਨੂੰ ਵੀ ਮਿਲੇ ਸਨ ਤੇ ਉਨ੍ਹਾਂ ਸਾਹਵੇਂ ਇਸ ਕੇਂਦਰ ਸ਼ਾਸਤ ਪ੍ਰਦੇਸ਼ ਦੇ 10ਵੇਂ ਪ੍ਰੀਮੀਅਰ ਵਜੋ਼ ਸੇਵਾ ਕਰਨ ਦੀ ਇੱਛਾ ਪ੍ਰਗਟ ਕੀਤੀ ਸੀ।

ਰੰਜ ਪਿੱਲੈ ਦਾ ਜਨਮ ਕੈਨੇਡਾ ਦੇ ਸੂਬੇ ਨੋਵਾ ਸਕੌਸ਼ੀਆ 'ਚ ਹੋਇਆ ਸੀ ਪਰ ਉਹ ਪਿਛਲੇ ਲੰਮੇ ਸਮੇਂ ਤੋਂ ਯੂਕੌਨ 'ਚ ਹੀ ਸੈਟਲ ਹਨ। ਨਵੰਬਰ 2016 'ਚ ਉਹ ਪਹਿਲੀ ਵਾਰ ਪੋਰਟਰ ਕ੍ਰੀਕ ਸਾਊਥ ਹਲਕੇ ਤੋਂ ਵਿਧਾਇਕ ਚੁਣੇ ਗਏ ਸਨ ਤੇ ਤਦ ਉਨ੍ਹਾਂ ਨੂੰ ਡਿਪਟੀ ਪ੍ਰੀਮੀਅਰ ਦਾ ਅਹੁਦਾ ਵੀ ਮਿਲਿਆ ਸੀ ਤੇ ਊਰਜਾ ਮੰਤਰਾਲੇ ਦਾ ਉਨ੍ਹਾਂ ਕੋਲ ਵਾਧੂ ਚਾਰਜ ਵੀ ਸੀ। ਅਪ੍ਰੈਲ 2021 'ਚ ਉਹ ਦੋਬਾਰਾ ਵਿਧਾਇਕ ਬਣੇ ਸਨ। ਉਨ੍ਹਾਂ ਹੁਣ ਸੈਂਡੀ ਸਿਲਵਰ ਦੀ ਥਾਂ ਪ੍ਰੀਮੀਅਰ ਦਾ ਅਹੁਦਾ ਸੰਭਾਲਿਆ ਹੈ, ਜੋ 2012 ਤੋ ਇਸ ਅਹੁਦੇ 'ਤੇ ਤਾਇਨਾਤ ਸਨ।

# ਪੰਜਾਬ ਵਿਚ ਪ੍ਰਵਾਸੀ ਭਾਰਤੀਆਂ ਨੂੰ ਨਿਸ਼ਾਨਾ ਬਣਾ ਰਹੇ ਨੇ ਬਦਮਾਸ਼

ਜਗਰਾਓਂ- ਐਤਵਾਰ ਦੇਰ ਰਾਤ ਹਾਂਗਕਾਂਗ ਤੋਂ ਆਏ ਐੱਨਆਰਆਈ ਨੂੰ ਉਸ ਦੇ ਹੀ ਪੁਰਾਣੇ ਦੋਸਤਾਂ ਵੱਲੋਂ ਹੁਣ ਖੁਦ ਨੂੰ ਗੈਂਗਸਟਰ ਦੱਸਦਿਆਂ 20 ਲੱਖ ਰੁਪਏ ਦੀ ਮੰਗੀ ਫਿਰੌਤੀ ਨਾ ਦੇਣ 'ਤੇ ਪੁਲਿਸ ਦੀ ਹਾਜ਼ਰੀ 'ਚ ਫਾਇਰਿੰਗ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਵੱਲੋਂ ਗੈਂਗਸਟਰਾਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪੀੜਤ ਐੱਨਆਰਆਈ ਇੰ-ਦਰਜੀਤ ਸਿੰਘ ਪੁੱਤਰ ਬਲਵੀਰ ਸਿੰਘ ਵਾਸੀ ਦਸਮੇਸ਼ ਨਗਰ ਨੇ ਦੱਸਿਆ ਕਿ ਉਹ ਹਾਂਗਕਾਂਗ 'ਚ ਨੌਕਰੀ ਕਰਨ ਲਈ 2012 'ਚ ਗਿਆ ਸੀ।

ਹਾਂਗਕਾਂਗ ਜਾਣ ਤੋਂ ਪਹਿਲਾਂ ਦੀਪਇੰਦਰ ਸਿੰਘ ਉਰਫ ਦੀਪਾ ਵਾਸੀ ਧਨੇਰ ਤੇ ਕੁਲਵਿੰਦਰ ਸਿੰਘ ਉਰਫ ਕਿੰਦਰ ਵਾਸੀ ਰਾਮਗੜ੍ਹ ਭੁੱਲਰ ਉਸ ਦੇ ਦੋਸਤ ਸਨ। ਜੋ ਕਈ ਵਾਰ ਮਜਬੂਰੀ ਦੱਸ ਕੇ ਉਸ ਤੋਂ ਰੁਪਏ ਮੰਗਵਾ ਲੈਂਦੇ ਸਨ। 13 ਜਨਵਰੀ ਨੂੰ ਉਹ ਹਾਂਗਕਾਂਗ ਤੋਂ ਵਾਪਸ ਆਇਆ ਤਾਂ ਉਕਤ ਦੋਵੇਂ ਉਸ ਨੂੰ ਡਰਾ ਧਮਕਾ ਕੇ ਰੁਪਏ ਮੰਗ ਰਹੇ ਸਨ। ਜਦੋਂ ਉਸ ਨੇ ਮਨ੍ਹਾ ਕਰ ਦਿੱਤਾ ਤਾਂ ਉਨ੍ਹਾਂ ਡੱਬ 'ਚ ਪਾਏ ਰਿਵਾਲਵਰ 'ਤੇ ਹੱਥ ਮਾਰਦਿਆਂ ਸਾਫ਼ ਕਿਹਾ ਕਿ ਪਹਿਲਾਂ ਗੱਲ ਹੋਰ ਸੀ, ਹੁਣ ਉਹ ਗੈਂਗਸਟਰ ਹਨ, ਜੇ ਆਪਣੇ ਤੇ ਪਰਿਵਾਰ ਦੀ ਸਲਾਮਤੀ ਚਾਹੁੰਦਾ ਹੈ ਤਾਂ 20 ਲੱਖ ਰੁਪਏ ਦੇਵੋ।

ਐਤਵਾਰ ਨੂੰ ਉਕਤ ਦੋਵਾਂ ਦੀ ਘਰ ਆ ਕੇ ਮਾਰਨ ਦੀ ਧਮਕੀ 'ਤੇ ਜਦੋਂ ਉਸ ਨੇ ਪੁਲਿਸ ਨੂੰ ਬੁਲਾਇਆ ਤਾਂ ਉਕਤ ਦੋਵੇਂ 5 ਹੋਰ ਸਾਥੀਆਂ ਸਮੇਤ ਸਕਾਰਪੀਓ ਗੱਡੀ 'ਚ ਆਏ ਤੇ ਕਈ ਫਾਇਰ ਕਰ ਕੇ ਭੱਜ ਗਏ। ਮਾਮਲੇ 'ਚ ਥਾਣਾ ਸਿਟੀ ਦੇ ਮੁਖੀ ਇੰਸਪੈਕਟਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਉਕਤ ਮਾਮਲੇ 'ਚ ਫਿਰੌਤੀ ਮੰਗ ਕੇ ਫਾਇਰਿੰਗ ਕਰਨ ਵਾਲਿਆਂ ਦੀ ਗ੍ਰਿਫ਼ਤਾਰੀ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ। ਉਕਤ ਸਾਰੇ ਆਪਣੇ ਘਰਾਂ 'ਚੋਂ ਫ਼ਰਾਰ ਹਨ, ਜਿਨ੍ਹਾਂ ਨੂੰ ਜਲਦੀ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਪੰਜਾਬ ਦੀ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਲਿਆਂਦੀ ਜਾਵੇਗੀ ਨਵੀਂ ਨੀਤੀ- ਧਾਲੀਵਾਲ

ਬਠਿੰਡਾ- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵਾਤਾਵਰਣ ਦੀ ਸਾਂਭ-ਸੰਭਾਲ ਕਰਨ, ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਤੋਂ ਇਲਾਵਾ ਪੰਜਾਬ ਚ ਬੇਰੁਜ਼ਗਾਰਾਂ, ਉਦਮੀਆਂ ਅਤੇ ਕਿਰਤੀਆਂ ਨੂੰ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਲਈ ਵਿਸ਼ੇਸ਼ ਉਪਰਾਲੇ ਕਰ ਰਹੀ ਹੈ। ਇਨ੍ਹਾਂ ਗੱਲ੍ਹਾਂ ਦਾ ਪ੍ਰਗਟਾਵਾ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਜ਼ਿਲ੍ਹੇ ਅਧੀਨ ਪੈਂਦੇ ਪਿੰਡ ਘੁੱਦਾ ਵਿਖੇ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਕਰਨ ਵਾਲੇ ਕਿਸਾਨਾਂ ਨੂੰ ਸਨਮਾਨ ਸਬੰਧੀ ਕਰਵਾਏ ਗਏ ਸਮਾਗਮ 'ਚ ਸ਼ਿਰਕਤ ਕਰਨ ਮੌਕੇ ਕੀਤਾ। ਇਸ ਦੌਰਾਨ ਉਨ੍ਹਾਂ ਵਲੋਂ ਖੇਤੀ ਅਧਾਰਿਤ ਇਕਾਈਆਂ ਨੂੰ 1 ਕਰੋੜ ਰੁਪਏ ਦੇ ਚੈਕਾਂ ਦੀ ਵੰਡ ਵੀ ਕੀਤੀ ਗਈ। ਇਸ ਮੌਕੇ ਉਨ੍ਹਾਂ ਦੇ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਗਿੱਲ, ਵਿਧਾਇਕ ਬਠਿੰਡਾ (ਦਿਹਾਤੀ) ਅਮਿਤ ਰਤਨ ਅਤੇ ਵਿਧਾਇਕ ਲੰਬੀ। ਗੁਰਮੀਤ ਸਿੰਘ ਖੁੱਡੀਆ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਮੌਕੇ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਪਰਾਲੀ ਦੀ ਸੁਚੱਜੀ ਸਾਂਭ-ਸੰਭਾਲ ਲਈ ਕਿਸਾਨਾਂ ਨੂੰ ਸਬਸਿਡੀ ਤੇ ਆਧੁਨਿਕ ਮਸ਼ੀਨਰੀ ਮੁਹੱਈਆ ਕਰਵਾਈ ਗਈ, ਜਿਨ੍ਹਾਂ ਸਦਕਾ ਪਿਛਲੇ ਸਾਲਾਂ ਨਾਲੋਂ ਇਸ ਵਾਰ 30 ਫ਼ੀਸਦੀ ਪਰਾਲੀ ਨੂੰ ਅੱਗ ਨਾ ਲਗਾਉਣ ਦੀਆਂ ਘਟਨਾਵਾਂ ਵਿਚ ਕਮੀ ਪਾਈ ਗਈ ਹੈ। ਉਨ੍ਹਾਂ ਇਹ ਵੀ ਦਾਅਵੇ ਨਾਲ ਕਿਹਾ





ਕਿ ਅਗਲੇ ਵਰ੍ਹੇ ਸੂਬਾ ਸਰਕਾਰ ਵਲੋਂ ਵਾਤਾਵਰਣ ਦੀ ਸ਼ੁੱਧਤਾ ਨੂੰ ਮੁੱਖ ਰੱਖਦਿਆਂ ਹੋਰ ਵੀ ਯਤਨ ਕੀਤੇ ਜਾਣਗੇ। ਇਸ ਦੌਰਾਨ ਕੈਬਨਿਟ ਮੰਤਰੀ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਰਿਵਾਇਤੀ ਫ਼ਸਲੀ ਚੱਕਰ ਵਿੱਚੋਂ ਬਾਹਰ ਨਿਕਲੇ ਘੱਟ ਪਾਣੀ ਵਾਲੀਆਂ ਫ਼ਸਲਾਂ ਨੂੰ ਤਰਜ਼ੀਹ ਦਿੱਤੀ ਜਾਵੇ ਤਾਂ ਜੋ ਧਰਤੀ ਦੇ ਡਿੱਗ ਰਹੇ ਹੇਠਲੇ ਪਾਣੀ ਦੇ ਪੱਧਰ ਨੂੰ ਰੋਕਿਆ ਜਾ ਸਕੇ। ਉਨ੍ਹਾਂ ਇਹ ਵੀ ਕਿਹਾ ਕਿ 12 ਫ਼ਰਵਰੀ ਨੂੰ ਲੁਧਿਆਣਾ ਵਿਖੇ ਮੁੱਖ ਮੰਤਰੀ ਦੀ ਯੋਗ ਅਗਵਾਈ ਹੇਠ ਅਗਾਂਹ ਵਧੂ ਕਿਸਾਨਾਂ ਨਾਲ ਵਿਸ਼ੇਸ਼ ਮਿਲਣੀ ਵੀ ਕੀਤੀ ਜਾਵੇਗੀ, ਜਿਸ ਵਿੱਚ 5 ਹਜ਼ਾਰ ਤੋਂ ਵਧੇਰੇ ਅਗਾਂਹ ਵਧੂ ਕਿਸਾਨਾਂ ਵਲੋਂ ਸਮੂਲੀਅਤ ਕੀਤੀ ਜਾਵੇਗੀ, ਇਸ ਦੌਰਾਨ ਕਿਸਾਨਾਂ ਨੂੰ ਲਾਹੇਵੰਦ ਤੇ ਬਦਲਵੀਆਂ ਫ਼ਸਲਾਂ ਉਗਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਇਸ ਮੌਕੇ ਕੈਬਨਿਟ ਮੰਤਰੀ ਸ। ਧਾਲੀਵਾਲ ਨੇ ਇਹ ਵੀ ਕਿਹਾ ਕਿ ਸੂਬਾ ਸਰਕਾਰ ਵਲੋਂ ਖੇਤੀਬਾੜੀ ਨੂੰ ਲਾਹੇਵੰਦ ਧੰਦਾ ਬਣਾਉਣ ਤੇ ਘੱਟ ਖਰਚ ਤੇ ਵੱਧ ਆਮਦਨ ਵਾਲੀਆਂ ਫ਼ਸਲਾਂ ਉਗਾਉਣ ਲਈ 31 ਮਾਰਚ ਨੂੰ ਨਵੀਂ ਖੇਤੀਬਾੜੀ ਪਾਲਿਸੀ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕਿ ਪਰਾਲੀ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਵਾਲੇ ਪਿੰਡ ਦੀਆਂ ਪੰਚਾਇਤਾਂ ਨੂੰ ਪਿੰਡਾਂ ਦੇ ਵਿਕਾਸ ਲਈ ਵਿਸ਼ੇਸ਼ ਤਰਜੀਹ ਦਿੱਤੀ ਜਾਵੇਗੀ ਤੇ ਪੰਚਾਇਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਦੌਰਾਨ ਕੈਬਨਿਟ ਮੰਤਰੀ ਨੇ ਵੱਖ-ਵੱਖ ਪਿੰਡਾਂ ਦੇ 13 ਅਗਾਂਹ ਵਧੂ ਕਿਸਾਨਾਂ ਜਿਨ੍ਹਾ ਵਲੋਂ ਪਰਾਲੀ ਨੂੰ ਅੱਗ ਨਹੀਂ ਲਗਾਈ ਗਈ, ਨੂੰ ਮੋਟਰ ਸਾਈਕਲ ਦੇ ਕੇ ਸਨਮਾਨਿਤ ਵੀ ਕੀਤਾ। ਇਸ ਉਪਰੰਤ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਪਿੰਡ ਬੰਬੀਹਾ ਵਿਖੇ ਪਰਾਲੀ ਪ੍ਰੋਸੈਸਿੰਗ ਯੂਨਿਟ ਦਾ ਉਦਘਾਟਨ ਕੀਤਾ ਅਤੇ 14 ਲੱਖ ਰੁਪਏ ਦਾ ਸਬਸਿਡੀ ਚੈਕ ਵੀ ਭੇਂਟ ਕੀਤਾ।







# ਸੰਪਾਦਕੀ

## ਅਮਰੀਕਾ 'ਚ ਗੋਲੀਬਾਰੀ ਕਿਉਂ ਆਮ ਹੋ ਗਈ

ਹਾਲ ਦੇ ਦਿਨਾਂ ਵਿਚ ਅਮਰੀਕਾ ਦੇ ਕਈ ਸੂਬਿਆਂ ਵਿਚ ਗੋਲੀਆਂ ਮਾਰ ਕੇ ਕਈ ਲੋਕਾਂ ਦੀ ਹੱਤਿਆ ਕਰ ਦਿੱਤੀ ਗਈ। ਇੱਥੋਂ ਤੱਕ ਕਿ ਸਕੂਲ ਪੜ੍ਹਦੇ ਛੋਟੇ ਬੱਚੇ ਵੀ ਬੰਦੂਕ ਲੈ ਕੇ ਆਪਣੇ ਅਧਿਆਪਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਹੁਣ ਤਾਂ ਸਮੱਸਿਆ ਇੱਥੋਂ ਤੱਕ ਵੱਧ ਗਈ ਹੈ ਕਿ ਅਮਰੀਕਾ ਦੀ ਪੁਲਿਸ ਵਿਵਸਥਾ ਛੋਟੀ-ਮੋਟੀ ਲੁੱਟ-ਖੋਹ, ਚੋਰੀ ਨੂੰ ਅਪਰਾਧ ਹੀ ਨਹੀਂ ਮੰਨਦੀ। ਦੁਕਾਨਾਂ, ਸਟੋਰਾਂ ਤੇ ਲੁੱਟਮਾਰ ਆਮ ਜਿਹੀ ਗੱਲ ਹੋ ਗਈ ਹੈ। ਇਸ ਦੇ ਪ੍ਰਮੁੱਖ ਕਾਰਨਾਂ ਦੀ ਪੜਚੋਲ ਕੀਤਿਆਂ ਕਈ ਕਾਰਨ ਸਾਹਮਣੇ ਆਉਂਦੇ ਹਨ ਪਰ ਸਭ ਤੋਂ ਅਹਿਮ ਕਾਰਨ ਅਮਰੀਕਾ ਵਿਚ ਹਥਿਆਰਾਂ ਨੂੰ ਲੈ ਕੇ ਸਰਕਾਰੀ ਉਦਾਰ ਨੀਤੀਆਂ ਜ਼ਿੰਮੇਵਾਰ ਹਨ। ਹਥਿਆਰ ਮਨੁੱਖਤਾ ਦੀ ਰੱਖਿਆ ਕਰਨ ਲਈ ਜ਼ਰੂਰੀ ਹੈ ਪਰ ਜੇਕਰ ਇਸਨੂੰ ਮਨੁੱਖਤਾ ਦੇ ਖਿਲਾਫ ਵਰਤਿਆ ਜਾਵੇ ਤਾਂ ਇਹ ਸਭ ਤੋਂ ਵੱਧ ਘਾਤਕ ਹੁੰਦਾ ਹੈ।ਸ਼ਾਇਦ ਅਮਰੀਕਾ ਵਿਚ ਵੀ ਅਜਿਹਾ ਹੀ ਹੋ ਰਿਹਾ ਹੈ। ਸਿਵਲ ਸੁਸਾਇਟੀ ਵਿਚ ਹਥਿਆਰਾਂ ਦੀ ਭਰਮਾਰ ਦੇ ਕਾਰਨ ਹਰੇਕ ਵਿਅਕਤੀ ਹਥਿਆਰ ਚੁੱਕੀ ਫਿਰਦਾ ਹੈ, ਜਿਸ ਕਾਰਨ ਇਸ ਦੀ ਦੁਰਵਰਤੋਂ ਦੇ ਕਾਰਨ ਵੱਧ ਜਾਂਦੇ ਹਨ।

ਅਮਰੀਕਾ ਵਿਚ ਹਿੰਸਕ ਘਟਨਾਵਾਂ ਦੇ ਹਾਲਾਂਕਿ ਸਮਾਜਿਕ, ਆਰਥਿਕ ਕਾਰਨ ਵੀ ਹਨ। ਕਈ ਲੋਕੀ ਆਪਣੀ ਨੌਕਰੀ ਚਲੇ ਜਾਣ ਤੋਂ ਬਾਅਦ ਪ੍ਰੇਸ਼ਾਨ ਹੁੰਦੇ ਹਨ ਅਤੇ ਕਈ ਆਪਣੀਆਂ ਘਰੇਲੂ ਸਮੱਸਿਆਵਾਂ ਦੇ ਕਾਰਨ। ਕਿਸੇ ਦਾ ਆਪਣੀ ਪਤਨੀ ਨਾਲ ਵਿਵਾਦ ਹੋ ਗਿਆ ਹੈ ਅਤੇ ਕਿਸੇ ਦਾ ਬੱਚਿਆਂ ਦੇ ਨਾਲ। ਦਰਅਸਲ ਅਮਰੀਕਾ ਦਾ ਸਮਾਜ ਖੁੱਲ੍ਹ ਛੋਟ ਨੂੰ ਜ਼ਿਆਦਾ ਪਸੰਦ ਕਰਦਾ ਹੈ। ਇਸ ਛੋਟ ਦੇ ਕਾਰਨ ਜ਼ਿਆਦਾਤਰ ਮਾਪਿਆਂ ਦੇ ਆਪਣੇ ਬੱਚਿਆਂ ਤੇ ਪ੍ਰਭਾਵ ਘੱਟ ਪੈਂਦਾ ਹੈ। ਬੱਚੇ ਆਪਣੀ ਮਨਮਾਨੀ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਆਪਣੇ ਬਜ਼ੁਰਗਾਂ ਦੇ ਕੌੜੇ ਤਜਰਬਿਆਂ ਤੋਂ ਕੋਈ ਸਬਕ ਲੈਣ ਦੀ ਕੋਸ਼ਿਸ਼ ਹੀ ਨਹੀਂ ਕਰਦੇ। ਇਸ ਕਾਰਨ ਆਮ ਲੋਕਾਂ ਵਿਚ ਮਾਨਸਿਕ ਗੁੰਝਲਾਂ ਤੇਜ਼ੀ ਨਾਲ ਵਧਣ ਲੱਗਦੀਆਂ ਹਨ। ਅਜਿਹੀ ਸਥਿਤੀ ਵਿਚ ਵਿਅਕਤੀ ਅਪਰਾਧ ਦੇ ਰਾਹ ਪੈ ਜਾਂਦਾ ਹੈ।

ਅਮਰੀਕਾ ਦੇ ਸਿੱਖਿਆ ਸਿਸਟਮ ਵਿਚ ਵੀ ਸੁਧਾਰ ਕਰਨ ਦੀ ਲੋੜ ਹੈ ਅਤੇ ਅਗਲੇ ਪੀੜ੍ਹੀ ਨੂੰ ਅਜਿਹੇ ਅਪਰਾਧਾਂ ਤੋਂ ਦੂਰ ਰਹਿ ਕੇ ਸਾਦਾ ਅਤੇ ਸੁਚੱਜਾ ਜੀਵਨ ਜਿਊਣ ਦਾ ਢੰਗ ਸਿਖਾਇਆ ਜਾਣਾ ਜ਼ਰੂਰੀ ਹੈ।ਖੈਰ, ਸੁਧਾਰ ਤਾਂ ਜਦੋਂ ਹੋਣਗੇ, ਉਦੋਂ ਹੀ ਹੋਣਗੇ ਪਰ ਫੌਰੀ ਤੌਰ ਤੇ ਇਸ ਦਾ ਹੱਲ ਹਥਿਆਰਾਂ ਨੂੰ ਯੋਜਨਾਬੱਧ ਕਰਨਾ ਹੀ ਨਜ਼ਰ ਆਉਂਦਾ ਹੈ। ਇਸ ਪਾਸੇ ਕਈ ਸਰਕਾਰਾਂ ਨੇ ਕਦਮ ਚੁੱਕਣ ਦੀ ਇੱਛਾ ਸ਼ਕਤੀ ਦਿਖਾਈ ਹੈ ਪਰ ਧਰਾਤਲ ਤੇ ਫਿਲਹਾਲ ਅਸਰ ਨਜ਼ਰ ਨਹੀਂ ਆ ਰਿਹਾ।

**-ਬਲਬੀਰ ਸਿੰਘ ਐਮ ਏ**

Balbir Singh M.A.
Editor in Chief & Publisher
e-mail: bsma54@gmail.com
Tel : 510-938-7771
36415 RUSCHIN DR. NEWARK, CA 94560
Ranjit Kandola ,Managing Editor
email-Kandola@macloans.net
Buta Ram joshi Staff Reporter, Fresno 559-803-0055
Sanjeev Garg Kali, Reporter Malwa Area, 96713-53789
RAJ BUDWAL
MEDIA PARTNER / REPRESENTATIVE
8350202@gmail.com 408-835-0202
Web designed www.pardestimes.com
by Aman Bansil 510-589-2245

The Pardes Times And People Associated With It Are Not Responsible For Any Claims Made By The Advertisers And Don't Endorse Any Product Or Services Advertised In The Pardes Times. Please Consult Your Attorney Before , Buying/Hiring Contracting Through The Ads Published In The News Paper. The Pardes Times Is In Business Of Selling Spaces And Claims Made By Advertisers Are Not Tested/Confirmed By An Independent Source.

# ਵਿਦੇਸ਼ੀ ਯੂਨੀਵਰਸਿਟੀਆਂ ਭਾਰਤ ਵਿਚ ਕਾਮਯਾਬ ਹੋ ਸਕਣਗੀਆਂ



ਸ ਸ ਛੀਨਾ

ਆਉਣ ਵਾਲੇ ਸਮੇਂ ਵਿਚ ਨਵੀਂ ਖੁੱਲ੍ਹ ਤਹਿਤ ਵਿਦੇਸ਼ਾਂ ਤੋਂ ਕਈ ਚੰਗੀਆਂ ਯੂਨੀਵਰਸਿਟੀਆਂ ਵੱਲੋਂ ਦੇਸ਼ ਦੇ ਵੱਡੇ ਸ਼ਹਿਰਾਂ ਵਿਚ ਆਪਣੇ ਕੈਂਪਸ ਖੋਲ੍ਹਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਇੰਗਲੈਂਡ, ਕੈਨੇਡਾ, ਅਮਰੀਕਾ ਅਤੇ ਆਸਟਰੇਲੀਆ ਦੀਆਂ ਨਾਮਵਰ ਯੂਨੀਵਰਸਿਟੀਆਂ ਦਿੱਲੀ, ਮੁੰਬਈ, ਚੇਨਈ, ਕੋਲਕਾਤਾ ਅਤੇ ਹੋਰ ਵੱਡੇ ਸ਼ਹਿਰਾਂ ਵਿਚ ਭਾਰਤ ਦੇ ਵਿਦਿਆਰਥੀਆਂ ਨੂੰ ਦਾਖਲਾ ਦੇਣਾ ਸ਼ੁਰੂ ਕਰ ਕੇ ਉਹ ਡਿਗਰੀਆਂ ਮੁਹੱਈਆ ਕਰਨਗੀਆਂ ਜਿਹੜੀਆਂ ਡਿਗਰੀਆਂ ਲੈਣ ਲਈ ਭਾਰਤ ਦੇ ਵਿਦਿਆਰਥੀ ਉਨ੍ਹਾਂ ਦੇਸ਼ਾਂ ਵਿਚ ਜਾਂਦੇ ਹਨ ਜਿਸ ਲਈ ਭਾਰਤ ਤੋਂ ਅਰਬਾਂ ਡਾਲਰਾਂ ਦੀਆਂ ਫੀਸਾਂ ਦਿੱਤੀਆਂ ਜਾਂਦੀਆਂ ਹਨ। ਹੁਣ ਇਸ ਦੇ ਚੰਗੇ ਅਤੇ ਮਾੜੇ ਪੱਖਾਂ ਬਾਰੇ ਗੰਭੀਰ ਵਿਚਾਰਾਂ ਹੋ ਰਹੀਆਂ ਹਨ।

ਇਕ ਵਿਚਾਰ ਜੋ ਇਸ ਦੇ ਹੱਕ ਵਿਚ ਦਿੱਤਾ ਜਾਂਦਾ ਹੈ, ਉਸ ਵਿਚ ਇਹ ਕਿਹਾ ਜਾਂਦਾ ਹੈ ਕਿ ਭਾਰਤ ਤੋਂ ਜਿਹੜੇ ਪ੍ਰੋਫੈਸਰ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਜਾ ਕੇ ਉੱਚੀਆਂ ਤਨਖਾਹਾਂ 'ਤੇ ਨੌਕਰੀਆਂ ਕਰਦੇ ਹਨ ਅਤੇ ਬਾਅਦ ਵਿਚ ਉਹ ਉੱਥੋਂ ਦੇ ਪੱਕੇ ਸ਼ਹਿਰੀ ਬਣ ਜਾਂਦੇ ਹਨ, ਜਦ ਉਨ੍ਹਾਂ ਨੂੰ ਇਸ ਦੇਸ਼ ਵਿਚ ਹੀ ਉਨ੍ਹਾਂ ਯੂਨੀਵਰਸਿਟੀਆਂ ਦੀਆਂ ਨੌਕਰੀਆਂ ਮਿਲ ਜਾਣਗੀਆਂ ਤਾਂ ਉਨ੍ਹਾਂ ਵਿਦਵਾਨਾਂ ਦਾ ਰੁਝਾਨ ਬਾਹਰ ਜਾਣ ਵੱਲ ਘਟ ਜਾਵੇਗਾ ਅਤੇ ਦੇਸ਼ ਦੇ ਵਿਦਵਾਨ ਦੇਸ਼ ਵਿਚ ਰਹਿਣਗੇ। ਉਂਝ ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਇਨ੍ਹਾਂ ਯੂਨੀਵਰਸਿਟੀਆਂ ਵਿਚ ਹੋਰ ਪੱਖ ਘੋਖਦਿਆਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਇਨ੍ਹਾਂ ਵਿਦਵਾਨਾਂ ਦਾ ਲਾਭ ਕਿਨ੍ਹਾਂ ਲੋਕਾਂ ਨੂੰ ਮਿਲੇਗਾ ਅਤੇ ਕੀ ਉਸ ਲਾਭ ਤੱਕ ਹਰ ਇਕ ਦੀ ਪਹੁੰਚ ਬਣੇਗੀ ਜਾਂ ਇਨ੍ਹਾਂ ਯੂਨੀਵਰਸਿਟੀਆਂ ਦਾ ਲਾਭ ਉਪਰ ਦੇ ਵਰਗ ਨੂੰ ਹੀ ਮਿਲੇਗਾ। ਇਸ ਬਾਰੇ ਵਿਸਥਾਰ ਵਿਚ ਜਾਂਦਿਆਂ ਹੇਠ ਲਿਖੀਆਂ ਗੱਲਾਂ 'ਤੇ ਗੌਰ ਕਰਨਾ ਜ਼ਰੂਰੀ ਹੈ।



ਭਾਰਤ ਵਿਚ ਤਿੰਨ ਪ੍ਰਕਾਰ ਦੀਆਂ ਯੂਨੀਵਰਸਿਟੀਆਂ ਹਨ। ਇਕ ਹਨ ਕੇਂਦਰੀ ਯੂਨੀਵਰਸਿਟੀਆਂ; ਜਿਵੇਂ ਬਨਾਰਸ ਹਿੰਦੂ ਯੂਨੀਵਰਸਿਟੀ, ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਅਤੇ ਹੋਰ ਜਿਨ੍ਹਾਂ ਦਾ ਖਰਚ ਕੇਂਦਰੀ ਸਰਕਾਰ ਦਿੰਦੀ ਹੈ। ਵਿਦਿਆਰਥੀਆਂ ਕੋਲੋਂ ਬਹੁਤ ਹੀ ਘੱਟ ਫੀਸਾਂ ਲਈਆਂ ਜਾਂਦੀਆਂ ਹਨ, ਵਿੱਦਿਆ ਬਹੁਤ ਸਸਤੀ ਹੈ। ਦੂਸਰੀਆਂ ਹਨ ਪ੍ਰਾਂਤਾਂ ਦੀਆਂ ਯੂਨੀਵਰਸਿਟੀਆਂ; ਜਿਵੇਂ ਪੰਜਾਬ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਪੰਜਾਬੀ ਯੂਨੀਵਰਸਿਟੀ, ਸਿਹਤ ਯੂਨੀਵਰਸਿਟੀ। ਤੀਸਰੀਆਂ ਹਨ ਪ੍ਰਾਈਵੇਟ ਯੂਨੀਵਰਸਿਟੀਆਂ। ਪ੍ਰਾਂਤਾਂ ਦੀਆਂ ਯੂਨੀਵਰਸਿਟੀਆਂ ਵਿਚ ਕੇਂਦਰੀ ਯੂਨੀਵਰਸਿਟੀਆਂ ਤੋਂ ਵੱਧ ਫੀਸਾਂ ਵਿਦਿਆਰਥੀਆਂ ਨੂੰ ਦੇਣੀਆਂ ਪੈਂਦੀਆਂ ਹਨ ਪਰ ਪ੍ਰਾਈਵੇਟ ਯੂਨੀਵਰਸਿਟੀਆਂ ਵਿਚ ਪੜ੍ਹਾਈ ਦਾ ਖਰਚ ਬਹੁਤ ਜ਼ਿਆਦਾ ਅਤੇ ਫੀਸਾਂ ਬਹੁਤ ਉੱਚੀਆਂ ਹੁੰਦੀਆਂ ਹਨ। ਪਹਿਲਾਂ ਹੀ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਵੱਡੀ ਆਲੋਚਨਾ ਹੋ ਰਹੀ ਹੈ ਕਿਉਂ ਜੋ ਇਨ੍ਹਾਂ ਯੂਨੀਵਰਸਿਟੀਆਂ ਨੂੰ ਇਹ ਖੁੱਲ੍ਹ ਦਿੱਤੀ ਗਈ ਹੈ ਕਿ ਉਹ ਆਰਟਸ ਨਾਲ ਸਾਇੰਸ, ਕਾਨੂੰਨ, ਨਰਸਿੰਗ, ਇੰਜਨੀਅਰਿੰਗ ਅਤੇ ਸਿਹਤ ਜਾਂ ਹਰ ਪ੍ਰਕਾਰ ਦੀ ਵਿੱਦਿਆ ਦੇ ਸਕਦੇ ਹਨ ਜਦੋਂਕਿ ਖੇਤੀਬਾੜੀ ਯੂਨੀਵਰਸਿਟੀ, ਸਿਹਤ ਯੂਨੀਵਰਸਿਟੀ ਆਦਿ ਵਿਸ਼ੇਸ਼ ਯੂਨੀਵਰਸਿਟੀਆਂ ਇਸ ਕਰ ਕੇ ਬਣਾਈਆਂ ਸਨ ਕਿ ਇਨ੍ਹਾਂ ਖਾਸ ਵਿਸ਼ਿਆਂ 'ਤੇ ਸਿਖਲਾਈ ਅਤੇ ਖੋਜ ਵਿਚ ਕੋਈ ਫਰਕ ਨਾ ਰਹੇ। ਇਸ ਦਾ ਅਰਥ ਹੈ ਕਿ ਜਦੋਂ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਹਰ ਤਰ੍ਹਾਂ ਦੇ ਵਿਸ਼ੇ 'ਤੇ ਵਿੱਦਿਆ ਦੇਣ ਦਾ ਅਧਿਕਾਰ ਹੋਵੇਗਾ ਤਾਂ ਕੀ ਉਹ ਵਿਸ਼ੇਸ਼ ਯੂਨੀਵਰਸਿਟੀਆਂ ਖੋਲ੍ਹਣ ਦਾ ਫੈਸਲਾ ਗਲਤ ਫੈਸਲਾ ਸੀ ਜਿਸ ਨੇ ਵੱਡੀਆਂ ਪ੍ਰਾਪਤੀਆਂ ਕੀਤੀਆਂ ਸਨ ਜਿਸ ਤਰ੍ਹਾਂ ਹਰੇ ਇਨਲਕਾਬ ਨੂੰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੀ ਦੇਣ ਕਿਹਾ ਜਾਂਦਾ ਹੈ।

ਵਿਦੇਸ਼ੀ ਯੂਨੀਵਰਸਿਟੀਆਂ ਭਾਵੇਂ ਪ੍ਰਾਈਵੇਟ ਯੂਨੀਵਰਸਿਟੀਆਂ ਹੀ ਗਿਣੀਆਂ ਜਾਣਗੀਆਂ ਪਰ ਇਨ੍ਹਾਂ ਦੀ ਬਣਤਰ ਭਾਰਤ ਵਿਚ ਪਹਿਲਾਂ ਚੱਲ ਰਹੀਆਂ ਯੂਨੀਵਰਸਿਟੀਆਂ ਤੋਂ ਵੱਖਰੀ ਹੋਵੇਗੀ। ਕੀ ਇਹ ਆਪਣਾ ਸਿਲੇਬਸ ਆਪ ਬਣਾਉਣਗੀਆਂ ਜਾਂ ਭਾਰਤ ਵਿਚ ਬਣਿਆ ਯੂਨੀਵਰਸਿਟੀਆਂ ਦਾ ਸਿਲੇਬਸ ਅਪਨਾਉਣਗੀਆਂ। ਜੇ ਭਾਰਤ ਵਿਚ ਬਣੇ ਸਿਲੇਬਸ ਨਾਲ ਭਾਰਤ ਦੀਆਂ ਯੂਨੀਵਰਸਿਟੀਆਂ ਉਹ ਸਿੱਟੇ ਨਹੀਂ ਦੇ ਸਕੀਆਂ ਜਿਨ੍ਹਾਂ ਉਦੇਸ਼ਾਂ ਨੂੰ ਸਾਹਮਣੇ ਰੱਖ ਕੇ ਉਹ ਸਿਲੇਬਸ ਬਣਾਇਆ ਗਿਆ ਸੀ ਤਾਂ ਵਿਦੇਸ਼ੀ ਯੂਨੀਵਰਸਿਟੀਆਂ ਉਹ ਸਿੱਟੇ ਕਿਵੇਂ ਦੇ ਸਕਣਗੀਆਂ? ਫਿਰ ਭਾਰਤ ਦੀਆਂ ਯੂਨੀਵਰਸਿਟੀਆਂ ਦਾ ਉਸ ਪੱਧਰ ਦਾ ਨਾ ਬਣ ਸਕਣਾ ਅਯੋਗਤਾ ਹੀ ਕਹੀ ਜਾਵੇਗੀ।

ਇਸ ਦੇ ਹੱਕ ਵਿਚ ਇਹ ਦਲੀਲ ਵੀ ਦਿੱਤੀ ਜਾਂਦੀ ਹੈ ਕਿ 2016 ਵਿਚ ਭਾਰਤ ਤੋਂ 4.4 ਲੱਖ ਵਿਦਿਆਰਥੀ ਵਿਦੇਸ਼ਾਂ ਵਿਚ ਗਏ ਅਤੇ 2019 ਵਿਚ 7.7 ਲੱਖ; ਹੁਣ 2024 ਤੱਕ 18 ਲੱਖ ਵਿਦਿਆਰਥੀ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦਾਖਲਾ ਲੈਣਗੇ। ਇਸ ਤਰ੍ਹਾਂ ਜਿਹੜਾ 2800 ਕਰੋੜ ਡਾਲਰ ਦਾ ਧਨ ਵਿਦੇਸ਼ਾਂ ਵਿਚ ਜਾ ਰਿਹਾ ਹੈ, ਉਹ 2024 ਤੱਕ ਵਧ ਕੇ 8000 ਕਰੋੜ ਡਾਲਰ ਹੋ ਜਾਵੇਗਾ ਜੋ ਭਾਰਤ ਦੀ ਵਿਦੇਸ਼ੀ ਮੁਦਰਾ ਦਾ ਬਹੁਤ ਵੱਡਾ ਨੁਕਸਾਨ ਹੈ। ਉਂਝ ਇਸ ਨਾਲ ਜੁੜੇ ਪੱਖ ਵੀ ਡੂੰਘੀ ਖੋਜ ਦੀ ਮੰਗ ਕਰਦੇ ਹਨ।

ਕੇਰਲ ਅਤੇ ਪੰਜਾਬ ਦੋ ਉਹ ਪ੍ਰਦੇਸ਼ ਹਨ ਜਿੱਥੋਂ ਦੇ ਵੱਧ ਤੋਂ ਵੱਧ ਵਿਦਿਆਰਥੀ ਬਾਹਰ ਦੀਆਂ ਯੂਨੀਵਰਸਿਟੀਆਂ ਵਿਚ ਦਾਖਲਾ ਲੈਂਦੇ ਹਨ ਪਰ ਜੇ ਸਰਵੇ ਕਰੀਏ ਤਾਂ ਇਨ੍ਹਾਂ ਵਿਦਿਆਰਥੀਆਂ ਵਿਚ ਜ਼ਿਆਦਾਤਰ ਮੱਧ ਵਰਗ ਆਮਦਨ ਵਾਲੇ ਘਰਾਂ ਦੇ ਵਿਦਿਆਰਥੀ ਹੁੰਦੇ ਹਨ ਅਤੇ ਉਹ 10+2 ਦੀ ਪੜ੍ਹਾਈ ਕਰ ਕੇ ਕਿਸੇ ਖਾਸ ਕੋਰਸ ਲਈ ਨਹੀਂ ਸਗੋਂ ਜਿਸ ਵੀ ਕੋਰਸ ਲਈ ਦਾਖਲਾ ਮਿਲੇ, ਉਹ ਲੈ ਲੈਂਦੇ ਹਨ। ਕੁਝ ਚਿਰ ਉਨ੍ਹਾਂ ਵਿਦੇਸ਼ੀ ਕਾਲਜਾਂ ਵਿਚ ਪੜ੍ਹਨ ਤੋਂ ਬਾਅਦ ਉਹ ਉੱਥੇ ਕੰਮ ਸ਼ੁਰੂ ਕਰ ਦਿੰਦੇ ਹਨ ਅਤੇ ਫਿਰ ਪੱਕੇ ਤੌਰ 'ਤੇ ਉੱਥੋਂ ਦੇ ਵਸਨੀਕ ਬਣ ਜਾਂਦੇ ਹਨ। ਬਹੁਤ ਘੱਟ ਵਿਦਿਆਰਥੀ ਹਨ ਜਿਹੜੇ ਉਨ੍ਹਾਂ ਯੂਨੀਵਰਸਿਟੀਆਂ ਦੀਆਂ ਉੱਚੀਆਂ ਡਿਗਰੀਆਂ ਲੈ ਕੇ ਵਾਪਸ ਮੁੜੇ ਹੋਣ ਜਾਂ ਇਹ ਕਹਿ ਲਿਆ ਜਾਵੇ ਕਿ ਉਨ੍ਹਾਂ ਵਿਦਿਆਰਥੀਆਂ ਦਾ ਮੁੱਖ ਮਕਸਦ ਬਾਹਰ ਜਾ ਕੇ ਪੜ੍ਹਨਾ ਨਹੀਂ, ਉੱਥੇ ਰੁਜ਼ਗਾਰ 'ਤੇ ਲੱਗਣਾ ਹੁੰਦਾ ਹੈ ਅਤੇ ਉਹ 8 ਲੱਖ ਜਿਹੜੇ ਵਿਦਿਆਰਥੀ ਬਾਹਰ ਜਾਣ ਵਾਲੇ ਹਨ, ਉਨ੍ਹਾਂ ਨੇ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਵਿਚ ਦਾਖਲਾ ਨਹੀਂ ਲੈਣਾ ਸਗੋਂ ਉਨ੍ਹਾਂ ਦਾ ਰੁਝਾਨ ਪਹਿਲਾਂ ਵਾਲਾ ਹੀ ਰਹਿਣਾ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿਚ ਉੱਚੀ ਆਮਦਨ ਵਾਲੇ ਪਰਿਵਾਰਾਂ ਦੇ ਵਿਦਿਆਰਥੀ ਹੀ ਦਾਖਲ ਹੋਣਗੇ ਅਤੇ ਉਹ ਵੱਖਰੇ ਵਖਰੇਵੇਂ ਦਾ ਵਿਹਾਰ ਸਾਹਮਣੇ ਲਿਆਉਣਗੇ।

# ਸਰਕਾਰ ਨੂੰ ਆਖਿਰ ਸ਼ਰਾਬ ਫੈਕਟਰੀ ਬੰਦ ਕਰਨੀ ਹੀ ਪਈ

ਫ਼ਿਰੋਜ਼ਪੁਰ ਜ਼ਿਲ੍ਹੇ 'ਚ ਜ਼ੀਰਾ ਲਾਗਲੇ ਪਿੰਡ ਮਨਸੂਰਵਾਲ ਦੀ ਸ਼ਰਾਬ ਫੈਕਟਰੀ ਬੰਦ ਕਰਨ ਦਾ ਐਲਾਨ ਕਰ ਦਿੱਤਾ ਗਿਆ ਹੈ। ਪੰਜਾਬ ਦੀ ਭਗਵੰਤ ਮਾਨ ਸਰਕਾਰ ਦਾ ਇਹ ਫ਼ੈਸਲਾ ਯਕੀਨੀ ਤੌਰ 'ਤੇ ਸਵਾਗਤਯੋਗ ਹੈ। ਪਿੰਡ ਵਾਸੀ ਇਸੇ ਮਾਮਲੇ ਨੂੰ ਲੈ ਕੇ ਪਿਛਲੇ 178 ਦਿਨਾਂ ਤੋਂ ਧਰਨੇ 'ਤੇ ਬੈਠੇ ਸਨ। ਦੋਸ਼ ਸੀ ਕਿ ਇਸ ਫੈਕਟਰੀ ਵੱਲੋਂ ਵਰਤੇ ਜਾਣ ਵਾਲੇ ਕੈਮੀਕਲਾਂ ਕਰਕੇ ਪਿੰਡ ਮਨਸੂਰਵਾਲ ਤੇ ਆਲੇ-ਦੁਆਲੇ ਦੇ ਇਲਾਕਿਆਂ 'ਚ ਧਰਤੀ ਹੇਠਲਾ ਪਾਣੀ ਇੰਨਾ ਜ਼ਿਆਦਾ ਦੂਸ਼ਿਤ ਹੋ ਗਿਆ ਹੈ ਕਿ ਲੋਕਾਂ ਨੂੰ ਕਈ ਤਰ੍ਹਾਂ ਦੀਆਂ ਲਾਇਲਾਜ ਬਿਮਾਰੀਆਂ ਲੱਗ ਗਈਆਂ ਹਨ। ਪਾਣੀ ਦੇ ਦੂਸ਼ਿਤ ਹੋਣ ਦੀ ਸਮੱਸਿਆ ਭਾਵੇਂ ਸਮੁੱਚੇ ਪੰਜਾਬ 'ਚ ਹੀ ਹੈ ਪਰ ਪਿਛਲੇ ਕੁਝ ਸਮੇਂ ਤੋਂ ਇਸ ਫੈਕਟਰੀ ਦਾ ਮੁੱਦਾ ਭਖ ਗਿਆ ਸੀ। ਕਿਸਾਨਾਂ ਦੇ ਮੋਰਚੇ ਨੇ ਵੀ ਸਥਾਨਕ ਨਿਵਾਸੀਆਂ ਦੇ ਧਰਨੇ ਨੂੰ ਆਪਣੀ ਹਮਾਇਤ ਦਿੱਤੀ ਸੀ। ਦੂਜੇ ਪਾਸੇ ਫੈਕਟਰੀ ਮਾਲਕਾਂ ਨੇ ਹਾਈ ਕੋਰਟ ਤੋਂ ਰਾਹਤ ਲੈ ਲਈ ਸੀ ਅਤੇ ਉਸ ਦੇ ਸੀਈਓ ਨੇ ਵੀ ਦਾਅਵਾ ਕੀਤਾ ਸੀ ਕਿ ਉਨ੍ਹਾਂ ਨੇ ਤਾਂ ਫੈਕਟਰੀ ਅੰਦਰ ਜਲ-ਸ਼ੁੱਧੀਕਰਨ ਪਲਾਂਟ ਲਾਇਆ ਹੋਇਆ ਹੈ। ਇਸ ਦੇ ਨਾਲ ਹੀ ਅਦਾਲਤ ਨੇ ਪੰਜਾਬ ਸਰਕਾਰ ਨੂੰ 20 ਕਰੋੜ ਰੁਪਏ ਜੁਰਮਾਨਾ ਵੀ ਕੀਤਾ ਸੀ। ਸਰਕਾਰ ਨੂੰ ਇਹ ਰਕਮ ਜਮ੍ਹਾ ਵੀ ਕਰਵਾਉਣੀ ਪਈ ਸੀ। ਬੀਤੇ ਦਸੰਬਰ ਮਹੀਨੇ ਧਰਨਾਕਾਰੀਆਂ 'ਤੇ ਪੁਲਿਸ ਦੇ ਲਾਠੀਚਾਰਜ ਕਾਰਨ ਵੀ ਮਾਨ ਸਰਕਾਰ ਨੂੰ ਲੋਕਾਂ ਦੀ ਤਿੱਖੀ ਆਲੋਚਨਾ ਦਾ ਸ਼ਿਕਾਰ ਹੋਣਾ ਪਿਆ ਸੀ। ਤਦ ਧਰਨਾਕਾਰੀਆਂ ਨੇ ਵੀ ਬਰਾਬਰ ਡਾਂਗਾਂ ਚੁੱਕ ਲਈਆਂ ਸਨ। ਇੰਜ ਸਰਕਾਰ ਤੇ ਜਨਤਾ ਵਿਚਾਲੇ ਵੱਡੇ ਟਕਰਾਅ ਵਾਲੀ ਸਥਿਤੀ ਬਣ ਗਈ ਸੀ। ਹੁਣ ਸਰਕਾਰ ਨੇ ਆਮ ਲੋਕਾਂ ਦੀ ਸਮੱਸਿਆ ਨੂੰ ਸਮਝਣ ਸਦਕਾ ਹੀ ਲੋਕ-ਹਿਤ ਵਿਚ ਫ਼ੈਸਲਾ ਲਿਆ ਹੈ। ਲਗਪਗ ਅੱਠ ਵਰ੍ਹੇ ਤੋਂ ਵੀ ਵੱਧ ਸਮਾਂ ਪਹਿਲਾਂ ਪੰਜਾਬ 'ਚ ਉਦਯੋਗਾਂ ਨੂੰ ਹੀ ਪਾਣੀ ਦੂਸ਼ਿਤ ਕਰਨ ਦਾ ਵੱਡਾ ਕਾਰਨ ਐਲਾਨ ਦਿੱਤਾ ਗਿਆ ਸੀ।

## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

(1) ਸ. ਦੀਦਾਰ ਸਿੰਘ ਬੈਂਸ
(2) ਅਵਤਾਰ ਸਿੰਘ ਸਹੋਤਾ
(3) ਗੈਰੀ ਬਸਰਾਏ
(4) ਹਰਦੀਪ ਸਿੰਘ ਢਾਡਲੀ
(5) ਬਲਬੀਰ ਸਿੰਘ ਸੋਹਲ
(6) ਗੁਰਨਾਮ ਸਿੰਘ ਪੰਮਾ
(7) ਦਲਵੀਰ ਸਿੰਘ ਗਿੱਲ
(8) ਗੁਰਮੇਜ ਸਿੰਘ ਗਿੱਲ
(9) ਸੁਖਰਾਜ ਸਿੰਘ ਢਿੱਲੋਂ
(10) ਡਾ. ਚਰਨਜੀਤ ਸਿੰਘ ਉਪਲ
(11) ਕੁਲਦੀਪ ਸਿੰਘ ਅਟਵਾਲ
(12) ਸੁਰਜੀਤ ਸਿੰਘ ਅਟਵਾਲ
(13) ਬਘੇਲ ਸਿੰਘ ਜਸਵਾਲ
(14) ਗੁਰਵਿੰਦਰ ਸਿੰਘ ਮਾਵੀ
(15) ਡਾ ਦਲਵੀਰ ਪੰਨੂ
(16) ਡਾ. ਹਰਮੇਸ਼ ਕੁਮਾਰ
(17) ਸੁਰਿੰਦਰ ਸਿੰਘ ਧਨੋਆ
(18) ਅਵਤਾਰ ਸਿੰਘ ਤਾਰੀ
(19) ਕਸ਼ਮੀਰ ਸਿੰਘ ਧੁੱਗਾ
(20) ਅਮੋਲਕ ਸਿੰਘ ਗਾਖਲ
(21) ਹਰਨੇਕ ਸਿੰਘ ਅਟਵਾਲ
(22) ਬਲਦੇਵ ਸਿੰਘ ਮਾਨ
(23) ਸ੍ਰੀ ਸੁੱਚਾ ਰਾਮ ਜੀ
(24) ਜੌਹਨ ਸਿੰਘ ਗਿੱਲ
(25) ਉਂਕਾਰ ਸਿੰਘ ਸੈਣੀ
(26) ਕੁਲਵੰਤ ਸਿੰਘ ਨਿਜਰ
(27) ਸੁਖਵੀਰ ਸਿੰਘ ਨਿਜਰ
(28) ਹੈਰੀ ਸਿੱਧੂ
(29) ਜਸਵੀਰ ਸਿੰਘ ਕੁਲਾਰ
(30) ਰਾਜ ਬਡਵਾਲ
(31) ਕਮਲਜੀਤ ਸਿੰਘ ਅਟਵਾਲ
(32) ਡਾ. ਭੁਪਿੰਦਰ ਭੰਡਾਰੀ
(33) ਅਜੈਬ ਸਿੰਘ ਮੱਲੀ
(34) ਹਰਜੀਤ ਗਿੱਲ
(35) ਸਰਬਜੀਤ ਸਿੰਘ ਸਾਬੀ
(36) ਕੁਲਦੀਪ ਸਿੰਘ ਸਹੋਤਾ (ਡੀਪੀਈ)

# ਸਾਥੋਂ ਬਾਬਾ ਖੋਹ ਲਿਆ ਸਾਡਾ ਨਨਕਾਣਾ !



Balbir Singh M.A.
Tel : 510-938-7771

**ਦੂਜੀ ਕਿਸ਼ਤ**

ਮੇਰੇ ਪਿਤਾ ਜੀ ਦੀ ਹਮੇਸ਼ਾ ਤਮੰਨਾ ਸੀ ਕਿ ਮੈਂ ਫਿਰ ਇਕ ਵਾਰ ਲਾਹੌਰ ਜਾਵਾਂ। 2002 ਤੱਕ ਉਹ ਮੇਰੇ ਬਚਪਨ ਤੋਂ ਲੈ ਕੇ ਹਮੇਸ਼ਾ ਇਹੀ ਕਹਿੰਦੇ ਸੀ ਕਿ ਅਸੀਂ ਆਪਣੇ ਭੱਠੇ ਤੇ ਡੇਰੀ (ਗਊਆਂ-ਮੱਝਾਂ) ਤੇ ਘਿਓ-ਮੱਖਣ ਦੀ ਦੁਕਾਨ ਅਨਾਰਕਲੀ- ਗਵਾਲ ਮੰਡੀ ਲਾਹੌਰ 'ਚ ਛੱਡ ਆਏ ਸੀ। ਲਾਗੇ ਹੀ ਭਲਵਾਨਾਂ ਦੀ ਲੱਸੀ ਦੀ ਦੁਕਾਨ ਸੀ ਜੋ ਦੁਨੀਆਂ ਦੀ ਸਭ ਤੋਂ ਆਲਾ (ਸੁਚੱਜੀ) ਲੱਸੀ ਬਣਾਉਂਦੇ ਸਨ, ਜਿਸ ਵਿਚ ਦਰਿੜ੍ਹਕਾ (ਸਿਰਫ ਦਹੀਂ) ਤੇ ਕੁਝ ਕੁ ਪਾਣੀ ਦੀਆਂ ਛਿੱਟਾਂ ਤੇ ਮਿੱਠੇ ਪੇੜੇ ਪਾ ਕੇ ਤੇ ਉਪਰ ਮਲਾਈ ਦੀ ਇੰਚ ਤੋਂ ਵੀ ਮੋਟੀ ਤਹਿ ਚਾੜ੍ਹ ਕੇ ਲੱਸੀ ਦਾ ਗਿਲਾਸ ਦੁਆਨੀ-ਚੁਆਨੀ ਨੂੰ ਦਿੰਦੇ ਸਨ (ਜੋ ਅੱਜਕਲ੍ਹ 2022 ਵਿਚ 150 ਰੁਪਏ ਦਾ ਗਿਲਾਸ ਹੈ)। ਉਹ ਇਕੋ ਗਿਲਾਸ ਪੀ ਕੇ ਸਾਰਾ ਦਿਨ ਹੋਰ ਖਾਣੋਂ ਤੁਸੀਂ ਬਚ ਜਾਂਦੇ ਸੀ। ਕਾਸ਼ ਕਿ ਉਨ੍ਹਾਂ ਦੀ ਇਹ ਰੀਝ ਪੂਰੀ ਹੋ ਸਕਦੀ ਕਿਉਂਕਿ ਜਿਉਂਦੇ ਜੀਅ ਉਨ੍ਹਾਂ ਨੂੰ ਮੁੜ ਲਾਹੌਰ ਦੇ ਵੱਲ ਦਾ ਵੀਜ਼ਾ ਹੀ ਨਹੀਂ ਮਿਲ ਸਕਿਆ। ਪਰ ਜੋ ਗੱਲ ਉਹ ਪੂਰੀ ਨਾ ਕਰ ਸਕੇ, ਉਨ੍ਹਾਂ ਨੇ ਮੈਨੂੰ ਬਹੁਤ ਵਾਰੀ ਉਹਨਾਂ ਦੇ ਕੋਇਟੇ ਸ਼ਹਿਰ ਬਲੋਚਿਸਤਾਨ 'ਚ ਰਹਿਣ ਬਾਰੇ ਹਮੇਸ਼ਾ ਦੱਸਣਾ ਤੇ ਉਥੇ ਦੇ ਆਪਣੇ ਬਜ਼ੁਰਗਾਂ ਦੇ ਬਣਾਏ ਇੱਟਾਂ ਦੇ ਭੱਠੇ ਬਾਰੇ ਗੱਲ ਕਰਨੀ ਤੇ ਨਾਲ ਹੀ ਲਾਹੌਰ ਦੇ ਭੱਠੇ (ਇੱਟਾਂ ਦੇ) ਬਾਰੇ ਤੇ ਡੇਰੀ ਫਾਰਮ ਦੀ ਗੱਲ ਕਰਨੀ। ਪਰ ਉਦੋਂ ਉਨ੍ਹਾਂ ਦੀਆਂ ਮਜਬੂਰੀਆਂ ਸਮਝ ਨਹੀਂ ਸਕਦਾ ਸੀ ਕਿਉਂਕਿ 1970-72 ਦੇ ਕਾਲਜ ਦੇ ਸਮੇਂ ਮੈਂ ਵੀ ਉਨ੍ਹਾਂ ਦੀ ਗੱਲ ਉਪਰੋਂ-ਉਪਰੋਂ ਹੀ ਸੁਣਦਾ ਸੀ ਪਰ 2000 ਮਗਰੋਂ ਜਦੋਂ ਵੀ ਮੈਂ ਪੰਜਾਬ ਗਿਆ। ਉਹਨਾਂ ਦੀਆਂ ਉਹੀ ਗੱਲਾਂ ਸੁਣ ਕੇ ਮੈਂ ਆਪਣੇ ਕੋਲ ਕੁਝ ਉਹਨਾਂ ਦੀਆਂ ਯਾਦਾਂ ਲਿਖਣੀਆਂ ਸ਼ੁਰੂ ਕਰ ਦਿੱਤੀਆਂ।

2002 ਉਹ ਜੂਨ ਦੇ ਮਹੀਨੇ 'ਚ ਸਾਥੋਂ ਵਿਛੋੜਾ ਪਾ ਸਕੇ ਪਰ ਮੇਰੇ ਧੁਰ ਅੰਦਰ ਤੱਕ ਉਹ ਪੰਜਾਬ ਵੇਖਣ ਦੀ ਲਾਲਸਾ ਜਗਾ ਗਏ।

ਪਿਛਲੇ 5-6 ਸਾਲਾਂ ਤੋਂ ਲਹਿੰਦੇ ਪੰਜਾਬ ਤੋਂ ਇਕ ਯੂ-ਟਿਊਬ ਪ੍ਰੋਗਰਾਮ "ਪੰਜਾਬੀ ਲਹਿਰ" ਸ਼ੁਰੂ ਹੋਇਆ, ਜਿਸ ਨੂੰ ਸ਼ੁਰੂ ਤਾਂ ਸਾਡੇ ਸੈਨਹੋਜ਼ੇ ਤੋਂ ਡਾਕਟਰ ਦਲਬੀਰ ਸਿੰਘ ਪੰਨੂ (ਡੈਂਟਿਸਟ) ਸਾਹਿਬ ਨੇ ਕਰਵਾਇਆ, ਜੋ ਦਿਨਾਂ 'ਚ ਹੀ ਮਕਬੂਲ/ਮਸ਼ਹੂਰ ਹੋ ਗਿਆ।

ਉਸਨੂੰ ਪੇਸ਼ ਕਰਨ ਵਾਲੇ ਜਨਾਬ ਨਾਸਰ ਢਿੱਲੋਂ ਜੀ ਤੇ ਸ. ਭੁਪਿੰਦਰ ਸਿੰਘ ਲਵਲੀ (ਨਨਕਾਣਾ ਸਾਹਿਬ) ਨੇ ਅੱਗੇ ਹੋ ਕੇ ਕੀਤਾ। ਉਹਨਾਂ ਦੀਆਂ ਵੀਡੀਓ ਦਾ ਅਸਰ ਚੜ੍ਹਦੇ ਪੰਜਾਬ 'ਚ ਤੇ ਅਮਰੀਕਾ-ਕੈਨੇਡਾ, ਇੰਗਲੈਂਡ 'ਚ ਅੱਗ ਵਾਂਗ ਫੈਲ ਗਿਆ। ਜੋ ਲੋਕ ਜ਼ਿੰਦਗੀ ਦੇ ਕੁਝ ਵਰ੍ਹੇ ਲਹਿੰਦੇ ਪੰਜਾਬ 'ਚ ਜਿਉਂ ਕੇ ਆਏ ਸਨ, ਉਹ ਆਪਣੇ-ਆਪਣੇ ਪਿੰਡਾਂ ਦੀਆਂ ਗਲੀਆਂ ਤੇ ਬੇਲੀਆਂ ਨੂੰ ਪਛਾਣਨ 'ਚ ਲੱਗ ਗਏ। ਮੇਰੇ ਤੇ ਵੀ ਉਨ੍ਹਾਂ ਵੀਡੀਓ ਦਾ ਬਹੁਤ ਅਸਰ ਹੋਇਆ, ਮੈਂ ਨਾਸਰ ਸਾਹਿਬ ਤੇ ਭੁਪਿੰਦਰ ਸਿੰਘ ਲਵਲੀ ਹੋਰਾਂ ਨਾਲ ਰਾਬਤਾ ਕਰਨਾ ਸ਼ੁਰੂ ਕਰ ਦਿੱਤਾ। ਫਿਰ ਇੱਥੋਂ ਗਏ ਲੋਕਾਂ ਦੀਆਂ ਗੱਲਾਂ ਸੁਣ ਕੇ ਮੈਨੂੰ ਵੀ ਆਪਣੇ ਪਿਤਾ ਜੀ ਦਾ ਪਿੰਡ ਵੇਖਣ ਦੀ ਲਾਲਸਾ ਪੈਦਾ ਹੋਈ ਤੇ ਹਮੇਸ਼ਾ ਵਿਉਂਤਾਂ ਬਣਾਉਂਦੇ-ਬਣਾਉਂਦੇ ਦੋ ਤਿੰਨ ਸਾਲ ਲੰਘ ਗਏ। ਆਖਿਰ ਸਤੰਬਰ 2022 ਨੂੰ ਮੈਂ ਆਪਣੀ ਸੁਪਤਨੀ ਤੇ ਸੱਸ ਮਾਤਾ ਨਾਲ ਲਹਿੰਦੇ ਪੰਜਾਬ ਦਾ ਵੀਜ਼ਾ ਲੈਣ 'ਚ ਸਫਲ ਹੋ ਗਿਆ। ਮੇਰੇ ਨਾਲ ਹੀ ਪਰਮਪਾਲ ਸਿੰਘ ਤੇ ਉਨ੍ਹਾਂ ਦੀ ਸੁਪਤਨੀ ਸੁਰਿੰਦਰ ਕੌਰ ਨੇ ਵੀ ਸਾਡੇ ਨਾਲ ਹੀ ਵੀਜ਼ਾ ਲਿਆ, ਰਾਹਦਾਰੀ ਮੈਂ ਨਨਕਾਣਾ ਸਾਹਿਬ ਤੋਂ ਭੁਪਿੰਦਰ ਸਿੰਘ ਲਵਲੀ ਦੇ ਟੱਬਰ ਤੋਂ ਮੰਗਵਾ ਲਈ ਸੀ।

ਨਵੰਬਰ 26, 2022 ਦਾ ਦਿਨ ਮਿੱਥਿਆ ਗਿਆ ਕਿ ਆਪਾਂ ਸਾਰੇ ਵਾਹਘਾ ਬਾਰਡਰ ਤੇ ਸਵੇਰੇ 10 ਵਜੇ ਮਿਲਾਂਗੇ ਤਾਂ ਕਿ ਇੰਮੀਗ੍ਰੇਸ਼ਨ ਪਾਰ ਕਰਕੇ ਜਲਦੀ ਲਾਹੌਰ ਪਹੁੰਚਿਆ ਜਾ ਸਕੇ।

ਮੈਂ ਨਵਾਂ ਸ਼ਹਿਰ ਤੋਂ ਆਪਣੇ ਪਰਿਵਾਰ ਨਾਲ ਟੈਕਸੀ ਰਾਹੀਂ ਵਾਹਘਾ ਬਾਰਡਰ ਤੇ ਸਵੇਰੇ 10 ਵਜੇ ਪਹੁੰਚਣ ਲਈ ਇਕ ਦਿਨ ਪਹਿਲਾਂ ਤਿਆਰੀ ਖਿੱਚ ਲਈ, ਜਦੋਂ ਸਾਡੇ ਨਾਲ ਜਾਣ ਵਾਲੇ ਸੱਜਣਾਂ ਨੂੰ ਫੋਨ ਕੀਤਾ। ਉਹ ਕਹਿੰਦੇ "ਅਸੀਂ ਤਾਂ ਦੋ ਦਿਨਾਂ ਤੋਂ ਲਾਹੌਰ ਆਏ ਹੋਏ ਹਾਂ।" ਮੈਨੂੰ ਕੁਝ ਸਮਝ ਨਹੀਂ ਆਇਆ ਕਿ ਕੀ ਕਾਰਨ ਹੋਇਆ ਹੋਵੇਗਾ ਕਿ ਉਹ ਪਹਿਲਾਂ ਹੀ ਚਲੇ ਗਏ।

ਅਸੀਂ ਕੁਝ ਦੇਰ ਲਈ ਜਾਣ ਦਾ ਪ੍ਰੋਗਰਾਮ ਮੁਲਤਵੀ ਕਰ ਦਿੱਤਾ ਪਰ ਫਿਰ ਉਨ੍ਹਾਂ ਦੀ ਸੁਪਤਨੀ ਨਾਲ ਗੱਲਬਾਤ ਮਗਰੋਂ ਠੀਕ ਸਮੇਂ ਤੇ ਜਾਣ ਦੇ ਇਰਾਦੇ ਨਾਲ ਤਿਆਰੀ ਕਰ ਲਈ ਤਾਂ ਕਿ ਸਮੇਂ ਸਿਰ ਬਾਰਡਰ ਪਹੁੰਚ ਸਕੀਏ। ਅਸੀਂ ਠੀਕ 10 ਵਜੇ ਅਟਾਰੀ ਵਾਲੇ ਪਾਸੇ ਬਾਰਡਰ 'ਤੇ ਪਹੁੰਚ ਕੇ ਗੇਟ ਤੇ ਆਪਣੇ-ਆਪਣੇ ਪਾਸਪੋਰਟ ਦਿਖਾਏ ਤਾਂ ਸਾਨੂੰ ਇੰਮੀਗ੍ਰੇਸ਼ਨ ਤੱਕ ਜਾਣ ਦੀ ਇਜਾਜ਼ਤ ਮਿਲਦੇ ਹੀ ਸਾਡੇ ਟੈਕਸੀ ਵਾਲੇ ਨੇ ਸਾਨੂੰ ਧੁਰ ਦਰਵਾਜੇ ਤੱਕ ਛੱਡ ਦਿੱਤਾ, ਜਿੱਥੋਂ ਅਸੀਂ ਪਾਸਪੋਰਟ ਵਿਖਾ ਕੇ ਅੱਗੇ ਜਾਣਾ ਸੀ। ਖੈਰ 10 ਕੁ ਮਿੰਟਾਂ ਵਿਚ ਦੋ ਕੁਲੀਆਂ ਦੀ ਸਹਾਇਤਾ ਨਾਲ ਸਾਡਾ ਸਮਾਨ ਤੇ ਰੇੜ੍ਹੀ ਤੇ ਸਾਡੀ ਸੱਸ ਮਾਤਾ ਨੂੰ ਬਿਠਾ ਕੇ ਬੱਸ ਦੇ ਇੰਤਜ਼ਾਰ 'ਚ ਬਾਹਰ ਬੈਠ ਗਏ। 10-15 ਬੰਦਿਆਂ ਨੂੰ ਲੈ ਕੇ ਅੱਧੇ ਘੰਟੇ 'ਚ ਬੱਸ ਤਕਰੀਬਨ ਦੋ ਸੌ ਮੀਟਰ ਤੱਕ ਛੱਡਣ ਚਲੀ ਗਈ। ਉਥੇ ਬੈਠੇ ਤਿੰਨ ਕੁ ਬੀ. ਐਸ. ਐਫ. ਦੇ ਜਵਾਨਾਂ ਨੇ ਸਾਡੇ ਪਾਸਪੋਰਟ ਵੇਖ ਕੇ ਸਾਨੂੰ ਸਮਾਨ ਰੇੜ੍ਹੀਆਂ ਤੇ ਰੱਖ ਕੇ ਗੇਟ ਤੱਕ ਜਾਣ ਦਾ ਇਸ਼ਾਰਾ ਕਰ ਦਿੱਤਾ। ਇਹ ਉਹੀ ਗੇਟ ਹੈ ਜਿਸ ਨੂੰ ਬਹੁਤ ਫਿਲਮਾਂ 'ਚ ਵਿਖਾਇਆ ਗਿਆ ਹੈ। ਇਕ ਪਾਸੇ ਭਾਰਤੀ ਅਫਸਰ ਖੜ੍ਹੇ ਸਨ ਤੇ ਦੂਸਰੇ ਪਾਸੇ ਗੇਟ ਤੇ ਪਾਕਿਸਤਾਨ ਦੇ ਰੇਂਜਰ ਜਵਾਨ ਖੜ੍ਹੇ ਸਨ।

ਲਹਿੰਦੇ ਪੰਜਾਬ 'ਚ ਦਾਖਲ ਹੋ ਕੇ ਹਾਲੇ ਇੰਮੀ-ਗ੍ਰੇਸ਼ਨ ਕੋਲ ਜਾਣਾ ਬਾਕੀ ਸੀ ਪਰ ਦਿਲ ਇਸ ਤਰ੍ਹਾਂ ਧੜਕਦਾ ਸੀ ਕਿ ਜਿਵੇਂ ਸਾਨੂੰ ਹੁਣੇ ਕੋਈ ਅੱਤਵਾਦੀ ਗੋਲੀ ਮਾਰ ਦੇਵੇਗਾ। ਫਿਰ ਵੀ ਅਸੀਂ ਦੋਵੇਂ ਸਾਡੀ ਬੀਬੀ ਜੀ ਨੂੰ ਲੈ ਕੇ ਅਸੀਂ ਇੰਮੀਗ੍ਰੇਸ਼ਨ ਕੋਲ ਪਹੁੰਚੇ। ਸਾਡੇ ਬੀਬੀ ਹੁਰਾਂ ਨੂੰ ਇਕ ਕੁਲੀ ਆਪਣੀ ਰੁੜ੍ਹਨ ਵਾਲੀ ਕੁਰਸੀ (ਵੀਲ੍ਹ ਚੇਅਰ) ਤੇ ਬਿਠਾ ਕੇ ਇੱਥੇ ਤੱਕ ਪਹੁੰਚਿਆ ਸੀ। ਅਸੀਂ ਜਦੋਂ ਵੀਜ਼ਾ ਦਿ-ਖਾਉਣ ਲਈ ਅਫਸਰ ਕੋਲ ਪਹੁੰਚੇ ਤਾਂ ਉਹ ਪਹਿਲਾਂ ਜੰਮੂ-ਕਸ਼ਮੀਰ ਦੇ ਰਹਿਣ ਵਾਲੇ ਇਕ ਪਰਿਵਾਰ ਨਾਲ ਉਲਝ ਰਿਹਾ ਸੀ। ਉਹਨਾਂ ਦੀ ਇਕ ਔਰਤ ਕੋਲੋਂ ਆਪਣੀਆਂ ਉਂਗਲੀਆਂ ਦੇ ਨਿਸ਼ਾਨ ਨਹੀਂ ਸਨ ਸਹੀਦੇ ਹੋ ਰਹੇ। ਬਹੁਤ ਦੇਰ ਤੱਕ ਖੜ੍ਹੇ ਰਹਿੰਦਿਆਂ ਨੂੰ ਵੇਖ ਉਹ ਉਸ ਔਰਤ ਨੂੰ ਕਹਿੰਦਾ, ਉਥੇ ਜਾ ਕੇ ਬੈਠ ਜਾਵੋ, ਜਦੋਂ ਤੱਕ ਉਂਗਲੀਆਂ ਦੇ ਨਿਸ਼ਾਨ ਸਹੀ ਨਹੀਂ ਬਣਨਗੇ, ਉਦੋਂ ਤੱਕ ਉਹਨਾਂ ਦਾ ਅੱਗੇ ਜਾਣਾ ਸੌਖਾ ਨਹੀਂ। ਪਰ ਸਾਨੂੰ ਬਹੁਤ ਹੀ ਪਿਆਰ ਨਾਲ ਉਹਨਾਂ ਨੇ ਦਾਖਲੇ ਦੀ ਮੋਹਰ ਲਾ ਕੇ ਕਿਹਾ, ਜਾਓ ਜੀ ਤੁਸੀਂ ਆਪਣੇ ਦੇਸ਼ ਨੂੰ ਜਾਓ ਤੇ ਵਾਪਸ ਆ ਕੇ ਦੱਸਣਾ ਕਿ ਤੁਹਾਨੂੰ ਪੰਜਾਬ ਤੇ ਪੰਜਾਬ ਦੇ ਸਾਰੇ ਲੋਕ ਕਿਵੇਂ ਦੇ ਲੱਗੇ। ਮੈਂ ਹਾਮੀ ਭਰ ਕੇ ਬਾਹਰ ਲਾਗੇ ਹੀ ਸੜਕ ਵੱਲ ਤੁਰ ਪਏ, ਜੋ ਸੜਕ ਲਾਹੌਰ ਵੱਲ ਜਾ ਰਹੀ ਸੀ।

ਉਥੇ ਮੈਨੂੰ ਕਾਰ ਤੇ ਡਰਾਈਵਰ ਮਲਿਕ ਰਜ਼ਾ, ਜਿਸਨੂੰ ਪਰਮਪਾਲ ਸਿੰਘ ਲਾਹੌਰ ਤੋਂ ਨਾਲ ਲੈ ਕੇ ਆਇਆ ਸੀ ਕਿਉਂਕਿ ਪਰਮਪਾਲ ਸਿੰਘ ਲਾਹੌਰ ਸਾਡੇ ਤੋਂ ਦੋ-ਤਿੰਨ ਦਿਨ ਪਹਿਲਾਂ ਹੀ ਚਲੇ ਗਏ ਸਨ ਤੇ ਇਸ ਡਰਾਈਵਰ ਨਾਲ ਹੀ ਗੁਰਦੁਆਰਿਆਂ 'ਚ ਜਾ ਰਹੇ ਸਨ।

ਮਲਿਕ ਰਜ਼ਾ ਦੇ ਨਾਲ ਗੱਲਬਾਤ ਕਰਦੇ ਹੀ ਇਵੇਂ ਲੱਗਣ ਲੱਗ ਪਿਆ ਜਿਵੇਂ ਇਹੀ ਨੌਜਵਾਨ ਸਾਨੂੰ ਗੁਰਧਾਮਾਂ ਦੀ ਯਾਤਰਾ ਕਰਵਾਏਗਾ। ਉਸਨੇ ਕਾਰ ਦੋ ਕੁ ਮੀਲ ਤੇ ਜਾ ਕੇ ਖੜ੍ਹੀ ਕਰਕੇ ਕਹਿੰਦੇ, ਸਰਦਾਰ ਸਾਹਿਬ ਆ ਜਾਓ ਪਹਿਲਾਂ ਲੱਸੀ ਪਿਲਾਈਏ।

ਵਾਹ! ਲੱਸੀ ਇਹੋ ਜਿਹੀ ਮੈਂ ਪੰਜਾਬ 'ਚ ਕਿਧਰੇ ਵੀ ਨਹੀਂ ਪੀਤੀ ਸੀ ਲੱਸੀ, ਸਿਰਫ ਦਹੀਂ ਨੂੰ ਘੋਟ ਕੇ ਗਿਲਾਸ 'ਚ ਪਾ ਕੇ ਉਪਰ ਇਕ ਇੰਚ ਵੱਡੀ ਤਹਿ ਵਾਲੀ ਮਲਾਈ ਪਾ ਕੇ ਜਦੋਂ ਤੁਹਾਨੂੰ ਗਿਲਾਸ ਦਿੱਤਾ ਹੈ ਕਿ ਲਓ ਸਰਦਾਰ ਜੀ ਪੀ ਕੇ ਵੇਖੋ।

ਯਕੀਨ ਕਰੋ, ਤੁਸੀਂ ਉਸ ਦੁਕਾਨ ਨੂੰ ਤੇ ਉਸ ਲੱਸੀ ਨੂੰ ਕਦੇ ਨਹੀਂ ਭੁੱਲ ਸਕਦੇ। ਮਲਿਕ ਰਜ਼ਾ ਨੂੰ ਮੈਂ ਕਿਹਾ, ਓ ਪੁੱਤਰਾ, ਇਹ ਲੱਸ ਤਾਂ ਵਾਕਿਆ ਹੀ ਨਾਯਾਬ ਹੈ, ਇਸਨੂੰ ਅਸੀਂ ਨਹੀਂ ਭੁੱਲ ਸਕਦੇ।

ਵਾਹਘਾ ਸ਼ਹਿਰ ਤੋਂ ਅਸੀਂ ਲਾਹੌਰ ਜਾਣ ਲਈ ਟੈਕਸੀ ਨੂੰ ਸੜਕ ਤੇ ਦੌੜਾ ਦਿੱਤਾ। ਸੜਕ ਤੇ ਜਾਂਦਿਆਂ ਕਦੇ ਇੱਧਰ ਤੇ ਕਦੇ ਉਧਰ ਜਦੋਂ ਮੈਂ ਲੋਕਾਂ ਵੱਲ ਤੇ ਘਰਾਂ ਵੱਲ ਵੇਖਦਾ ਜਾਂਦਾ ਸੀ, ਮੇਰੇ ਮਨ 'ਚ ਇਕੋ ਗੱਲ ਆ ਰਹੀ ਸੀ ਕਿ ਇੱਥੇ ਤਾਂ ਕੁਝ ਵੀ ਬਦਲਿਆ ਨਹੀਂ, ਜਿਵੇਂ ਸਾਡੇ ਮਾਂ-ਪਿਓ ਦੱਸਦੇ ਸੀ ਕਿ ਲਾਹੌਰ ਇਸ ਤਰ੍ਹਾਂ ਸੀ, ਲਾਹੌਰ ਦੇ ਲੋਕ ਇਸ ਤਰ੍ਹਾਂ ਦੇ ਸਨ। ਅੱਜ ਉਹ ਸਾਰਾ ਕੁਝ ਮੇਰੀਆਂ ਅੱਖਾਂ ਸਾਹਮਣੇ ਸੀ। ਮੇਰਾ ਮਨ ਭਰਿਆ ਹੋਇਆ ਸੀ ਕਿ ਇਹਨਾਂ ਸੜਕਾਂ ਤੇ ਮੇਰੇ ਮਾਤਾ-ਪਿਤਾ ਪਤਾ ਨਹੀਂ ਕਿੰਨੀ ਵਾਰ ਲਾਹੌਰੋਂ-ਨਵਾਂ ਸ਼ਹਿਰ ਤੇ ਫਿਰ ਵਾਪਸ ਜਾਂਦੇ ਰਹੇ ਹੋਣਗੇ। ਕਿਉਂਕਿ ਸਾਡੇ ਬਾਬੇ ਹੁਰਾਂ ਦਾ ਭੱਠਾ ਲਾਹੌਰ ਦੇ ਬਾਹਰਵਾਰ ਸੀ ਤੇ ਉਥੇ ਹੀ ਮੱਝਾਂ-ਗਾਵਾਂ ਦੀ ਡੈਰੀ ਸੀ ਤੇ ਉਸ ਦਾ ਘਿਓ-ਦੁੱਧ, ਦਹੀਂ ਉਹ ਅਨਾਰਕਲੀ ਗਵਾਲ ਮੰਡੀ 'ਚ ਇਕ ਦੁਕਾਨ ਤੇ ਵੇਚਦੇ ਸੀ, ਜਿਹੜੀ ਦੁਕਾਨ ਇਹਨਾਂ ਨੇ ਕਈ ਸਾਲਾਂ ਤੋਂ ਉਥੇ ਪਾਈ ਹੋਈ ਸੀ।




ਵਾਹਘਾ ਬਾਰਡਰ ਪਾਕਿਸਤਾਨੀ ਵਾਲੇ ਪਾਸੇ ਬੀਬੀ ਰਾਜਿੰਦਰ ਕੌਰ



ਵਾਹਘਾ ਬਾਰਡਰ ਤੇ ਪਾਕਿਸਤਾਨੀ ਰੇਂਜਰ ਅਲੀ ਦੇ ਨਾਲ ਲੇਖਕ




ਇੰਡੀਗੋ ਹੋਟਲ ਦੇ ਅੰਦਰ ਬੀਬੀ ਰਾਜਿੰਦਰ ਕੌਰ




ਵਾਹਘਾ ਬਾਰਡਰ 'ਤੇ ਇੰਮੀਗ੍ਰੇਸ਼ਨ ਅਫਸਰ ਵਕਾਸ ਨਿਜ਼ਾਮੀ

ਅਸੀਂ ਤਕਰੀਬਨ ਇਕ ਘੰਟੇ ਦੇ ਸਫਰ ਮਗਰੋਂ ਲਾਹੌਰ ਦੇ ਹੋਟਲ-ਇੰਡੀਗੋ ਪਹੁੰਚੇ, ਜੋ ਨੂਰਜਹਾਂ ਰੋਡ ਤੇ ਗੁਲਬਰਗ ਲਾਹੌਰ 'ਚ ਹੈ। ਉਥੇ ਉਸ ਹੋਟਲ ਨੂੰ ਅਸੀਂ ਆਪਣੇ ਠਹਿਰਨ ਦਾ ਠਿਕਾਣਾ ਬਣਾ ਲਿਆ ਤੇ ਸਾਨੂੰ ਵੱਡੇ ਬੈੱਡ (ਡਬਲ ਬੈਡ) ਦਾ ਇਕ ਕਮਰਾ ਮਿਲ ਗਿਆ। ਜਿਸ ਵਿਚ ਅਸੀਂ ਰੋਜ਼ਾਨਾ ਰਾਤ ਕੱਟਣ ਦਾ ਆਪਣਾ ਪੱਕਾ ਠਿਕਾਣਾ ਬਣਾ ਲਿਆ।

ਹੋਟਲ ਦਾ ਕਿਰਾਇਆ ਇਕ ਦਿਨ ਦਾ ਤਕਰੀਬਨ 21,000 ਰੁਪਏ (ਪਾਕਿਸਤਾਨੀ ਰੁਪਏ) ਹੈ ਤੇ ਉਸ ਵਿਚ ਸੁਖ-ਸਹੂਲਤਾਂ ਤੋਂ ਇਲਾਵਾ ਸਵੇਰ ਦਾ ਵੱਡਾ ਸਾਰਾ ਨਾਸ਼ਤਾ ਵੀ ਸ਼ਾਮਲ ਹੈ। ਬਾਕੀ ਸਰਵਿਸ ਵੀ ਕਾਫੀ ਬਿਹਤਰੀਨ ਹੈ, ਸਕਿਊਰਟੀ ਦਾ ਇੰਤਜ਼ਾਮ ਹੈ। ਸਾਫ ਕਾਫੀ ਦੋਸਤਾਨਾ ਤੇ ਜ਼ਿੰਮੇਵਾਰੀਆਂ ਵਾਲਾ ਹੈ।

(ਬਾਕੀ ਅਗਲੀਆਂ ਕਿਸ਼ਤਾਂ 'ਚ)

# ਨਾਕਾਮ ਹੋਇਆ ਬ੍ਰਾਜ਼ੀਲ 'ਚ ਲੋਕਸ਼ਾਹੀ 'ਤੇ ਫਾਸ਼ੀਵਾਦੀਆਂ ਦਾ ਵੱਡਾ ਹੱਲਾ



ਦਰਬਾਰਾ ਸਿੰਘ ਕਾਹਲੋਂ

ਅੱਠ ਜਨਵਰੀ ਨੂੰ ਬ੍ਰਾਜ਼ੀਲ ਦੀ ਰਾਜਧਾਨੀ ਬ੍ਰਾਜ਼ੀਲੀਆ ਦੇ ਰਾਸ਼ਟਰਪਤੀ ਭਵਨ, ਕਾਂਗਰਸ ਭਵਨ ਅਤੇ ਸੁਪਰੀਮ ਕੋਰਟ ਭਾਵ ਲੋਕਤੰਤਰ ਦੀਆਂ ਤਿੰਨੇ ਤਾਕਤਵਰ ਸੰਸਥਾਵਾਂ 'ਤੇ ਸਾਬਕਾ ਰਾਸ਼ਟਰਪਤੀ ਜਾਇਰ ਬੋਲਸੋਨਾਰੋ ਦੇ ਸਮਰਥਕ ਫਾਸ਼ੀਵਾਦੀਆਂ ਨੇ ਹਮਲਾ ਕਰ ਦਿੱਤਾ ਸੀ। ਠੀਕ ਉਸੇ ਤਰ੍ਹਾਂ ਜਿਵੇਂ 6 ਜਨਵਰੀ 2021 ਨੂੰ ਅਮਰੀਕੀ ਕੈਪੀਟਲ 'ਤੇ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਨੇ ਕੀਤਾ ਸੀ। ਅਜਿਹੀ ਕਿਸਮ ਦਾ ਹਮਲਾ ਫਾਸ਼ੀਵਾਦੀ ਟਰੱਕ ਆਪ੍ਰੇਟਰਾਂ ਅਤੇ ਹਮਾਇਤੀਆਂ ਨੇ ਕੈਨੇਡਾ ਦੀ ਰਾਜਧਾਨੀ ਓਟਾਵਾ 'ਤੇ 28 ਜਨਵਰੀ ਤੋਂ ਕਰੀਬ 20 ਫਰਵਰੀ, 2022 ਤਕ 'ਫਰੀਡਮ ਕਾਫ਼ਲੇ' ਨਾਮਕ ਮੁਹਿੰਮ ਅਧੀਨ ਕੀਤਾ ਸੀ। ਆਖ਼ਰ ਇਸ ਨਾਲ ਨਿਪਟਣ ਲਈ ਟਰੂਡੋ ਸਰਕਾਰ ਨੂੰ ਦੇਸ਼ ਦਾ ਐਮਰਜੈਂਸੀਜ਼ ਐਕਟ ਲਾਗੂ ਕਰਨਾ ਪਿਆ ਸੀ।

ਜੇ ਅਮਰੀਕਾ ਅੰਦਰ ਰਾਸ਼ਟਰਪਤੀ ਜੋਅ ਬਾਇਡਨ ਪ੍ਰਸ਼ਾਸਨ ਨੇ ਫਾਸ਼ੀਵਾਦੀ ਹਿੰਸਕ ਅਤੇ ਸਾਈਕੋ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਹਮਾਇਤੀਆਂ ਵਿਰੁੱਧ ਦੇਸ਼-ਧ੍ਰੋਹੀ, ਲੋਕਤੰਤਰਘਾਤੀ ਅਤੇ ਘੋਰ ਅਪਰਾਧਕ ਦੋਸ਼ਾਂ ਹੇਠ ਸਖ਼ਤ ਕਾਰਵਾਈ ਕੀਤੀ ਹੁੰਦੀ ਤਾਂ ਸ਼ਾਇਦ ਹੁਣ ਬ੍ਰਾਜ਼ੀਲ ਅੰਦਰ ਖੱਬੇ-ਪੱਖੀ ਜਨਤਾ ਦੁਆਰਾ ਅਕਤੂਬਰ 2022 'ਚ ਚੁਣੇ ਰਾਸ਼ਟਰਪਤੀ ਇਨਸਿਓ ਲੂਲਾ ਡੀ ਸਿਲਵਾ ਦਾ ਤਖ਼ਤਾ ਪਲਟਣ ਜਿਹੀ ਘਿਨਾਉਣੀ ਕਾਰਵਾਈ ਕਰਨ ਦਾ ਹੀਆ ਕਰਨ ਦੀ ਹਿਮਾਕਤ ਨਾ ਕੀਤੀ ਜਾਂਦੀ। ਖੱਬੇ-ਪੱਖੀ ਰਾਸ਼ਟਰਪਤੀ ਲੂਲਾ ਡੀ ਸਿਲਵਾ ਨੇ ਇਸ ਤਖ਼ਤਾ ਪਲਟ ਹਿੰਸਕ ਕਾਰਵਾਈ ਨੂੰ ਪੂਰੀ ਰਾਜਕੀ ਸ਼ਕਤੀ, ਲੋਕਤੰਤਰ ਅਤੇ ਖੱਬੇ-ਪੱਖੀ ਸ਼ਕਤੀਆਂ ਦੀ ਹਮਾਇਤ ਨਾਲ ਕਰੜੇ ਹੱਥਾਂ ਨਾਲ ਨਿਪਟਦਿਆਂ ਨਾਕਾਮ ਬਣਾ ਦਿੱਤਾ। ਪਰ ਲੋਕਤੰਤਰ ਤੇ ਉਸ ਦੇ ਪ੍ਰਸ਼ਾਸਨ ਨੂੰ ਲਗਾਤਾਰ ਖ਼ਤਰਾ ਕਾਇਮ ਹੈ। ਇਸ ਲਈ ਲਗਾਤਾਰ ਸੁਰੱਖਿਆ ਦਸਤਿਆਂ, ਲੋਕਤੰਤਰ ਹਮਾਇਤੀਆਂ ਅਤੇ ਖੱਬੇ-ਪੱਖੀ ਸ਼ਕਤੀਆਂ ਨੂੰ ਚੌਕਸ ਅਤੇ ਸੁਚੇਤ ਰਹਿਣਾ ਪਵੇਗਾ। ਦੇਸ਼ ਅੰਦਰ ਚੰਗੀ ਗੱਲ ਇਹ ਸਾਹਮਣੇ ਆਈ ਹੈ ਕਿ ਹਜ਼ਾਰਾਂ ਲੋਕਤੰਤਰ ਪ੍ਰੇਮੀ ਸੜਕਾਂ 'ਤੇ ਹਿੰਸਕ ਦੰਗਾਕਾਰੀਆਂ ਵਿਰੁੱਧ ਉਤਰ ਆਏ ਹਨ ਅਤੇ ਨਾਅਰਾ ਦੇ ਰਹੇ ਹਨ 'ਦੰਗਾਕਾਰੀਆਂ ਨੂੰ ਕੋਈ ਮਾਫ਼ੀ ਨਹੀਂ, ਕੋਈ ਮਾਫ਼ੀ ਨਹੀਂ, ਕੋਈ ਮਾਫ਼ੀ ਨਹੀਂ।' ਸਾਬਕਾ ਰਾਸ਼ਟਰਪਤੀ ਬੋਲਸੋਨਾਰੋ 30 ਅਕਤੂਬਰ 2022 ਨੂੰ ਹੋਈ ਹਾਰ ਨੂੰ ਅਮਰੀਕੀ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਵਾਂਗ ਨਹੀਂ ਸੀ ਕਬੂਲ ਰਿਹਾ ਕਿਉਂਕਿ ਉਸ ਦੇ ਵਿਰੋਧੀ ਖੱਬੇ-ਪੱਖੀ ਜੁਝਾਰੂ ਆਗੂ ਲੂਲਾ ਡੀ ਸਿਲਵਾ ਜੋ ਪਹਿਲਾਂ ਵੀ ਦੋ ਵਾਰ ਦੇਸ਼ ਦੇ ਰਾਸ਼ਟਰਪਤੀ ਰਹੇ ਹਨ, ਵੱਲੋਂ 50.9 ਪ੍ਰਤੀਸ਼ਤ ਵੋਟਾਂ ਪ੍ਰਾਪਤ ਕਰ ਕੇ ਜਿੱਤ ਹਾਸਲ ਕੀਤੀ ਗਈ ਸੀ। ਉਹ ਬ੍ਰਾਜ਼ੀਲ ਵਿਚ ਸੰਨ 1996 ਤੋਂ ਲਾਗੂ ਇਲੈਕਟ੍ਰਾਨਿਕ ਵੋਟਿੰਗ ਸਿਸਟਮ ਰਾਹੀਂ ਹੋਈ ਹੇਰਾਫੇਰੀ ਨੂੰ ਆਪਣੀ ਹਾਰ ਲਈ ਜ਼ਿੰਮੇਵਾਰ ਠਹਿਰਾ ਰਿਹਾ ਸੀ। ਇਸੇ ਤਰ੍ਹਾਂ ਦੀ ਰੱਟ ਟਰੰਪ ਨੇ ਲਗਾਈ ਹੋਈ ਸੀ।

ਰਾਸ਼ਟਰਪਤੀ ਲੂਲਾ ਦੀ ਵਧਦੀ ਹਮਾਇਤ ਤੇ ਹਰਮਨ ਪਿਆਰਤਾ, ਲਾਤੀਨੀ ਅਮਰੀਕੀ ਦੇਸ਼ਾਂ ਵੱਲੋਂ ਹੀ ਨਹੀਂ ਬਲਕਿ ਵਿਸ਼ਵ ਦੇ ਅਮਰੀਕਾ ਸਮੇਤ ਲੋਕਤੰਤਰੀ ਦੇਸ਼ਾਂ ਵੱਲੋਂ ਉਨ੍ਹਾਂ ਦੀ ਹਮਾਇਤ 'ਤੇ ਡਟਣ ਅਤੇ ਲੋਕਸ਼ਾਹੀ ਦੀ ਜਿੱਤ ਤਸਲੀਮ ਕਰਨ ਦੇ ਦਬਾਅ ਕਾਰਨ ਇਸ ਵਰ੍ਹੇ ਇਕ ਜਨਵਰੀ ਨੂੰ ਰਾਸ਼ਟਰਪਤੀ ਸਹੁੰ ਚੁੱਕ ਸਮਾਗਮ ਤੋਂ ਕਿਨਾਰਾ ਕਰਦੇ ਹੋਏ ਕੁਝ ਦਿਨ ਪਹਿਲਾਂ ਹੀ ਬੋਲਸੋਨਾਰੋ ਫਲੋਰੀਡਾ (ਅਮਰੀਕਾ) ਵਿਖੇ ਚਲਾ ਗਿਆ ਸੀ। ਦਰਅਸਲ ਉਹ ਸੱਤਾ ਪਰਿਵਰਤਨ ਸਮਾਰੋਹ ਵਿਚ ਹੀ ਖਲਲ ਪਾਉਣਾ ਚਾਹੁੰਦਾ ਸੀ ਪਰ ਜਦੋਂ ਉਸ ਨੂੰ ਲੋੜੀਂਦੀ ਹਮਾਇਤ ਫ਼ੌਜ, ਕਾਰਪੋਰੇਟ ਧਨ ਕੁਬੇਰਾਂ ਅਤੇ ਵਿਦੇਸ਼ਾਂ 'ਚੋਂ ਪ੍ਰਾਪਤ ਨਾ ਹੋਈ ਤਾਂ ਉਹ ਦੇਸ਼




'ਚੋਂ ਖਿਸਕ ਗਿਆ। ਪਰ ਤਖ਼ਤਾ ਪਲਟ ਹਿੰਸਕ ਕਾਰਵਾਈ ਅਤੇ ਇੱਕੋ ਸਮੇਂ ਲੋਕਤੰਤਰ ਦੇ ਤਿੰਨ ਮਜ਼ਬੂਤ ਥੰਮ੍ਹਾਂ ਰਾਸ਼ਟਰਪਤੀ ਭਵਨ (ਕਾਰਜਪਾਲਿਕਾ),ਕਾਂਗਰਸ ਭਵਨ (ਵਿਧਾਨ ਪਾਲਿਕਾ) ਅਤੇ ਸੁਪਰੀਮ ਕੋਰਟ ਭਵਨ (ਨਿਆਂ ਪਾਲਿਕਾ) 'ਤੇ ਹਮਲੇ ਦੀ ਯੋਜਨਾ ਪਹਿਲਾਂ ਹੀ ਯੋਜਨਾਬੱਧ ਢੰਗ ਨਾਲ ਉਲੀਕੀ ਹੋਈ ਸੀ। ਕੋਡ ਸ਼ਬਦ ਰਾਹੀਂ ਬੋਲਸੋਨਾਰੋ ਹਮਾਇਤੀ ਇਸ ਨੂੰ ਅੰਜਾਮ ਦੇਣ ਲਈ ਸੋਸ਼ਲ ਮੀਡੀਆ, ਟਵਿੱਟਰ, ਟੈਲੀਗ੍ਰਾਮ, ਟਿੱਕ-ਟਾਕ ਤੋਂ ਯੂ-ਟਿਊਬ ਤੇ ਫੇਸਬੁੱਕ ਰਾਹੀਂ ਸੁਨੇਹੇ ਦੇ ਕੇ ਵੱਡੇ ਸੰਗਠਿਤ ਮਨਸੂਬਿਆਂ ਰਾਹੀਂ ਲੈਸ ਹੋ ਰਹੇ ਸਨ। ਉਨ੍ਹਾਂ ਦਾ ਨਿਸ਼ਾਨਾ 5 ਲੱਖ ਹਜੂਮ ਨਾਲ ਹਮਲਾ ਕਰਨ ਦਾ ਸੀ। ਬ੍ਰਾਜ਼ੀਲ ਪ੍ਰਸ਼ਾਸਨ, ਸੁਰੱਖਿਆ ਦਸਤਿਆਂ ਅਤੇ ਪ੍ਰਬੰਧਕਾਂ ਅੰਦਰ ਉਨ੍ਹਾਂ ਦੇ ਹਮਾਇਤੀ ਮੌਜੂਦ ਸਨ। ਵੀਡੀਓਗ੍ਰਾਫੀ ਦਰਸਾਉਂਦੀ ਹੈ ਕਿ ਫਾਸ਼ੀਵਾਦੀ 'ਫਰੀਡਮ ਕਾਫ਼ਲੇ' ਦੇ ਹਮਲੇ, ਤੋੜਫੋੜ, ਕਬਜ਼ਾਕਾਰੀ ਕਾਰਵਾਈਆਂ ਸਮੇਂ ਬਹੁਤ ਘੱਟ ਮਿਲਟਰੀ ਪੁਲਿਸ ਮੌਜੂਦ ਸੀ।

ਹਰੇ ਅਤੇ ਪੀਲੇ ਰੰਗ ਦੀਆਂ ਜਰਸੀਆਂ ਪਹਿਨੇ, ਝੰਡੇ ਲਈ ਫਾਸ਼ੀਵਾਦੀ ਦੰਗਾਕਾਰੀਆਂ ਨੇ ਸੰਸਦ, ਰਾਸ਼ਟਰਪਤੀ ਭਵਨ, ਸੁਪਰੀਮ ਕੋਰਟ ਇਮਾਰਤਾਂ 'ਤੇ ਹਮਲਾ ਕਰ ਦਿੱਤਾ। ਉਨ੍ਹਾਂ ਨੂੰ ਸੁਰੱਖਿਆ ਦਸਤੇ, ਪੁਲਿਸ ਆਦਿ ਰੋਕ ਨਾ ਸਕੇ। ਮੁਜ਼ਾਹਰਾਕਾਰੀ ਸਪੀਕਰ ਦੇ ਮੰਚ, ਸੰਸਦ ਦੀਆਂ ਛੱਤਾਂ 'ਤੇ ਚੜ੍ਹ ਗਏ, ਖਿੜਕੀਆਂ ਅਤੇ ਹੋਰ ਸਾਜ਼ੋ-ਸਾਮਾਨ ਕੰਪਿਊਟਰ, ਸਕਰੀਨਾਂ, ਫੋਟੋਆਂ, ਬੁੱਤ ਆਦਿ ਭੰਨ-ਤੋੜ ਦਿੱਤੇ। ਇਵੇਂ ਹੀ ਬਹੁਤ ਬੇਰਹਿਮੀ ਭਰੀ ਭੰਨ-ਤੋੜ ਐਤਵਾਰ ਨੂੰ ਛੁੱਟੀ ਵਾਲੇ ਦਿਨ ਸੁਪਰੀਮ ਕੋਰਟ ਅਤੇ ਰਾਸ਼ਟਰਪਤੀ ਭਵਨ ਵਿਚ ਕੀਤੀ ਗਈ। ਸੁਰੱਖਿਆ ਦਸਤੇ ਤਮਾਸ਼ਾ ਦੇਖਦੇ ਰਹੇ। ਫਾਸ਼ੀਵਾਦੀ ਹਜੂਮ ਫ਼ੌਜ ਦੀ ਦਖ਼ਲਅੰਦਾਜ਼ੀ ਰਾਹੀਂ ਬੋਲਸੋਨਾਰੋ ਨੂੰ ਮੁੜ ਗੱਦੀ 'ਤੇ ਬੈਠਾਉਣ ਦੀ ਮੰਗ ਕਰ ਰਿਹਾ ਸੀ। ਹੈਰਾਨੀ ਵਾਲੀ ਗੱਲ ਇਹ ਵੀ ਸੀ ਕਿ ਬ੍ਰਾਜ਼ੀਲ ਪ੍ਰਸ਼ਾਸਨ ਨੇ ਦੋ ਸਾਲ ਪਹਿਲਾਂ ਹੋਏ ਐਸੇ ਅਮਰੀਕੀ ਕੈਪੀਟਲ 'ਤੇ ਹਮਲੇ ਤੋਂ ਕੁਝ ਨਹੀਂ ਸਿੱਖਿਆ। ਸੁਰੱਖਿਆ ਦਸਤਿਆਂ ਨੂੰ ਅਜਿਹੀ ਆਫ਼ਤ ਨਾਲ ਨਿਪਟਣ ਅਤੇ ਕਾਬੂ ਕਰਨ ਦੀ ਸਿਖਲਾਈ ਨਹੀਂ ਦਿੱਤੀ ਗਈ। ਖ਼ੈਰ! ਰਾਸ਼ਟਰਪਤੀ ਲੂਲਾ ਅਤੇ ਹਮਾਇਤੀਆਂ ਨੇ ਸੁਰੱਖਿਆ ਦਸਤਿਆਂ ਦੀ ਮਦਦ ਨਾਲ ਇਸ ਫਾਸ਼ੀਵਾਦੀ ਹਮਲੇ ਨੂੰ ਕੁਚਲ ਦਿੱਤਾ। ਇਸ ਲਈ ਜ਼ਿੰਮੇਵਾਰ ਲੋਕਾਂ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਹ ਸਭ ਕੁਝ ਅਚਾਨਕ ਨਹੀਂ ਸੀ ਹੋਇਆ।

ਬੋਲਸੋਨਾਰੋ ਲੰਬੇ ਸਮੇਂ ਤੋਂ ਸੱਤਾ ਵਿਚ ਬਣੇ ਰਹਿਣ ਦੀਆਂ ਰਾਜਨੀਤਕ ਫਾਸ਼ੀਵਾਦੀ ਸਾਜ਼ਿਸ਼ਾਂ ਘੜ ਰਿਹਾ ਸੀ। ਹਾਰ ਤੋਂ ਬਾਅਦ ਟਰੰਪ ਵਾਂਗ ਸੱਤਾ ਵਿਚ ਬਣੇ ਰਹਿਣ ਦੀ ਜ਼ਮੀਨ ਤਿਆਰ ਕਰ ਰਿਹਾ ਸੀ। ਬੋਲਸੋਨਾਰੋ, ਉਸ ਦੇ ਪੁੱਤਰ, ਉਸ ਦੇ ਨਜ਼ਦੀਕੀ ਸਲਾਹਕਾਰ, ਪ੍ਰਭਾਵਸ਼ਾਲੀ ਟੀਮ, ਵਿਸ਼ੇਸ਼ ਨਫ਼ਰਤ ਫੈਲਾਊ ਕੈਬਨਿਟ, ਦੇਸ਼-ਵਿਦੇਸ਼ ਅੰਦਰ ਕੂੜ-ਪ੍ਰਚਾਰ, ਸਾਜ਼ਿਸ਼ੀ ਅਫ਼ਵਾਹਾਂ ਫੈਲਾਉਣ ਵਾਲੇ ਦਸਤੇ ਬ੍ਰਾਜ਼ੀਲੀ ਲੋਕਤੰਤਰ ਲਈ ਖ਼ਤਰਾ ਬਣੇ।

ਇਹ ਸਭ ਲਗਾਤਾਰ ਉਸ ਨੂੰ ਸੱਤਾ ਵਿਚ ਕਾਇਮ ਰੱਖਣ ਲਈ ਯਤਨਸ਼ੀਲ ਸਨ। ਇਹ ਰਲ ਕੇ ਬ੍ਰਾਜ਼ੀਲ ਵਿਚ ਸੰਨ 1964 ਵਿਚ ਮਿਲਟਰੀ ਡਿਕਟੇਟਰਸ਼ਿਪ ਤੋਂ ਆਜ਼ਾਦ ਕਰਵਾ ਕੇ ਸਥਾਪਤ ਕੀਤੇ ਲੋਕਤੰਤਰ, ਲੋਕ ਆਜ਼ਾਦੀਆਂ, ਲੋਕ ਭਲਾਈ ਕਾਰਜਾਂ ਨੂੰ ਮੁੜ ਤੋਂ ਫਾਸ਼ੀਵਾਦੀ ਦਰਿੰਦਿਆਂ ਅਤੇ ਬਾਈਵਾਲ ਲਹੂ-ਪੀਣੀਆਂ ਜੋਕਾਂ ਕਾਰਪੋਰੇਟਰਾਂ ਅੱਗੇ ਸੁੱਟਣਾ ਚਾਹੁੰਦੇ ਸਨ। ਬੋਲਸੋਨਾਰੋ ਅਮਰੀਕੀ ਸਾਬਕਾ ਰਾਸ਼ਟਰਪਤੀ ਟਰੰਪ ਦਾ ਵੱਡਾ ਪ੍ਰਸ਼ੰਸਕ ਰਿਹਾ ਹੈ। ਹਾਰ ਨੂੰ ਜਿੱਤ ਵਿਚ ਬਦਲਣ ਅਤੇ ਸੱਤਾ ਨਾਲ ਚਿੰਬੜੇ ਰਹਿਣ ਲਈ 30 ਅਕਤੂਬਰ ਨੂੰ ਹਾਰਨ ਮਗਰੋਂ ਉਹ ਲਗਾਤਾਰ ਟਰੰਪ ਦੇ ਸਲਾਹਕਾਰ ਸਟੀਵ ਬਾਨਨ ਅਤੇ ਜਾਸਨ ਮਿੱਲਰ ਦੇ ਸੰਪਰਕ ਵਿਚ ਰਿਹਾ ਹੈ। ਨਵੰਬਰ, 2022 ਵਿਚ ਉਸ ਦੇ ਪੁੱਤਰ ਏਡਾਰਡੋ ਬੋਲਸੋਨਾਰੋ ਨੇ ਟਰੰਪ ਤੇ ਉਸ ਦੇ ਸਲਾਹਕਾਰਾਂ ਨੂੰ ਅਮਰੀਕਾ ਵਿਖੇ ਮਿਲਣ ਮਗਰੋਂ ਇਕ ਵਿਸ਼ੈਲੀ, ਝੂਠੀ ਅਤੇ ਸਾਜ਼ਿਸ਼ੀ ਵੀਡੀਓ ਜਾਰੀ ਕੀਤੀ ਸੀ ਜਿਸ ਰਾਹੀਂ ਰਾਸ਼ਟਰਪਤੀ ਲੂਲਾ ਵੱਲੋਂ ਇਲੈਕਟ੍ਰਾਨਿਕ ਮਸ਼ੀਨਾਂ ਦੀ ਕੁਵਰਤੋਂ ਕਰ ਕੇ ਜਿੱਤ ਹਾਸਲ ਕਰਨ ਦਾ ਭਰਮ-ਭੁਲੇਖਾ ਪਾਉਣ ਦਾ ਯਤਨ ਕੀਤਾ ਗਿਆ ਸੀ।

ਬੋਲਸੋਨਾਰੋ ਕੁਨਬੇ ਨੇ ਟਰੱਕਾਂ ਤੇ ਹਥਿਆਰਾਂ ਵਾਲੇ ਵੀ ਤਿਆਰ ਕਰ ਰੱਖੇ ਸਨ। ਰਾਸ਼ਟਰਪਤੀ ਲੂਲਾ ਨੇ ਬਿਜਲੀ ਦੀ ਤੇਜ਼ ਗਤੀ ਵਾਂਗ ਕਾਰਵਾਈ ਕਰਦੇ ਹੋਏ ਫੈਡਰਲ ਐਮਰਜੈਂਸੀ ਐਲਾਨ ਦਿੱਤੀ ਤੇ 1500 ਤੋਂ ਵੱਧ ਦੰਗਾਕਾਰੀ ਗ੍ਰਿਫ਼ਤਾਰ ਕਰ ਲਏ। ਅਟਾਰਨੀ ਜਨਰਲ ਦਫ਼ਤਰ ਨੇ ਬ੍ਰਾਜ਼ੀਲੀਆ ਦੇ ਜਨਤਕ ਸੁਰੱਖਿਆ ਮੁਖੀ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਜੋ ਬੋਲਸੋਨਾਰੋ ਸਰਕਾਰ ਵਿਚ ਨਿਆਂ ਮੰਤਰੀ ਸੀ। ਸੁਪਰੀਮ ਕੋਰਟ ਨੇ ਬ੍ਰਾਜ਼ੀਲੀਆ ਦੇ ਗਵਰਨਰ ਨੂੰ ਹਟਾਉਣ ਦੇ ਹੁਕਮ ਦਿੱਤੇ ਜਿਸ ਨੇ 100 ਤੋਂ ਵੱਧ ਬੱਸਾਂ ਅੰਦਰ ਘੁਸਣ ਦਿੱਤੀਆਂ।

ਰਾਸ਼ਟਰਪਤੀ ਲੂਲਾ ਨੇ ਲੋਕਤੰਤਰ ਘਾਤ ਲਈ ਜ਼ਿੰਮੇਵਾਰ ਲੋਕਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਦਾ ਐਲਾਨ ਕੀਤਾ ਹੈ। ਬੋਲਸੋਨਾਰੋ ਨੂੰ ਵਾਪਸ ਬ੍ਰਾਜ਼ੀਲ ਲਿਆ ਕੇ ਉਸ ਤੇ ਦੇਸ਼ਧ੍ਰੋਹੀ ਅਤੇ ਅਪਰਾਧਕ ਦੋਸ਼ਾਂ ਅਧੀਨ ਮੁਕੱਦਮਾ ਚਲਾਉਣਾ ਚਾਹੀਦਾ ਹੈ। ਸਾਜ਼ਿਸ਼ਕਾਰਾਂ ਅਤੇ ਅਪਰਾਧੀਆਂ ਵਿਰੁੱਧ ਇਬਰਤਨਾਕ ਕਾਰਵਾਈ ਕਰਨੀ ਚਾਹੀਦੀ ਹੈ। ਦੇਸ਼ ਦੀਆਂ ਸਮਾਜਿਕ, ਆਰਥਿਕ ਅਤੇ ਵਾਤਾਵਰਨ ਸਬੰਧੀ ਚੁਣੌਤੀਆਂ ਨਾਲ ਨਜਿੱਠਣ ਲਈ ਸਮਾਂਬੱਧ ਰੋਡਮੈਪ ਬਣਾਉਣਾ ਹੋਵੇਗਾ। ਪਾਰਟੀ ਕਾਰਕੁਨਾਂ ਅਤੇ ਅਹੁਦੇਦਾਰਾਂ ਨੂੰ ਭਵਿੱਖੀ ਲੋਕਤੰਤਰ ਵਿਰੋਧੀ ਸ਼ਕਤੀਆਂ ਨਾਲ ਨਿਪਟਣ ਲਈ ਸੰਗਠਿਤ ਕਰਨਾ ਚਾਹੀਦਾ ਹੈ। ਦੇਸ਼ ਦੀ ਏਕਤਾ ਤੇ ਅਖੰਡਤਾ ਕਾਇਮ ਰੱਖਣ ਲਈ ਵਿਰੋਧੀਆਂ ਨੂੰ ਵੀ ਮੁੱਖ ਧਾਰਾ ਵਿਚ ਸ਼ਾਮਲ ਕਰਨਾ ਚਾਹੀਦਾ ਹੈ।

# ਭਾਰਤ ਵਿਚ ਕਿਉਂ ਨਹੀਂ ਰੁਕ ਰਿਹਾ ਸੜਕ ਹਾਦਸਿਆਂ ਵਿਚ ਹੋ ਰਿਹਾ ਵਾਧਾ

ਜੀ ਕੇ ਸਿੰਘ

ਪਿਛਲੇ ਵਰ੍ਹੇ ਦਾ ਆਖ਼ਰੀ ਮਹੀਨਾ ਅਤੇ ਨਵੇਂ ਸਾਲ ਦੇ ਪਹਿਲੇ ਮਹੀਨੇ ਦਾ ਪਹਿਲਾ ਅੱਧ ਭਾਰਤ ਦੀਆਂ ਸੜਕਾਂ 'ਤੇ ਕਈ ਕਿਸਮ ਦੇ ਘੜਮੱਸ ਬੋਲੇ ਲੰਘ ਗਿਆ। ਬਹੁਤ ਘੱਟ ਲੋਕਾਂ ਨੇ ਮਹਿਸੂਸ ਕੀਤਾ ਹੋਵੇਗਾ ਕਿ 11 ਤੋਂ 17 ਜਨਵਰੀ ਤਕ ਪੂਰੇ ਦੇਸ਼ ਵਿਚ ਕੌਮੀ ਸੜਕ ਸੁਰੱਖਿਆ ਸਪਤਾਹ ਵੀ ਮਨਾਇਆ ਗਿਆ। ਹਰ ਵਰ੍ਹੇ ਇਸ ਸਪਤਾਹ ਦਾ ਥੀਮ 'ਸੜਕ ਸੁਰੱਖਿਆ-ਜੀਵਨ ਰੱਖਿਆ' ਹੀ ਹੁੰਦਾ ਹੈ ਪਰ ਵਰ੍ਹਿਆਂ ਤੋਂ ਸਾਡੀਆਂ ਸੜਕਾਂ ਜੀਵਨ ਰੱਖਿਅਕ ਨਹੀਂ ਬਣ ਸਕੀਆਂ। ਹੁਣ ਵੀ ਭਾਰਤ ਉਨ੍ਹਾਂ ਦੇਸ਼ਾਂ 'ਚੋਂ ਮੋਹਰੀ ਹੈ ਜਿੱਥੇ ਸੜਕ ਹਾਦਸਿਆਂ ਵਿਚ ਮੌਤਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਰੋਡ ਸੇਫਟੀ ਕੌਂਸਲ ਦੀ ਰਿਪੋਰਟ ਮੁਤਾਬਕ ਪਿਛਲੇ ਸਾਲ ਕੋਈ ਪੰਜ ਲੱਖ ਸੜਕ ਦੁਰਘਟਨਾਵਾਂ ਵਿਚ ਡੇਢ ਲੱਖ ਤੋਂ ਵੀ ਵੱਧ ਮੌਤਾਂ ਹੋਈਆਂ ਹਨ।

ਸੰਨ 2015 ਵਿਚ ਭਾਰਤ ਸਰਕਾਰ ਵੱਲੋਂ ਯੂਐਨਓ ਵੱਲੋਂ ਪਾਸ ਕੀਤੇ ਮਤੇ ਦੀ ਰੋਸ਼ਨੀ ਵਿਚ ਸੜਕ ਦੁਰਘਟਨਾਵਾਂ ਵਿਚ ਮਰਨ ਵਾਲਿਆਂ ਦੀ ਸੰਖਿਆ ਅੱਧੀ ਕਰਨ ਦਾ ਟੀਚਾ ਮਿੱਥਿਆ ਗਿਆ ਸੀ ਪਰ ਸੱਤ ਸਾਲ ਬੀਤਣ 'ਤੇ ਵੀ ਸੜਕਾਂ 'ਤੇ ਮਰਨ ਵਾਲਿਆਂ ਦੀ ਗਿਣਤੀ ਘਟਣ ਦੀ ਬਜਾਏ 145000 ਤੋਂ ਵਧ ਕੇ ਪਿਛਲੇ ਵਰ੍ਹੇ 155600 ਹੋਈ ਹੈ। ਵਿਸ਼ਵ ਭਰ ਵਿਚ ਹਰ ਸਾਲ ਕੁੱਲ ਤੇਰਾਂ ਲੱਖ ਸੜਕ ਹਾਦਸਿਆਂ ਵਿਚ ਮਰਨ ਵਾਲਿਆਂ 'ਚੋਂ ਸਭ ਦੇਸ਼ਾਂ ਤੋਂ ਵੱਧ ਸੰਖਿਆ ਭਾਰਤ ਵਿਚ ਹੈ। ਇਨ੍ਹਾਂ ਦੁਰਘਟਨਾਵਾਂ ਵਿਚ ਮਰਨ ਵਾਲਿਆਂ ਦੇ ਵਾਰਿਸਾਂ ਦਾ ਸਵਾ ਲੱਖ ਕਰੋੜ ਦਾ ਆਰਥਿਕ ਨੁਕਸਾਨ ਵੀ ਹੁੰਦਾ ਹੈ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਵਿਚ ਜਦ ਕੌਮੀ ਸੜਕ ਸੁਰੱਖਿਆ ਕੌਂਸਲ ਵੱਲੋਂ ਸਾਲ 1995 ਨੂੰ ਸੜਕ ਸੁਰੱਖਿਆ ਵਰ੍ਹਾ ਐਲਾਨਣ ਦੇ ਨਾਲ ਸੜਕ ਸੁਰੱਖਿਆ ਨੀਤੀ ਐਲਾਨ ਕੀਤੀ ਗਈ ਸੀ ਤਾਂ ਸਾਲ 2000 ਤਕ ਹਾਦਸਿਆਂ ਦੀ ਗਿਣਤੀ ਤਿੰਨ ਲੱਖ ਤੋਂ ਘਟਾ ਕੇ ਦੋ ਲੱਖ ਕਰਨ ਅਤੇ ਸਾਲਾਨਾ ਮਰਨ ਵਾਲਿਆਂ ਦੀ ਗਿਣਤੀ ਸੱਠ ਹਜ਼ਾਰ ਤੋਂ ਪੱਚੀ ਹਜ਼ਾਰ ਕਰਨ ਦਾ ਟੀਚਾ ਨਿਰਧਾਰਤ ਕੀਤਾ ਗਿਆ ਸੀ। ਅੱਜ ਸਤਾਈ ਸਾਲਾਂ ਬਾਅਦ ਅਸੀਂ ਆਪਣੇ ਨਿਰਧਾਰਤ ਟੀਚਿਆਂ ਵੱਲ ਵੇਖੀਏ ਤਾਂ ਜਾਪਦਾ ਨਹੀਂ ਕਿ ਅਸੀਂ ਇਸ ਅਹਿਮ ਵਿਸ਼ੇ ਸਬੰਧੀ ਭੋਰਾ ਵੀ ਗੰਭੀਰ ਹਾਂ। ਇਕੱਲੇ ਚੰਡੀਗੜ੍ਹ ਵਿਚ ਜਿੱਥੇ ਚੌੜੀਆਂ ਸੜਕਾਂ, ਚੌਕ ਅਤੇ ਟਰੈਫਿਕ ਬੱਤੀਆਂ ਦੀ ਘਾਟ



ਨਹੀਂ, ਹਰ ਸਾਲ ਇਕ ਸੌ ਤੋਂ ਵੱਧ ਲੋਕ ਸੜਕ ਹਾਦਸਿਆਂ ਵਿਚ ਮਾਰੇ ਜਾਂਦੇ ਹਨ।

ਪੜ੍ਹੇ-ਲਿਖੇ ਲੋਕ ਅਤੇ ਸੜਕਾਂ ਦੀ ਚੰਗੀ ਹਾਲਤ ਹੋਣ ਦੇ ਬਾਵਜੂਦ ਟਰੈਫਿਕ ਨਿਯਮਾਂ ਦੀ ਪਾਲਣਾ ਅਜੇ ਤਕ ਸਾਡੇ ਸਭਿਆਚਾਰ ਦਾ ਅੰਗ ਨਹੀਂ ਬਣੀ। ਮੋਟਰ-ਗੱਡੀਆਂ ਅਤੇ ਰੇਲਵੇ ਦੀ ਈਜਾਦ ਭਾਵੇਂ ਪਹਿਲਾਂ ਹੀ ਹੋ ਚੁੱਕੀ ਸੀ ਪਰ ਜਨ-ਸੰਚਾਰ ਸਾਧਨ ਦੇ ਰੂਪ ਵਿਚ ਇਹ ਵੀਹਵੀਂ ਸਦੀ ਵਿਚ ਹੀ ਉਪਯੋਗੀ ਹੋਏ। ਇਸੇ ਸਦੀ ਵਿਚ ਪਿੰਡਾਂ ਨੂੰ ਕਸਬਿਆਂ ਨਾਲ ਅਤੇ ਸ਼ਹਿਰਾਂ ਨੂੰ ਮਹਾਨਗਰਾਂ ਨਾਲ ਜੋੜਿਆ ਗਿਆ। ਪਿਛਲੀ ਸਦੀ ਦੇ ਸ਼ੁਰੂ ਵਿਚ ਭਾਵੇਂ ਟਰੈਫਿਕ ਦੀ ਕੋਈ ਸਮੱਸਿਆ ਨਹੀਂ ਸੀ ਪਰ ਫਿਰ ਵੀ ਆਵਾਜਾਈ ਨੂੰ ਨਿਯਮਤ ਰੂਪ ਦੇਣ ਲਈ ਪਹਿਲਾ ਮੋਟਰ ਵਹੀਕਲਜ਼ ਐਕਟ 1914 ਵਿਚ ਪਾਸ ਹੋਇਆ।

ਪਹਿਲਾ ਟਰੈਫਿਕ ਸਿਗਨਲ 1955 'ਚ ਮੁੰਬਈ ਵਿਚ ਮੇਓ ਸੜਕ ਅਤੇ ਵੀਰ ਨਾਰੀਮਨ ਸੜਕ ਵਿਚਕਾਰ ਲਾਇਆ ਗਿਆ। ਫਿਰ 1989 ਵਿਚ ਮੋਟਰ ਵਹੀਕਲਜ਼ ਐਕਟ ਨੂੰ ਸੋਧ ਕੇ ਨਵੇਂ ਹਾਲਾਤ ਮੁਤਾਬਕ ਬਣਾਇਆ ਗਿਆ। ਤੀਹ ਸਾਲ ਬਾਅਦ ਇਸ ਐਕਟ ਦੀਆਂ ਧਾਰਾਵਾਂ ਵਿਚ ਹੋਰ ਸੋਧ ਕਰ ਕੇ ਵਾਹਨ ਚਾਲਕਾਂ ਨੂੰ ਨਿਯਮਾਂ ਦੀ ਪਾਲਣਾ ਨਾ ਕਰਨ ਦੀ ਸੂਰਤ ਵਿਚ ਸਖ਼ਤ ਜੁਰਮਾਨੇ ਲਾਉਣ ਦਾ ਉਪਬੰਧ ਕੀਤਾ ਗਿਆ।

ਇਸ ਸਭ ਦੇ ਬਾਵਜੂਦ ਭਾਰਤ ਵਿਚ ਇਕ ਲੱਖ ਵਸੋਂ ਪਿੱਛੇ ਹਰ ਸਾਲ 23 ਵਿਅਕਤੀ ਮਾਰੇ ਜਾਂਦੇ ਹਨ ਜਦਕਿ ਜਰਮਨੀ ਵਿਚ 4, ਫਰਾਂਸ ਵਿਚ 5, ਸਵੀਡਨ ਵਿਚ 2, ਯੂਐੱਸਏ ਵਿਚ 12 ਅਤੇ ਇੰਗਲੈਂਡ ਵਿਚ ਕੇਵਲ 3 ਵਿਅਕਤੀ ਸੜਕ ਦੁਰਘਟਨਾਵਾਂ ਵਿਚ ਮਾਰੇ ਜਾਂਦੇ ਹਨ। ਜੇਕਰ ਮੋਟਰ-ਗੱਡੀਆਂ ਦੀ ਗਿਣਤੀ ਦੇ ਹਿਸਾਬ ਨਾਲ ਇਹ ਅੰਕੜੇ ਦੇਖਣੇ ਹੋਣ ਤਾਂ ਭਾਰਤ ਸਭ ਤੋਂ ਉੱਪਰ ਹੈ। ਇਕ ਲੱਖ ਗੱਡੀਆਂ ਪਿੱਛੇ 120 ਵਿਅਕਤੀ ਹਰ ਸਾਲ ਸਾਡੇ ਦੇਸ਼ ਵਿਚ ਮਾਰੇ ਜਾਂਦੇ ਹਨ ਜਦਕਿ ਜਰਮਨੀ ਵਿਚ 6, ਯੂਐੱਸਏ ਵਿਚ 14, ਬ੍ਰਾਜ਼ੀਲ ਵਿਚ 57, ਇੰਗਲੈਂਡ ਵਿਚ 5 ਅਤੇ ਫਰਾਂਸ ਵਿਚ ਕੇਵਲ 8 ਵਿਅਕਤੀ ਹਾਦਸਿਆਂ ਦਾ ਸ਼ਿਕਾਰ ਹੁੰਦੇ ਹਨ।

ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ ਮਾਹਿਰਾਂ ਦੇ ਗਰੁੱਪ ਬਣਾਏ ਜਾਣ ਦੇ ਬਾਵਜੂਦ ਪਿਛਲੇ ਚਾਰ ਦਹਾਕਿਆਂ ਵਿਚ ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਗਿਣਤੀ ਵਿਚ ਕਮੀ ਨਹੀਂ ਆਈ। ਇਨਫੋਰਸਮੈਂਟ ਦੀ ਘਾਟ ਕਾਰਨ ਟਰੈਫਿਕ ਨਿਯਮਾਂ ਦੀ ਅਣਦੇਖੀ ਪ੍ਰਤੀਤ ਹੁੰਦੀ ਹੈ। ਚੌਕਾਂ ਵਿਚ ਸੀਸੀਟੀਵੀ ਕੈਮਰੇ ਫਿੱਟ ਹੋਣ ਉਪਰੰਤ ਵੀ ਚੰਡੀਗੜ੍ਹ ਵਰਗੇ ਸ਼ਹਿਰ ਵਿਚ ਗੱਡੀ ਚਾਲਕ ਅਕਸਰ ਨਿਯਮਾਂ ਦੀ ਉਲੰਘਣਾ ਕਰਦੇ ਹਨ।

ਤੇਜ਼ ਸਪੀਡ, ਲਾਲ ਬੱਤੀ ਦੀ ਉਲੰਘਣਾ ਅਤੇ ਗ਼ਲਤ ਪਾਸਿਓਂ ਓਵਰਟੇਕ ਕਰਨਾ ਸੜਕ ਦੁਰਘਟਨਾਵਾਂ ਦੇ ਮੁੱਖ ਕਾਰਨ ਹਨ। ਸਾਡੀਆਂ ਸੜਕਾਂ 'ਤੇ ਰਲਿਆ-ਮਿਲਿਆ ਟਰੈਫਿਕ ਵੀ ਹਾਦਸਿਆਂ ਦਾ ਕਾਰਨ ਬਣਦਾ ਹੈ। ਕੌਮੀ ਤੇ ਰਾਜ ਮਾਰਗਾਂ ਅਤੇ ਲਿੰਕ ਸੜਕਾਂ 'ਤੇ ਇੱਕੋ ਸਮੇਂ ਬੱਸਾਂ,

(ਬਾਕੀ ਅਗਲੇ ਸਫੇ 'ਤੇ)

# ਪੰਜਾਬ ਵਿਚ ਨਸ਼ਿਆਂ ਦੇ ਵਪਾਰੀਆਂ ਦੇ ਨੈੱਟਵਰਕ ਨੂੰ ਨੱਥ ਪਾਉਣੀ ਲਾਜ਼ਮੀ

**ਰਾਜੇਸ਼ ਰਾਮਚੰਦਰਨ**

ਬਲਵਿੰਦਰ ਸਿੰਘ ਜੰਜੂਆ ਨੇ ਵੈੱਬ ਸੀਰੀਜ਼ 'ਕੈਟ' (CAT) ਬਣਾ ਕੇ ਠੀਕ ਹੀ ਕੀਤਾ। ਇਹ ਵੈੱਬ ਸੀਰੀਜ਼ ਪੰਜਾਬ ਵਿਚ ਨਸ਼ਿਆਂ ਦੇ ਵਪਾਰੀਆਂ ਦੇ ਨੈੱਟਵਰਕ ਬਾਰੇ ਹੈ ਤੇ ਉਸ ਤੋਂ ਵੀ ਮੁੱਖ ਤੌਰ 'ਤੇ ਪੰਜਾਬ ਦੀ ਪੁਲੀਸ ਅਤੇ ਸਿਆਸਤ ਬਾਰੇ ਹੈ। ਇਸ ਵੈੱਬ ਲੜੀ ਦਾ ਨਾਇਕ ਇਕ ਮੁਖ਼ਬਰ ਹੈ ਅਤੇ ਨੈੱਟਫਲਿਕਸ ਲਈ ਇਸ ਵਧੀਆ ਢੰਗ ਨਾਲ ਬਣਾਈ ਗਈ ਲੜੀ ਦੇ ਹੋਰ ਸਾਰੇ ਅਹਿਮ ਕਿਰਦਾਰ ਪੁਲੀਸ ਵਾਲੇ ਅਤੇ ਸਿਆਸਤਦਾਨ ਹੀ ਹਨ। ਝੁਕੇ ਹੋਏ ਪੁਲੀਸ ਅਫਸਰ ਅਤੇ ਉਨ੍ਹਾਂ ਦੇ ਕੁਟਿਲ ਮਾਲਕ ਸਿਆਸਤਦਾਨ ਮਿਲ ਕੇ ਅਜਿਹਾ ਮਜ਼ਬੂਤ ਗੱਠਜੋੜ ਬਣਾਉਂਦੇ ਹਨ ਜਿਹੜਾ ਕਦੇ ਵੀ ਸਮਾਜ ਨੂੰ ਉਪਰ ਨਹੀਂ ਉੱਠਣ ਦੇ ਸਕਦਾ, ਕਿਉਂਕਿ ਇਨ੍ਹਾਂ ਨੂੰ ਨਸ਼ਿਆਂ ਦੇ ਕਾਰੋਬਾਰ ਤੋਂ ਬੇਹਿਸਾਬ ਪੈਸੇ ਰਾਹੀਂ ਅਜਿਹੀ ਅਣਕਿਆਸੀ ਦੌਲਤ ਮਿਲਦੀ ਹੈ ਜਿਸ ਨਾਲ ਉਹ ਸੱਤਾ ਵਿਚ ਅਹਿਮ ਅਹੁਦਿਆਂ ਉਤੇ ਬਣੇ ਰਹਿਣ ਲਈ ਖ਼ਰੀਦਦਾਰੀ ਕਰ ਸਕਦੇ ਹਨ। ਇਹ ਸਿੱਧਾ ਜਿਹਾ ਪੁਲੀਸ-ਸਿਆਸਤਦਾਨ-ਨਸ਼ੇ ਦੇ ਪੈਸੇ ਦਾ ਗੱਠਜੋੜ ਇਹ ਯਕੀਨੀ ਬਣਾਉਂਦਾ ਹੈ ਕਿ ਹਮੇਸ਼ਾ ਹੀ ਕੋਈ 'ਹੀਰਾ' ਹੈਰੋਇਨ ਦੀ ਸਮਗਲਿੰਗ ਕਰੇ ਅਤੇ ਕੋਈ 'ਅਨਮੋਲ' ਇਸ ਹੈਰੋਇਨ ਨੂੰ ਕਿਸੇ ਅਗਲੇ ਸ਼ਹਿਰ ਲੈ ਜਾਵੇ। ਫਿਰ ਜਿਥੇ ਕਿਤੇ ਵੀ ਉਹ ਫੜੇ ਜਾਣ, ਉਨ੍ਹਾਂ ਨੂੰ ਮੂੰਹ ਢਕ ਕੇ ਪੇਸ਼ ਕਰਦਿਆਂ ਨਸ਼ਿਆਂ ਦੇ ਤਸਕਰਾਂ ਨੂੰ ਗ੍ਰਿਫ਼ਤਾਰ ਕੀਤੇ ਜਾਣ ਲਈ ਵਾਹ-ਵਾਹੀ ਖੱਟੀ ਜਾਵੇ ਪਰ ਇਨ੍ਹਾਂ ਬਾਰੇ ਮੁੜ ਕੁਝ ਵੀ ਪਤਾ ਨਹੀਂ ਲੱਗਦਾ।

ਪਿਛਲੇ ਦਿਨੀਂ ਨਾਰਕੋਟਿਕਸ ਕੰਟਰੋਲ ਬਿਊਰੋ (ਐੱਨਸੀਬੀ) ਨੇ ਲੁਧਿਆਣਾ ਵਿਚ ਨਸ਼ਿਆਂ ਦੇ ਕੌਮਾਂਤਰੀ ਸਿੰਡੀਕੇਟ ਦਾ ਕੀਤਾ ਪਰਦਾਫ਼ਾਸ਼ ਇਸ ਦਾ ਅਪਵਾਦ ਸੀ ਕਿਉਂਕਿ ਇਸ ਵਿਚ ਹੀਰਿਆਂ ਅਤੇ ਸ਼ੇਰਿਆਂ ਦੇ ਉਲਟ ਅਜਿਹੇ ਲੋਕ ਫੜੇ ਗਏ ਜਿਨ੍ਹਾਂ ਦੇ ਬਾਕਾਇਦਾ ਨਾਂ ਪਤੇ ਸਨ, ਦਫ਼ਤਰ ਤੇ ਗੁਦਾਮ ਸਨ, ਵਾਹਨ, ਬੈਂਕ ਖ਼ਾਤੇ ਸਨ ਅਤੇ ਉਨ੍ਹਾਂ ਦਾ ਅਫ਼ੀਮ ਨੂੰ ਦੇਸ਼ ਵਿਚ ਸਮਗਲ ਕਰਨ ਤੇ ਐਸਿਟਿਕ ਐਨਹਾਈਡਰਾਈ (aceitc anhydirde) ਖ਼ਰੀਦਣ ਅਤੇ ਹੈਰੋਇਨ ਬਣਾਉਣ ਤੇ ਵੇਚਣ ਦਾ ਪੂਰਾ ਨੈੱਟਵਰਕ ਸੀ। ਇਹ ਪੰਜਾਬ ਲਈ ਇਕ ਤਰ੍ਹਾਂ ਨਵੀਂ ਗੱਲ ਸੀ। ਐੱਨਸੀਬੀ ਮੁਤਾਬਕ ਇਸ ਗਰੋਹ ਦਾ ਸਰਗਨਾ ਇਕ ਚਾਹ ਵਾਲੇ ਦਾ ਪੁੱਤਰ ਅਕਸ਼ੈ ਛਾਬੜਾ ਸੀ ਜਿਹੜਾ ਰਾਤੋ-ਰਾਤ ਅਮੀਰ ਬਣਨ ਲਈ ਦੋ ਅਫ਼ਗ਼ਾਨ ਨਾਗਰਿਕਾਂ ਦੀ ਮਦਦ ਨਾਲ ਨਸ਼ਿਆਂ ਦਾ ਕਾਰੋਬਾਰ ਕਰ ਰਿਹਾ ਸੀ। ਇਹ ਚਾਹ ਵਿਕਰੇਤਾ ਪਿਤਾ ਅਤੇ ਸ਼ਹਿਰ ਦੇ ਬਹੁਤ ਗ਼ਰੀਬ ਇਲਾਕੇ ਵਿਚ ਰਹਿਣ ਵਾਲੇ ਮਜ਼ਦੂਰ ਜਮਾਤ ਦੇ ਪਰਿਵਾਰ ਲਈ ਤਬਦੀਲੀ ਦਾ ਅਸਲ ਜ਼ਿੰਦਗੀ ਵਾਲਾ ਕਿਰਦਾਰ ਸੀ। ਉਨ੍ਹਾਂ ਮਹਿਜ਼ ਦੋ ਕੁ ਸਾਲਾਂ ਵਿਚ ਹੀ ਕਰੋੜਾਂ ਰੁਪਏ ਕੀਮਤ ਵਾਲੀਆਂ ਜਾਇਦਾਦਾਂ ਤੇ ਵਾਹਨ ਖ਼ਰੀਦ ਲਏ ਸਨ ਅਤੇ ਨਾਲ ਹੀ ਘੀ, ਖ਼ੁਰਾਕੀ ਤੇਲਾਂ ਤੇ ਚੌਲਾਂ ਦੇ ਸਫਲ ਥੋਕ ਕਾਰੋਬਾਰ ਵਿਚ ਝੰਡੇ ਗੱਡ ਦਿੱਤੇ ਸਨ।

ਐੱਨਸੀਬੀ ਦੇ ਖੇਤਰੀ ਮੁਖੀ ਗਿਆਨੇਸ਼ਵਰ ਸਿੰਘ ਨੇ 60 ਬੈਂਕ ਖ਼ਾਤੇ ਜਾਮ ਕਰਵਾ ਲਏ ਹਨ ਤੇ ਹੁਣ ਉਹ ਨਾਈਟ ਕਲੱਬ ਚਲਾਉਣ ਲਈ ਵਰਤੇ ਜਾ ਰਹੇ ਨਸ਼ਿਆਂ ਦੇ ਪੈਸੇ ਦੀ ਤਲਾਸ਼ ਵਿਚ ਹਨ ਜੋ ਇਸ ਦੀਆਂ ਸੰਭਾਵੀ ਪਰਚੂਨ ਦੁਕਾਨਾਂ ਹਨ। ਜ਼ਾਹਰਾ ਤੌਰ 'ਤੇ ਨਸ਼ਿਆਂ ਦੇ ਵਪਾਰੀ ਚੰਡੀਗੜ੍ਹ-ਮੁਹਾਲੀ-ਪੰਚਕੂਲਾ ਵਿਚ ਵੀ ਅਜਿਹੇ ਉੱਦਮਾਂ ਨੂੰ ਰਕਮਾਂ ਮੁਹੱਈਆ ਕਰਵਾ ਰਹੇ ਹਨ। ਇਹ ਖ਼ੁਲਾਸੇ ਹੈਰਾਨ ਕਰਨ ਵਾਲੇ ਹਨ ਕਿਉਂਕਿ ਫੜੇ ਗਏ 16 ਮੁਲਜ਼ਮਾਂ ਵਿਚੋਂ ਬਹੁਤਿਆਂ ਦਾ ਰਿਕਾਰਡ ਬੜਾ ਸਾਫ਼ ਹੈ ਤੇ ਉਹ ਆਮ ਕਾਰੋਬਾਰ ਕਰ ਰਹੇ ਸਨ। ਇਨ੍ਹਾਂ ਦੇ ਕਾਰੋਬਾਰ ਬਾਰੇ ਇੱਕੋ ਗੱਲ ਬਹੁਤ ਜ਼ਿਆਦਾ ਬੇਕਾਇਦਗੀ ਵਾਲੀ ਸੀ, ਭਾਵ ਇਨ੍ਹਾਂ ਦੀ ਕਮਾਈ; ਮਸਲਨ, ਜਸਪਾਲ ਸਿੰਘ ਗੋਲਡੀ ਲੱਕੜੀ ਦਾ ਮਿਸਤਰੀ ਸੀ ਜੋ ਵਾਹਨਾਂ ਵਿਚ ਨਸ਼ੀਲੀਆਂ ਵਸਤਾਂ ਲੁਕਾਉਣ ਲਈ ਲੁਕਵੇਂ ਸੁਰਾਖ਼ ਬਣਾਉਂਦਾ ਹੁੰਦਾ ਸੀ ਅਤੇ ਉਹ ਮਹਿਲ ਵਰਗੇ ਘਰ ਵਿਚ ਰਹਿੰਦਾ ਸੀ। ਇਹ ਆਮ ਕਾਰੋਬਾਰੀ ਦਿਖਾਈ ਦੇਣ ਵਾਲਿਆਂ



ਦੀ ਦੋਹਰੀ ਜ਼ਿੰਦਗੀ ਦੀ ਮਿਸਾਲ ਸੀ, ਇਸ ਗੁਸਤਾਖ਼ੀ ਤੋਂ ਇਲਾਵਾ ਕਿ ਉਹ ਲੁਧਿਆਣਾ ਸ਼ਹਿਰ ਦੇ ਵਿਚਕਾਰ ਇਸ ਦੇ ਰੌਣਕ ਭਰੇ ਬਾਜ਼ਾਰਾਂ ਵਿਚ ਹੈਰੋਇਨ ਦੀਆਂ ਦੋ ਫੈਕਟਰੀਆਂ ਚਲਾ ਰਿਹਾ ਸੀ।

ਉਂਝ, ਇਨ੍ਹਾਂ ਖ਼ੁਲਾਸਿਆਂ ਦੀ ਇਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਉਥੇ ਜੋ ਕੁਝ ਵਾਪਰ ਰਿਹਾ ਸੀ, ਉਸ ਤੋਂ ਮੁਕਾਮੀ ਪੁਲੀਸ ਬਿਲਕੁਲ ਅਣਜਾਣ ਸੀ ਕਿ ਕਿਵੇਂ ਬਰਾਸਤਾ ਪਾਕਿਸਤਾਨ ਅਫ਼ਗ਼ਾਨਿਸਤਾਨ ਤੋਂ ਅਫ਼ੀਮ ਆ ਰਹੀ ਸੀ, ਦੇਸ਼ ਦੇ ਅੰਦਰੋਂ ਹੀ ਐਸਿਟਿਕ ਐਨਹਾਈਡਰਾਈ ਅਤੇ ਹੋਰ ਰਸਾਇਣ ਗ਼ੈਰ-ਕਾਨੂੰਨੀ ਢੰਗ ਨਾਲ ਖ਼ਰੀਦੇ ਜਾ ਰਹੇ ਸਨ ਅਤੇ ਅਫ਼ਗ਼ਾਨ ਨਾਗਰਿਕ ਇਸ ਸਭ ਕਾਸੇ ਨੂੰ ਮਿਲਾ ਕੇ ਹੈਰੋਇਨ ਬਣਾ ਰਹੇ ਸਨ। ਇਥੋਂ ਹੀ ਅਸਲ ਕਹਾਣੀ ਸ਼ੁਰੂ ਹੁੰਦੀ ਹੈ। ਕਿਵੇਂ ਸਮਗਲਰਾਂ, ਨਸ਼ਿਆਂ ਦੇ ਉਤਪਾਦਕਾਂ, ਥੋਕ ਵਿਕਰੇਤਾਵਾਂ ਅਤੇ ਸਥਾਨਕ ਧੰਦੇਬਾਜ਼ਾਂ ਦਾ ਇਕ ਕੌਮਾਂਤਰੀ ਸਿੰਡੀਕੇਟ ਪੰਜਾਬ ਦੀ ਵਿੱਤੀ ਰਾਜਧਾਨੀ ਦੀ ਸ਼ਹਿਰੀ ਹਦੂਦ ਦੇ ਅੰਦਰੋਂ ਕੰਮ ਕਰ ਰਿਹਾ ਸੀ ਅਤੇ ਸਥਾਨਕ ਪੁਲੀਸ ਨੂੰ ਇਸ ਪੂਰੇ ਅਪਰੇਸ਼ਨ ਦੀ ਭਿਣਕ ਤੱਕ ਨਹੀਂ ਪੈਂਦੀ? ਜਦੋਂ ਤੱਕ ਐੱਨਸੀਬੀ ਵੱਲੋਂ ਇਸ ਸਿੰਡੀਕੇਟ ਨੂੰ ਮਿਲਣ ਵਾਲੀ ਸਿਆਸੀ ਸਰਪ੍ਰਸਤੀ ਅਤੇ ਪੁਲੀਸ ਦੀ ਮਿਲੀਭੁਗਤ ਬਾਰੇ ਵੇਰਵੇ ਜੱਗ-ਜ਼ਾਹਰ ਨਹੀਂ ਕੀਤੇ ਜਾਂਦੇ, ਇਹ ਕੇਸ ਇਸ ਗੱਲ ਦੀ ਮਿਸਾਲ ਬਣਿਆ ਰਹੇਗਾ ਕਿ ਨਸ਼ਿਆਂ ਦਾ ਜ਼ਮੀਨਦੋਜ਼ ਗੁਪਤ ਕਾਰੋਬਾਰ ਕਿਵੇਂ ਕੰਮ ਕਰਦਾ ਹੈ?

ਜਿਸ ਕਿਸੇ ਨੇ ਭਾਰਤ ਭਰ ਵਿਚੋਂ ਕਿਤੇ ਵੀ ਪੁਲੀਸ ਨਾਲ ਗੱਲਬਾਤ ਕੀਤੀ ਹੋਵੇ, ਉਹ ਜਾਣਦਾ ਹੋਵੇਗਾ ਕਿ ਮੁਕਾਮੀ ਥਾਣੇਦਾਰ (ਐੱਸਐੱਚਓ) ਦੀ ਜਾਣਕਾਰੀ ਤੋਂ ਬਿਨਾ ਕਿਸੇ ਵੀ ਇਲਾਕੇ ਵਿਚ ਬਹੁਤਾ ਕੁਝ ਨਹੀਂ ਹੋ ਸਕਦਾ, ਖ਼ਾਸਕਰ ਦੌਲਤ ਦੀ ਕਮਾਈ ਵਿਚ ਅਚਾਨਕ ਆਇਆ ਉਛਾਲ। ਫਿਰ ਅਗਾਂਹ ਉਸ ਇਲਾਕੇ ਦਾ ਕੋਈ ਸਥਾਨਕ ਸਿਆਸਤਦਾਨ, ਵਿਧਾਇਕ ਜਾਂ ਮੰਤਰੀ ਹੁੰਦਾ ਹੈ ਜਿਹੜਾ ਆਪਣੇ ਕਿਸੇ ਚਹੇਤੇ ਨੂੰ ਉਥੇ ਐੱਸਐੱਚਓ ਜਾਂ ਡੀਐੱਸਪੀ ਵਜੋਂ ਤਾਇਨਾਤ ਕਰਾਉਂਦਾ ਹੈ। ਇਸ ਦੇ ਬਾਵਜੂਦ ਸਿਰਫ਼ ਇਕ ਸਿਖਰਲਾ ਸਿਆਸਤਦਾਨ ਬਿਕਰਮ ਸਿੰਘ ਮਜੀਠੀਆ ਹੀ ਹੈ ਜਿਸ ਨੇ ਨਸ਼ੇ ਦੇ ਸੌਦਾਗਰਾਂ ਨੂੰ ਸਰਪ੍ਰਸਤੀ ਦੇਣ ਦੇ ਦੋਸ਼ਾਂ ਦਾ ਸਾਹਮਣਾ ਕੀਤਾ ਹੈ ਤੇ ਬੀਤੇ ਸਾਲ ਕਰੀਬ ਛੇ ਮਹੀਨੇ ਜੇਲ੍ਹ ਵਿਚ ਗੁਜ਼ਾਰੇ ਹਨ। ਤਾਂ ਵੀ ਇਹ ਕੇਸ ਆਪਣੇ ਵਾਜਬ ਸਿੱਟੇ ਤੱਕ ਪੁੱਜਦਾ ਦਿਖਾਈ ਨਹੀਂ ਦਿੰਦਾ ਤੇ ਨਾ ਹੀ ਸਾਬਕਾ ਡੀ-ਜੀਪੀ ਸਿਧਾਰਥ ਚੱਟੋਪਾਧਿਆਏ ਵੱਲੋਂ ਹਾਈ ਕੋਰਟ ਵਿਚ ਦਾਖ਼ਲ ਸੀਲਬੰਦ ਰਿਪੋਰਟਾਂ ਹੀ ਜਨਤਕ ਤੌਰ 'ਤੇ ਸਾਹਮਣੇ ਆਈਆਂ ਹਨ। ਚੱਟੋਪਾਧਿਆਏ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਸਿੱਟ) ਦੀ ਰਿਪੋਰਟ ਅਤੇ ਉਨ੍ਹਾਂ ਦੀਆਂ ਆਪਣੀਆਂ ਲੱਭਤਾਂ ਜਿਹੜੀਆਂ ਅਦਾਲਤ ਵਿਚ 2018 ਵਿਚ ਦਾਖ਼ਲ ਕੀਤੀਆਂ ਗਈਆਂ ਸਨ, ਨਾਲ 'ਸਿਸਟਮ' ਦੀ ਸਫ਼ਾਈ ਦੀ ਸ਼ੁਰੂਆਤ ਹੋ ਸਕਦੀ ਸੀ।

ਦੁੱਖ ਦੀ ਗੱਲ ਹੈ ਕਿ ਜਿਹੜੇ ਲੋਕ ਭ੍ਰਿਸ਼ਟਾਚਾਰ ਦੀ ਗੰਦਗੀ ਨੂੰ ਸਾਫ਼ ਕਰਨ ਦੇ ਵਾਅਦਿਆਂ ਨਾਲ ਸੱਤਾ ਵਿਚ ਆਏ ਸਨ, ਉਹ ਵੀ ਹੁਣ ਖ਼ੁਸ਼ੀ ਖ਼ੁਸ਼ੀ ਉਸੇ ਲੀਹ ਉਤੇ ਚੱਲਦੇ ਜਾਪ ਰਹੇ ਹਨ।

ਅਖ਼ਬਾਰਾਂ ਨੇ ਹਾਲ ਹੀ ਵਿਚ ਲੜੀਵਾਰ ਢੰਗ ਨਾਲ ਅਜਿਹੀਆਂ ਰਿਪੋਰਟਾਂ ਨਸ਼ਰ ਕੀਤੀਆਂ ਸਨ ਜਿਨ੍ਹਾਂ ਰਾਹੀਂ ਪੰਜਾਬ ਦੇ ਸ਼ਹਿਰਾਂ ਵਿਚ ਅਪਰਾਧ ਜਗਤ ਦੀਆਂ ਉਨ੍ਹਾਂ ਹਨੇਰੀਆਂ ਸੁਰੰਗਾਂ 'ਤੇ ਰੌਸ਼ਨੀ ਪਾਈ ਗਈ ਸੀ ਜਿਥੇ ਨਸ਼ੇ ਖੁੱਲ੍ਹੇਆਮ ਵੇਚੇ ਤੇ ਵਰਤੇ ਜਾਂਦੇ ਹਨ। ਇਸ ਕਾਰੋਬਾਰ ਦਾ ਗ਼ੱਦਾਰੀ ਭਰਿਆ ਪੱਖ ਇਸ ਰਾਹੀਂ ਪਾਕਿਸਤਾਨ ਦੀਆਂ ਨਸ਼ਿਆਂ ਦੇ ਨੈੱਟਵਰਕ ਦਾ ਇਸਤੇਮਾਲ ਕਰ ਕੇ ਜਾਸੂਸੀ ਦੀਆਂ ਕੋਸ਼ਿਸ਼ਾਂ ਲਈ ਰਾਹ ਪੱਧਰਾ ਕਰਨਾ ਹੈ। ਇਸ ਵਿਚ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈਐੱਸਆਈ) ਨੂੰ ਮਹਿਜ਼ ਅਫ਼ਗ਼ਾਨਿਸਤਾਨ ਵਿਚ ਤਿਆਰ ਅਫ਼ੀਮ (ਜਾਂ ਪ੍ਰਾਸੈੱਸ ਕੀਤੀ ਹੈਰੋਇਨ) ਨੂੰ ਕੌਮਾਂਤਰੀ ਸਰਹੱਦ ਰਾਹੀਂ ਭਾਰਤ ਵਿਚ ਧੱਕਣਾ ਹੀ ਹੁੰਦਾ ਹੈ ਤੇ ਨਾਲ ਹੀ ਉਹ ਆਪਣੇ ਏਜੰਟਾਂ ਨੂੰ ਤਾਇਨਾਤ ਕਰ ਦਿੰਦੀ ਹੈ ਤਾਂ ਕਿ ਇਸ ਦਾ ਨੈੱਟਵਰਕ ਚੱਲਦਾ ਰਹੇ। ਇਸ ਦੌਰਾਨ ਸਰਹੱਦ ਪਾਰੋਂ ਡਰੋਨਾਂ ਦੀ ਵਰਤੋਂ ਰਾਹੀਂ ਨਸ਼ਿਆਂ ਦੀ ਖੇਪ ਭਾਰਤ ਵਿਚ ਸੁੱਟੇ ਜਾਣ ਦੀ ਕਾਰਵਾਈ ਬੀਐੱਸਐੱਫ ਦੀ ਚੌਕਸੀ ਸਦਕਾ ਕਾਫ਼ੀ ਹੱਦ ਤੱਕ ਰੁਕ ਗਈ ਹੈ।

ਸਰਹੱਦ ਪਾਰੋਂ ਡਰੋਨ ਸਰਗਰਮੀਆਂ ਵਿਚ 250 ਤੋਂ ਵੱਧ ਘਟਨਾਵਾਂ ਰਾਹੀਂ ਹੋਏ ਚਾਰ ਗੁਣਾ ਵਾਧੇ ਦਾ ਪਤਾ ਲਾਉਣ ਦਾ ਸਿਹਰਾ ਬੀਐੱਸਐੱਫ ਦੀ ਸਥਾਨਕ ਨਵ-ਉਤਸ਼ਾਹੀ ਲੀਡਰਸ਼ਿਪ ਨੂੰ ਜਾਂਦਾ ਹੈ। ਹੋਰ ਵੀ ਦਿਲਚਸਪ ਗੱਲ ਇਹ ਹੈ ਕਿ ਜਦੋਂ ਬੀਐੱਸਐੱਫ ਨੇ ਇਸ ਸ਼ੱਕੀ 'ਕੰਟਰੋਲਸ਼ੁਦਾ ਅਪਰੇਸ਼ਨ' ਦੀ ਨਿਗਰਾਨੀ ਕਰਨੀ ਸ਼ੁਰੂ ਕੀਤੀ ਜਿਸ ਵਿਚ ਡਰੋਨ-ਡ੍ਰਾਪਸ (ਡਰੋਨਾਂ ਰਾਹੀਂ ਵਸਤਾਂ ਸੁੱਟੇ ਜਾਣ) ਵਿਚ ਪੁਲੀਸ ਦੇ ਮੁਖ਼ਬਰ ਵੀ ਸ਼ਾਮਲ ਸਨ, ਤਾਂ ਸਥਾਨਕ ਪੁਲੀਸ ਨੂੰ ਇਸ ਦੀ ਬਹੁਤੀ ਖ਼ੁਸ਼ੀ ਨਹੀਂ ਹੋਈ। ਬੀਐੱਸਐੱਫ ਨੇ ਹੁਣ ਇਸ ਬਹੁਤੇ ਨਾ-ਕੰਟਰੋਲਸ਼ੁਦਾ ਅਪਰੇਸ਼ਨ ਨੂੰ ਪੂਰੀ ਤਰ੍ਹਾਂ ਠੱਪ ਕਰ ਦਿੱਤਾ ਹੈ।

ਇਹ ਮਹਿਜ਼ ਪੰਜਾਬ ਦਾ ਮਸਲਾ ਨਹੀਂ। ਹਰਿਆਣਾ ਵਿਚ ਇਕ ਸਾਲ ਦੌਰਾਨ 24 ਟਨ ਵੱਖੋ-ਵੱਖ ਤਰ੍ਹਾਂ ਦੇ ਨਸ਼ੇ ਬਰਾਮਦ ਕੀਤੇ ਗਏ ਹਨ। ਹਿਮਾਚਲ ਪ੍ਰਦੇਸ਼ ਦੇ ਨਵੇਂ ਬਣੇ ਮੁੱਖ ਮੰਤਰੀ ਨੇ ਵੀ ਨਸ਼ਿਆਂ ਦੇ ਵਪਾਰ ਤੇ ਨਸ਼ਿਆਂ ਦੀ ਆਦਤ ਨੂੰ ਠੱਲ੍ਹ ਪਾਉਣ ਦੀ ਲੋੜ ਦੀ ਆਪਣੀਆਂ ਪ੍ਰਸ਼ਾਸਕੀ ਤਰਜੀਹਾਂ ਵਜੋਂ ਸ਼ਨਾਖ਼ਤ ਕੀਤੀ ਹੈ। ਅਫ਼ਸੋਸ ਦੀ ਗੱਲ ਹੈ ਕਿ ਪੰਜਾਬ ਉਤੇ ਦਹਿਸ਼ਤਗਰਦੀ ਦੇ ਸਮਿਆਂ ਦਾ ਵਾਧੂ ਬੋਝ ਵੀ ਹੈ ਜਿਸ ਨੇ ਹੋਰ ਹਰ ਤਰ੍ਹਾਂ ਦੇ ਅਪਰਾਧੀਆਂ ਨੂੰ ਖੁੱਲ੍ਹ ਦਿੱਤੀ ਹੈ ਜਿਨ੍ਹਾਂ ਵਿਚ ਕੁਝ ਵਰਦੀਧਾਰੀ ਵੀ ਹਨ; ਤੇ ਯਕੀਨੀ ਤੌਰ 'ਤੇ ਨਾਲ ਹੀ ਭਾਰਤ ਵਿਚ ਨਸ਼ਿਆਂ ਨੂੰ ਧੱਕਣ ਵਾਲੇ ਗੁਆਂਢੀ ਮੁਲਕ ਦੇ ਖ਼ਿਲਾਫ਼ ਜਾ ਕੇ 425 ਕਿਲੋਮੀਟਰ ਲੰਮੀ ਕੌਮਾਂਤਰੀ ਸਰਹੱਦ ਦੀ ਰਾਖੀ ਕਰਨੀ ਵੀ ਵੱਡੀ ਜ਼ਿੰਮੇਵਾਰੀ ਹੈ। ਡਰੋਨ ਰਾਹੀਂ ਸੁੱਟਿਆ ਬਹੁਤਾ ਸਾਮਾਨ ਦਿੱਲੀ ਅਤੇ ਹੋਰਨਾਂ ਥਾਵਾਂ ਲਈ ਸੀ।

ਪਿੱਛੇ ਜਿਹੇ ਫਿਲਮ ਅਦਾਕਾਰ ਸ਼ਾਹਰੁਖ਼ ਖ਼ਾਨ ਦੇ ਪੁੱਤਰ ਪਿੱਛੇ ਪੈਣ ਕਾਰਨ ਆਪਣੀ ਭਰੋਸੇਯੋਗਤਾ ਗੁਆਉਣ ਵਾਲੀ ਐੱਨਸੀਬੀ ਨੂੰ ਹੁਣ ਪੰਜਾਬ ਵਿਚਲੇ ਨਸ਼ਿਆਂ ਦੇ ਵਪਾਰ ਦੇ ਸਰਪ੍ਰਸਤਾਂ ਅਤੇ ਭਾਗੀਦਾਰਾਂ ਦਾ ਪਰਦਾਫ਼ਾਸ਼ ਕਰਨ ਵਾਸਤੇ ਤਾਲਮੇਲ ਆਧਾਰਿਤ ਕੋਸ਼ਿਸ਼ਾਂ ਲਈ ਹੋਰਨਾਂ ਏਜੰਸੀਆਂ ਨੂੰ ਨਾਲ ਲੈਣਾ ਚਾਹੀਦਾ ਹੈ ਜਿਨ੍ਹਾਂ ਵਿਚ ਸਾਬਤ ਹੋ ਚੁੱਕੇ ਪੰਜਾਬ ਪੁਲੀਸ ਦੇ ਅਫਸਰ ਵੀ ਸ਼ਾਮਲ ਹਨ (ਜਿਨ੍ਹਾਂ ਵਿਚੋਂ ਕੁਝ ਨੇ ਮੌਜੂਦਾ ਸਿੰਡੀਕੇਟ ਦਾ ਪਰਦਾਫ਼ਾਸ਼ ਕਰਨ ਵਿਚ ਮਦਦ ਕੀਤੀ ਹੈ) ਅਤੇ ਇਸ ਤਰ੍ਹਾਂ ਐੱਨਸੀਬੀ ਆਪਣੀ ਸਾਖ਼ ਵੀ ਬਾਹਲ ਕਰ ਸਕਦੀ ਹੈ। ਇਹ ਸਾਡੇ ਆਪਣੇ ਭਵਿੱਖ ਦੀ ਲੜਾਈ ਹੈ।

# ਭਾਰਤ ਵਿਚ ਕਿਉਂ ਨਹੀਂ ਰੁਕ ਰਿਹਾ ਸੜਕ ਹਾਦਸਿਆਂ ਵਿਚ ਹੋ ਰਿਹਾ ਵਾਧਾ

**(ਸਫਾ 6 ਦੀ ਬਾਕੀ)**

ਕਾਰਾਂ, ਰਿਕਸ਼ੇ, ਬੈਲ-ਗੱਡੀਆਂ ਚੱਲਦੀਆਂ ਹਨ। ਟਰੈਕਟਰ-ਟਰਾਲੀਆਂ ਦੀ ਪਿੰਡਾਂ ਤੋਂ ਸ਼ਹਿਰਾਂ ਨੂੰ ਵਧਦੀ ਆਵਾਜਾਈ ਟਰੈਫਿਕ ਲਈ ਨਵੀਂ ਸਮੱਸਿਆ ਬਣੀ ਹੋਈ ਹੈ। ਜੇ ਆਵਾਜਾਈ ਨੂੰ ਸੁਰੱਖਿਅਤ ਅਤੇ ਠੀਕ ਰਫ਼ਤਾਰ ਵਿਚ ਰੱਖਣਾ ਹੈ ਤਾਂ ਕੌਮੀ ਅਤੇ ਰਾਜ ਮਾਰਗਾਂ 'ਤੇ ਲੇਨ ਸਿਸਟਮ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਹੈ। ਸੜਕ ਦੁਰਘਟਨਾਵਾਂ ਪਿੱਛੇ ਮੁੱਖ ਤੌਰ 'ਤੇ ਦੋ ਕਿਸਮ ਦੇ ਤੱਤ ਪਾਏ ਜਾਂਦੇ ਹਨ।

ਪਹਿਲਾ ਹੈ ਮਨੁੱਖੀ ਤੱਤ ਜਿਸ ਵਿਚ ਘੱਟ ਨਜ਼ਰ, ਘੱਟ ਸੁਣਨਾ, ਉਨੀਂਦਰਾ ਹੋਣਾ, ਮਾੜੀ ਸਿਹਤ ਅਤੇ ਬੇ-ਆਰਾਮੀ ਸ਼ਾਮਲ ਹਨ। ਜੇ ਸਾਰੀਆਂ ਦੁਰਘਟਨਾਵਾਂ ਦੀ ਡੂੰਘਾਈ ਨਾਲ ਘੋਖ ਕੀਤੀ ਜਾਵੇ ਤਾਂ ਇਨ੍ਹਾਂ ਵਿਚੋਂ ਬਹੁਤੀਆਂ ਪਿੱਛੇ ਇਹੀ ਕਾਰਨ ਪਾਏ ਜਾਂਦੇ ਹਨ। ਇੰਜਣ ਦੀ ਖ਼ਰਾਬੀ, ਗੱਡੀਆਂ ਦੇ ਡਿਜ਼ਾਈਨ ਵਿਚ ਨੁਕਸ ਅਦਿ ਬਹੁਤ ਘੱਟ ਹਾਦਸਿਆਂ ਦਾ ਕਾਰਨ ਬਣਦੇ ਹਨ।

ਭਾਰੀ ਗੱਡੀਆਂ ਦੇ ਚਾਲਕਾਂ ਲਈ ਤਾਂ ਵਿਸ਼ੇਸ਼ ਕਿਸਮ ਦੇ ਆਰਾਮ-ਘਰ ਹੋਣੇ ਚਾਹੀਦੇ ਹਨ। ਪੱਛਮੀ ਦੇਸ਼ਾਂ ਵਿਚ ਸਾਰੀਆਂ ਮੁੱਖ ਸੜਕਾਂ 'ਤੇ 'ਰੈਸਟ ਏਰੀਆ' ਤਾਮੀਰ ਕੀਤੇ ਗਏ ਹਨ। ਓਵਰਲੋਡਿੰਗ ਅਤੇ ਗੱਡੀ ਦੀ ਲਾਗ ਬੁੱਕ ਚੈੱਕ ਕਰਨ ਲਈ ਖ਼ਾਸ ਥਾਵਾਂ ਨਿਰਧਾਰਤ ਕੀਤੀਆਂ ਗਈਆਂ ਹਨ ਤਾਂ ਜੋ ਇਹ ਭਾਰੀ ਗੱਡੀਆਂ ਕਿਸੇ ਦੁਰਘਟਨਾ ਦਾ ਸਬੱਬ ਨਾ ਬਣਨ। ਸੜਕਾਂ ਦੀ ਘਟੀਆ ਸਾਂਭ-ਸੰਭਾਲ ਵੀ ਦੁਰਘਟਨਾਵਾਂ ਦਾ ਵੱਡਾ ਕਾਰਨ ਹੈ। ਪਿਛਲੇ ਕੁਝ ਸਮੇਂ ਵਿਚ ਸ਼ਾਹ-ਮਾਰਗਾਂ ਨੂੰ ਚੌੜਾ ਅਤੇ ਮਜ਼ਬੂਤ ਕੀਤਾ ਗਿਆ ਹੈ ਪਰ ਰਾਜ ਅਤੇ ਸੰਪਰਕ ਸੜਕਾਂ ਤੰਗ ਅਤੇ ਮਾੜੀ ਹਾਲਤ ਵਿਚ ਹਨ। ਪਿਛਲੇ ਪੰਦਰਾਂ ਸਾਲਾਂ ਵਿਚ ਮੋਟਰ-ਗੱਡੀਆਂ ਦੀ ਗਿਣਤੀ ਵਿਚ ਦਸ ਗੁਣਾ ਵਾਧਾ ਹੋਇਆ ਹੈ। ਮੁੱਖ ਸੜਕਾਂ ਨੂੰ ਮਿਲਣ ਵਾਲੀਆਂ ਲਿੰਕ ਸੜਕਾਂ ਨੂੰ ਸਿੱਧੇ 'ਟੀ' ਵਾਂਗ ਜੋੜਨ ਦੀ ਬਜਾਏ 'ਵਾਈ' ਕਿਸਮ ਦੇ ਜੋੜ ਨਾਲ ਆਵਾਜਾਈ ਜ਼ਿਆਦਾ ਸੁਰੱਖਿਅਤ ਹੋ ਸਕਦੀ ਹੈ।

ਭਾਰਤ ਵਰਗੇ ਦੇਸ਼ ਵਿਚ ਜਨਤਕ ਟਰਾਂਸਪੋਰਟ ਢਾਂਚਾ ਆਵਾਜਾਈ ਲਈ ਅਹਿਮ ਭੂਮਿਕਾ ਨਿਭਾਉਂਦਾ ਹੈ। ਬਹੁਤ ਸੁਚੱਜੀ ਅਤੇ ਨਿਪੁੰਨ ਪਬਲਿਕ ਟਰਾਂਸਪੋਰਟ ਨਾਲ ਸੜਕਾਂ 'ਤੇ ਨਿੱਜੀ ਵਾਹਨਾਂ ਦੀ ਸੰਖਿਆ ਘਟਾ ਕੇ ਤੇਲ ਦੀ ਬੱਚਤ ਕੀਤੀ ਜਾ ਸਕਦੀ ਹੈ ਅਤੇ ਹਾਦਸੇ ਘਟਾਏ ਜਾ ਸਕਦੇ ਹਨ। ਜਿੰਨੀ ਦੇਰ ਵਾਹਨ ਚਾਲਕ ਸੀਟ ਬੈਲਟ ਨਾ ਲਗਾਉਣ ਅਤੇ ਨਸ਼ਾ ਕਰ ਕੇ ਗੱਡੀ ਚਲਾਉਣ ਦੇ ਨਤੀ-ਜਿਆਂ ਤੋਂ ਵਾਕਿਫ਼ ਨਹੀਂ ਹੋਵੇਗਾ ਓਨਾ ਚਿਰ ਸੜਕ ਹਾਦਸਿਆਂ ਵਿਚ ਲਗਾਤਾਰ ਵਾਧਾ ਹੁੰਦਾ ਚਲਾ ਜਾਵੇਗਾ।

ਸੜਕ ਸੁਰੱਖਿਆ ਪੂਰੀ ਮਨੁੱਖਤਾ ਲਈ ਮੁੱਖ ਵਿਸ਼ਾ ਹੈ। ਆਲਮੀ ਪੱਧਰ 'ਤੇ ਇਸ ਬਾਰੇ ਗੰਭੀਰਤਾ ਨਾਲ ਸੋਚਿਆ ਜਾ ਰਿਹਾ ਹੈ। ਜਿੰਨਾ ਖ਼ੂਨ-ਖਰਾਬਾ ਸੜਕਾਂ 'ਤੇ ਮਾਮੂਲੀ ਅਣਗਹਿਲੀ ਨਾਲ ਵਾ-ਪਰਦਾ ਹੈ, ਓਨਾ ਕੁੱਲ ਮਿਲਾ ਕੇ ਵਿਸ਼ਵ -ਯੁੱਧਾਂ ਵਿਚ ਵੀ ਨਹੀਂ ਹੋਇਆ।

ਸਾਡੀਆਂ ਸੜਕਾਂ ਦਾ ਬੁਨਿਆਦੀ ਢਾਂਚਾ ਦਰੁਸਤ ਕਰਨ ਦੇ ਨਾਲ-ਨਾਲ ਆਮ ਲੋਕਾਂ ਵਿਚ ਸੜਕੀ ਨਿਯਮਾਂ ਦੀ ਵਾਕਫ਼ੀ ਅਤੇ ਜ਼ਬਤ ਵਧਾਉਣ ਲਈ ਇਸ ਨੂੰ ਸਕੂਲ ਪਾਠ-ਕ੍ਰਮ ਦਾ ਅਹਿਮ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਚੱਲ ਰਹੇ ਸੜਕ-ਸੁਰੱਖਿਆ ਸਪਤਾਹ ਬਾਰੇ ਮੈਨੂੰ ਕਿਧਰੇ ਸਰਕਾਰੀ ਜਾਂ ਗ਼ੈਰ ਸਰਕਾਰੀ ਪੱਧਰ 'ਤੇ ਉਚੇਚ ਅਤੇ ਗੰਭੀਰਤਾ ਨਜ਼ਰ ਨਹੀਂ ਆਈ।

ਅੱਧੇ ਮਨ ਨਾਲ ਮਨਾਏ ਜਾ ਰਹੇ ਅਜਿਹੇ ਸਪਤਾਹ ਨਾਲ ਸਾਡੇ ਵਿਚ ਉਹ ਸੱਭਿਆਚਾਰ ਹਰਗਿਜ਼ ਪੈਦਾ ਨਹੀਂ ਹੋ ਸਕਦਾ ਜਿਸ ਨਾਲ ਲਹੂ-ਪੀਣੀਆਂ ਸੜਕਾਂ ਨੂੰ ਅਸੀਂ ਪੂਰੀ ਤਰ੍ਹਾਂ ਸੁਰੱਖਿਅਤ ਕਰ ਸਕੀਏ।

ਗੰਭੀਰ ਅਤੇ ਸੁਹਿਰਦ ਯਤਨਾਂ ਨਾਲ ਹੀ ਕੌਮੀ ਅਤੇ ਆਲਮੀ ਪੱਧਰ ਦੇ 'ਸੜਕ ਸੁਰੱਖਿਆ, ਜੀਵਨ ਰੱਖਿਆ' ਦੇ ਟੀਚੇ ਪ੍ਰਾਪਤ ਕੀਤੇ ਜਾ ਸਕਦੇ ਹਨ। ਨਹੀਂ ਤਾਂ ਸੜਕ ਹਾਦਸਿਆਂ ਵਿਚ ਮਰਨ ਵਾਲਿਆਂ ਦੀ ਤਾਦਾਦ ਤੇਜ਼ੀ ਨਾਲ ਵਧਦੀ ਹੀ ਜਾਵੇਗੀ।

# ਦੀਵਾਲੀਆ ਹੋਣ ਵੱਲ ਵੱਧ ਰਿਹੈ ਪਾਕਿਸਤਾਨ, ਖਾਣ-ਪੀਣ ਦੀਆਂ ਵਸਤਾਂ ਦੀ ਸਪਲਾਈ ਠੱਪ ਹੋਣ ਦਾ ਖ਼ਤਰਾ

ਨਵੀਂ ਦਿੱਲੀ- ਪਾਕਿਸਤਾਨ 'ਚ ਆਰਥਿਕ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਕਰੀਬ ਨੌਂ ਹਜ਼ਾਰ ਕੰਟੇਨਰ ਬੰਦਰਗਾਹਾਂ 'ਤੇ ਫਸੇ ਹੋਏ ਹਨ। ਸਮਾਂ ਰਹਿੰਦੇ ਹੋਏ ਜੇਕਰ ਕਦਮ ਨਾ ਚੁੱਕੇ ਗਏ ਤਾਂ ਦੇਸ਼ 'ਚ ਜ਼ਰੂਰੀ, ਖ਼ੁਰਾਕੀ ਤੇ ਸਨਅਤੀ ਵਸਤਾਂ ਦੀ ਸਪਲਾਈ ਚੇਨ ਠੱਪ ਹੋ ਸਕਦੀ ਹੈ। ਮਾਹਿਰਾਂ ਨੇ ਖ਼ਤਰੇ ਦਾ ਸੰਕੇਤ ਦਿੰਦੇ ਹੋਏ ਕਿਹਾ ਕਿ ਪਾਕਿਸਤਾਨ ਆਰਥਿਕ ਮੰਦੀ ਦੀ ਕਗਾਰ 'ਤੇ ਹੈ। ਇਹ ਦੀਵਾਲੀਆ ਹੋ ਸਕਦਾ ਹੈ, ਕਿਉਂਕਿ ਮੁਦਰਾ ਪਸਾਰਾ ਰਿਕਾਰਡ ਪੱਧਰ 'ਤੇ ਪਹੁੰਚ ਗਿਆ ਹੈ। ਖ਼ੁਰਾਕੀ ਪਦਾਰਥਾਂ ਦੀਆਂ ਕੀਮਤਾਂ ਅਸਮਾਨ ਛੂਹ ਰਹੀਆਂ ਹਨ। ਸਰਕਾਰ ਦਾ ਖ਼ਜ਼ਾਨਾ ਵੀ ਖਾਲੀ ਹੈ।

ਐਕਸਪ੍ਰੈੱਸ ਟ੍ਰਿਬਿਊਨ ਅਖ਼ਬਾਰ ਮੁਤਾਬਕ, ਡਾਲਰ ਦੀ ਕਮੀ ਕਾਰਨ ਦਰਾਮਦਕਾਰਾਂ ਦੇ ਕੰਟੇਨਰ ਮਾਲ ਸਮੇਤ ਫਸੇ ਹੋਏ ਹਨ ਜਦਕਿ ਦੂਜੇ ਪਾਸੇ ਸ਼ਿਪਿੰਗ ਕੰਪਨੀਆਂ ਧਮਕੀ ਦੇ ਰਹੀਆਂ ਹਨ ਕਿ ਜੇਕਰ ਸਮੇਂ 'ਤੇ ਭੁਗਤਾਨ ਨਾ ਕੀਤਾ ਗਿਆ ਤਾਂ ਉਹ ਪਾਕਿਸਤਾਨ ਨੂੰ ਦਿੱਤੀਆਂ ਜਾਣ ਵਾਲੀਆਂ ਆਪਣੀਆਂ ਸੇਵਾਵਾਂ ਰੋਕ ਦੇਣਗੇ। ਦੇਸ਼ 'ਚ ਪੈਦਾ ਹੋਏ ਇਸ ਹਾਲਾਤ ਨਾਲ ਦਰਾਮਦ ਤੇ ਬਰਾਮਦ ਦੋਵੇਂ ਪ੍ਰਭਾਵਿਤ ਹੋ ਰਹੇ ਹਨ। ਇਸ ਤੋਂ ਖ਼ਰਾਬ ਸਥਿਤੀ ਨਹੀਂ ਹੋ ਸਕਦੀ। ਕੇਂਦਰੀ ਬੈਂਕ ਕੋਲ ਸਿਰਫ਼ 4।4 ਅਰਬ ਡਾਲਰ ਰਿਜ਼ਰਵ 'ਚ ਹਨ, ਜਿਹੜੇ ਸਿਰਫ਼ ਤਿੰਨ ਹਫਤਿਆਂ ਦੀ ਦਰਾਮਦ ਲਈ ਕਾਫ਼ੀ ਹਨ। ਇਕ ਰਿਪੋਰਟ ਮੁਤਾਬਕ, ਬੰਦਰਗਾਹਾਂ 'ਤੇ ਫਸੇ ਕੰਟੇਨਰਾਂ ਤੇ ਹੋਰ ਖਰਚ ਨੂੰ ਦੇਖਿਆ ਜਾਵੇ ਤਾਂ ਡੇਢ ਤੋਂ ਦੋ ਅਰਬ ਡਾਲਰ ਦਾ ਖਰਚ



ਹੋਣ ਦਾ ਅਨੁਮਾਨ ਹੈ। ਲਗਾਤਾਰ ਹੋ ਰਹੀ ਪਰੇਸ਼ਾਨੀ ਕਾਰਨ ਦਰਾਮਦ 'ਤੇ ਨਿਰਭਰ ਸਨਅਤਾਂ ਬੰਦ ਹੋਣ ਦੀ ਕਗਾਰ 'ਤੇ ਹਨ। ਅਜਿਹਾ ਹੋਣ 'ਤੇ ਪੂਰੀ ਸਪਲਾਈ ਲੜੀ 'ਤੇ ਅਸਰ ਪਵੇਗਾ। ਇਸ ਦੌਰਾਨ ਪੈਦਾਵਾਰ 'ਚ ਕਮੀ ਦੀ ਮਾਰ ਝੱਲ ਰਹੀ ਫੈਕਟਰੀ ਹੁਣ ਲੋਕਾਂ ਨੂੰ ਕੱਢਣ ਵੀ ਲੱਗੀ ਹੈ। ਇਸ ਨਾਲ ਆਉਣ ਵਾਲੇ ਸਮੇਂ 'ਚ ਲੋਕਾਂ ਨੂੰ ਬੇਰੁਜ਼ਗਾਰੀ ਦੀ ਸਮੱਸਿਆ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ।

# ਨੌਜਵਾਨ ਵਰਗ ਤੇ ਆਮ ਆਦਮੀ ਪਾਰਟੀ ਦੀ ਸਰਕਾਰ




**ਜਗਰੂਪ ਸਿੰਘ ਸੇਖੋਂ**

ਅੱਜ ਦੇ ਸਮੇਂ ਵਿਚ ਕੋਈ ਵੀ ਸਿਆਸੀ ਪਾਰਟੀ ਨੌਜਵਾਨਾਂ (18-34 ਸਾਲ) ਦੀ ਹਮਾਇਤ ਤੋਂ ਬਿਨਾ ਸਰਕਾਰ ਨਹੀਂ ਬਣਾ ਸਕਦੀ। ਇਸੇ ਲਈ ਸਾਰੀਆਂ ਪਾਰਟੀਆਂ ਨੌਜਵਾਨ ਵਰਗ ਨੂੰ ਆਪਣੀ ਸਿਆਸਤ ਦੇ ਕੇਂਦਰ ਵਿਚ ਰੱਖਦੀਆਂ ਨਜ਼ਰ ਆਉਂਦੀਆਂ ਹਨ। ਇਸ ਦਾ ਵੱਡਾ ਕਾਰਨ ਇਹ ਹੈ ਕਿ ਨੌਜਵਾਨ ਵੋਟਰਾਂ ਦਾ ਵੱਡਾ ਹਿੱਸਾ ਹਨ ਤੇ ਜ਼ਿਆਦਾਤਰ ਕਿਸੇ ਵੀ ਰਾਜਨੀਤਕ ਧਿਰ ਨਾਲ ਵਿਚਾਰਧਾਰਕ ਤੌਰ 'ਤੇ ਪੱਕੇ ਤੌਰ 'ਤੇ ਨਹੀਂ ਜੁੜੇ ਹੋਏ। ਇਹ ਵਰਗ ਬੇਸਬਰੀ ਨਾਲ ਆਪਣੀਆਂ ਮੰਗਾਂ ਅਤੇ ਆਸਾਂ ਦੀ ਪੂਰਤੀ ਦੀ ਮੰਗ ਕਰਦਾ ਹੈ। ਇਸੇ ਕਰ ਕੇ ਆਸਾਂ 'ਤੇ ਪੂਰੀਆਂ ਨਾ ਉਤਰਨ ਵਾਲੀਆਂ ਸਰਕਾਰਾਂ ਤੋਂ ਮੂੰਹ ਮੋੜ ਕੇ ਬਹੁਤ ਵਾਰ ਨੌਜਵਾਨ ਨਵੇਂ ਉੱਭਰਦੇ ਸਿਆਸੀ ਦਲਾਂ ਵੱਲੋਂ ਇਨ੍ਹਾਂ ਦੀ ਭਲਾਈ ਵਾਸਤੇ ਕੀਤੇ ਵਾਅਦਿਆਂ ਵਿਚ ਆਪਣਾ ਵਿਸ਼ਵਾਸ ਪ੍ਰਗਟ ਕਰ ਕੇ ਉਨ੍ਹਾਂ ਦੀ ਹਮਾਇਤ ਕਰਦੇ ਹਨ। ਇਸੇ ਕਿਸਮ ਦੀ ਹਮਾਇਤ 2014 ਦੀਆਂ ਲੋਕ ਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਨੌਜਵਾਨਾਂ ਨੂੰ ਉਨ੍ਹਾਂ ਦੇ ਚੰਗੇ ਦਿਨਾਂ ਦੇ ਆਉਣ ਦੀ ਆਸ ਅਤੇ ਉਨ੍ਹਾਂ ਵਾਸਤੇ ਹਰ ਸਾਲ 2 ਕਰੋੜ ਨੌਕਰੀਆਂ ਪੈਦਾ ਕਰਨ ਦੇ ਵਾਅਦੇ ਕਰ ਕੇ ਪ੍ਰਾਪਤ ਕੀਤੀ। ਇਸ ਦੀ ਇਕ ਝਲਕ ਪੰਜਾਬ ਵਿਚ ਵੀ 2014 ਦੀਆਂ ਚੋਣਾਂ ਵਿਚ ਦਿਖਾਈ ਦਿੱਤੀ ਸੀ ਜਦੋਂ ਨੌਜਵਾਨ ਵੋਟਰਾਂ ਦੀ ਵੱਡੀ ਗਿਣਤੀ ਨੇ ਨਵੀਂ ਬਣੀ ਆਮ ਆਦਮੀ ਪਾਰਟੀ ਦੇ ਚਾਰ ਲੋਕ ਸਭਾ ਮੈਂਬਰਾਂ ਨੂੰ ਕੁੱਲ ਪਈਆਂ ਵੋਟਾਂ ਦੇ ਤਕਰੀਬਨ 25% ਨਾਲ ਜਿਤਾਇਆ ਸੀ। ਉਸ ਵੇਲੇ ਇਸ ਪਾਰਟੀ ਨੇ 33 ਵਿਧਾਨ ਸਭਾ ਹਲਕਿਆਂ ਵਿਚ ਪਹਿਲਾ ਅਤੇ 25 ਵਿਧਾਨ ਸਭਾ ਹਲਕਿਆਂ ਵਿਚੋਂ ਦੂਜਾ ਸਥਾਨ ਪ੍ਰਾਪਤ ਕੀਤਾ। 1996 ਦੀਆਂ ਚੋਣਾਂ ਬਾਅਦ ਦੇਸ਼ ਦੇ ਨੌਜਵਾਨ ਵੋਟਰਾਂ ਵਿਚ ਸਮਾਜਿਕ, ਆਰਥਿਕ, ਰਾਜਨੀਤਕ ਤੇ ਸੱਭਿਆਚਾਰਕ ਪਾੜੇ ਛੱਡ ਕੇ ਨੌਜਵਾਨ ਵਰਗ ਵਜੋਂ ਵੋਟਾਂ ਪਾਉਣ ਦਾ ਰੁਝਾਨ ਵਧ ਰਿਹਾ ਹੈ।

ਪੰਜਾਬ ਵਿਚ ਅਤਿਵਾਦ ਤੋਂ ਬਾਅਦ 1992 ਅਤੇ ਬਾਅਦ ਦੀਆਂ ਸਾਰੀਆਂ ਚੋਣਾਂ ਵਿਚੋਂ ਹਰ ਰਾਜਨੀਤਕ ਪਾਰਟੀ, ਭਾਵ ਕਾਂਗਰਸ ਤੇ ਅਕਾਲੀ-ਬੀਜੇਪੀ ਨੇ ਨੌਜਵਾਨਾਂ ਦੇ ਚੰਗੇ ਭਵਿੱਖ, ਰੁਜ਼ਗਾਰ ਤੇ ਉਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਵੱਡੇ ਵੱਡੇ ਵਾਅਦੇ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਕੀਤੇ ਪਰ ਸਰਕਾਰਾਂ ਬਣਾਉਣ ਤੋਂ ਬਾਅਦ ਉਨ੍ਹਾਂ ਨੂੰ ਵਿਸਾਰ ਦਿੱਤਾ ਗਿਆ। ਰਾਜਨੀਤਕ ਪਾਰਟੀਆਂ ਨੇ ਭਾਵੇਂ ਆਪੋ-ਆਪਣੀ ਪਾਰਟੀ ਲਈ ਨੌਜਵਾਨ ਵਿੰਗ ਬਣਾਏ ਪਰ ਯੋਗ ਨੌਜਵਾਨਾਂ ਨੂੰ ਮੌਕੇ ਦੇਣ ਦੀ ਬਜਾਇ ਮੰਤਰੀਆਂ, ਮੁੱਖ ਮੰਤਰੀਆਂ, ਵਿਧਾਇਕਾਂ ਦੇ ਪਰਿਵਾਰਾਂ ਜਾਂ ਹੋਰ ਬਾਰਸੂਖ਼ ਸਿਆਸਤਦਾਨ ਦੇ ਪੁੱਤਰਾਂ ਨੂੰ ਇਨ੍ਹਾਂ ਜੱਥੇਬੰਦੀਆਂ ਦੇ ਅਹੁਦੇਦਾਰਾਂ ਬਣਾ ਦਿੱਤਾ। ਇਹ ਵੀ ਦੇਖਣ ਵਿਚ ਆਇਆ ਹੈ ਕਿ ਇਨ੍ਹਾਂ ਜੱਥੇਬੰਦੀਆਂ ਦੇ ਨੇਤਾਵਾਂ ਨੇ ਆਪਣੇ ਰਾਜਸੀ ਤੇ ਹੋਰ ਹਿੱਤਾਂ ਦੀ ਪੂਰਤੀ ਲਈ ਕਾਫ਼ੀ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਕੁਰਾਹੇ ਪਾਇਆ ਜਿਸ ਦਾ ਸੰਤਾਪ ਉਹ, ਉਨ੍ਹਾਂ ਦੇ ਮਾਤਾ-ਪਿਤਾ ਤੇ ਪੰਜਾਬ ਦਾ ਸਮਾਜ ਭੁਗਤ ਰਿਹਾ ਹੈ। ਅਜਿਹੇ ਵਰਤਾਰੇ ਕਰ ਕੇ ਹੀ 2014 ਅਤੇ ਉਸ ਤੋਂ ਬਾਅਦ ਵਾਲੀਆਂ ਚੋਣਾਂ ਵਿਚ ਨੌਜਵਾਨ ਵਰਗ ਦਾ ਰਵਾਇਤੀ ਪਾਰਟੀਆਂ ਨਾਲੋਂ ਮੋਹ ਭੰਗ ਹੋਣਾ ਸ਼ੁਰੂ ਹੋਇਆ ਜਿਹੜਾ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਸਿਖਰ 'ਤੇ ਪਹੁੰਚ ਗਿਆ।

2022 ਦੀਆਂ ਚੋਣਾਂ ਵਿਚ ਆਮ ਆਦਮੀ ਪਾਰਟੀ ਨੇ ਨੌਜਵਾਨ ਵਰਗ ਦੀ ਵੱਡੀ ਹਮਾਇਤ ਨਾਲ 117 ਵਿਚੋਂ 92 ਸੀਟਾਂ 'ਤੇ ਜਿੱਤ ਪ੍ਰਾਪਤ ਕਰ ਕੇ ਇਤਿਹਾਸ ਰਚਿਆ। ਇਸ ਤੋਂ ਪਹਿਲਾਂ ਕਾਂਗਰਸ ਨੇ 1992 ਵਿਚ 87 ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਸੀ। ਦੇਖਣ ਵਿਚ ਆਇਆ ਹੈ ਕਿ ਨੌਜਵਾਨ ਵੋਟਰ ਹਮੇਸ਼ਾ ਹੀ ਦੂਜੇ ਵਰਗਾਂ ਦੇ ਮੁਕਾਬਲੇ ਰਾਜਨੀਤਕ ਤਬਦੀਲੀ ਦੇ ਹੱਕ 'ਚ ਹੁੰਦੇ ਹਨ। ਪੰਜਾਬ ਵਿਚ ਇਸ ਦਾ ਆਗਾਜ਼ 2014 ਦੀਆਂ ਲੋਕ ਸਭਾ ਚੋਣਾਂ 'ਚ ਹੀ ਸ਼ੁਰੂ ਹੋ ਗਿਆ ਸੀ ਪਰ ਆਮ ਆਦਮੀ ਪਾਰਟੀ ਵਿਚ ਮਜ਼ਬੂਤ ਢਾਂਚੇ ਦੀ ਅਣਹੋਂਦ ਤੇ ਅੰਦਰੂਨੀ ਲੜਾਈ ਕਾਰਨ



ਪਾਰਟੀ ਨੂੰ 2017 ਦੀਆਂ ਵਿਧਾਨ ਸਭਾ ਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਸਭ ਸੰਭਾਵਨਾਵਾਂ ਹੋਣ ਦੇ ਬਾਵਜੂਦ ਵੱਡੀ ਸਫ਼ਲਤਾ ਨਾ ਮਿਲੀ। 2017 ਵਿਚ ਪਾਰਟੀ ਕੇਵਲ 20 ਸੀਟਾਂ ਹੀ ਜਿੱਤ ਸਕੀ ਤੇ ਆਖ਼ਿਰ ਵਿਚ ਇਸ ਦੇ ਤਕਰੀਬਨ ਅੱਧੇ ਮੈਂਬਰ ਪਾਰਟੀ ਛੱਡ ਕੇ ਹੋਰ ਪਾਰਟੀਆਂ ਵਿਚ ਚਲੇ ਗਏ। 2019 ਵਿਚ ਪਾਰਟੀ ਨੇ ਸਿਰਫ਼ ਸਿਰਫ਼ ਸੰਗਰੂਰ ਦੀ ਲੋਕ ਸਭਾ ਸੀਟ ਹੀ ਜਿੱਤੀ ਸੀ। ਹੈਰਾਨੀ ਵਾਲੀ ਗੱਲ ਤਾਂ ਜੂਨ 2022 ਦੀ ਸੰਗਰੂਰ ਜ਼ਿਮਨੀ ਚੋਣ ਦੀ ਸੀ ਜਿਸ ਵਿਚ ਪਾਰਟੀ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ।

2017 ਦੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਦੀਆਂ 20 ਸੀਟਾਂ 'ਤੇ ਜਿੱਤ ਵਿਚ ਨੌਜਵਾਨ ਵਰਗ ਦਾ ਵੱਡਾ ਹੱਥ ਸੀ। ਇਨ੍ਹਾਂ ਚੋਣਾਂ ਵਿਚ ਪਾਰਟੀ ਨੂੰ 18-25 ਸਾਲ ਦੇ ਵੋਟਰਾਂ ਦੀਆਂ 31% ਵੋਟਾਂ ਮਿਲੀਆਂ; ਕਾਂਗਰਸ ਪਾਰਟੀ ਨੇ ਇਨ੍ਹਾਂ ਵੋਟਰਾਂ ਦੀਆਂ 35% ਵੋਟਾਂ ਲੈ ਕੇ ਵੱਡੀ ਕਾਮਯਾਬੀ ਹਾਸਲ ਕੀਤੀ। ਇਸ ਤੋਂ ਇਲਾਵਾ ਅਕਾਲੀ-ਭਾਜਪਾ ਗੱਠਜੋੜ ਨੂੰ ਨੌਜਵਾਨਾਂ ਦੀਆਂ 26% ਵੋਟਾਂ ਹੀ ਮਿਲੀਆਂ। 2022 ਵਿਚ ਸਥਿਤੀ ਪਲਟ ਗਈ ਤੇ ਆਮ ਆਦਮੀ ਪਾਰਟੀ ਨੂੰ 18-25 ਸਾਲ ਦੇ ਕੁੱਲ ਵੋਟਰਾਂ ਦੀਆਂ 51% ਵੋਟਾਂ ਮਿਲੀਆਂ; ਕਾਂਗਰਸ, ਅਕਾਲੀ ਦਲ ਗੱਠਜੋੜ ਅਤੇ ਭਾਜਪਾ ਤੇ ਇਸ ਦੇ ਭਾਈਵਾਲਾਂ ਨੂੰ ਕ੍ਰਮਵਾਰ 18%, 18.4% ਤੇ 3.3% ਵੋਟਾਂ ਮਿਲੀਆਂ। 26-34 ਸਾਲ ਦੇ ਵੋਟਰਾਂ ਦੇ ਰੁਝਾਨ ਵਿਚ ਵੀ ਕੁਝ ਤਬਦੀਲੀ ਦੇਖਣ ਨੂੰ ਮਿਲੀ ਪਰ ਇਥੇ ਵੀ 'ਆਪ' ਨੂੰ ਦੂਸਰਿਆਂ ਦੇ ਮੁਕਾਬਲੇ ਵੱਡੀ ਹਮਾਇਤ ਮਿਲੀ। ਇਸ ਵਰਗ ਦੇ ਕੁੱਲ ਵੋਟਰਾਂ ਦੇ 48% ਨੇ 'ਆਪ' ਨੂੰ ਵੋਟ ਪਾਈ; ਕਾਂਗਰਸ 18.1%, ਅਕਾਲੀ ਦਲ-ਬਸਪਾ ਗੱਠਜੋੜ 19.5% ਅਤੇ ਭਾਜਪਾ ਤੇ ਹੋਰਨਾਂ ਨੂੰ 7.6% ਵੋਟਾਂ ਮਿਲੀਆਂ।

'ਆਪ' ਨੇ ਚੋਣਾਂ ਤੋਂ ਪਹਿਲਾਂ ਆਪਣੇ ਚੋਣ ਮਨੋਰਥ ਪੱਤਰ ਵਿਚ ਪੰਜਾਬ ਦੇ ਨੌਜਵਾਨਾਂ ਨਾਲ ਕਈ ਵਾਅਦੇ ਕੀਤੇ: 5 ਸਾਲਾਂ ਵਿਚ ਕੋਈ 25 ਲੱਖ ਦੇ ਕਰੀਬ ਰੁਜ਼ਗਾਰ ਦੇ ਮੌਕੇ, ਪਿੰਡਾਂ ਤੇ ਸ਼ਹਿਰਾਂ ਨੂੰ ਰੁਜ਼ਗਾਰ ਪੈਦਾ ਕਰਨ ਦੇ ਖਿੱਤਿਆਂ ਵਜੋਂ ਵਿਕਸਤ ਕਰਨਾ, 10 ਵੱਡੇ ਸ਼ਹਿਰਾਂ ਵਿਚ ਛੋਟੇ ਉਦਯੋਗਾਂ ਨੂੰ ਉਤਸ਼ਾਹਿਤ ਕਰਨ ਦੇ ਕੇਂਦਰ ਖੋਲ੍ਹਣਾ ਆਦਿ। ਦੱਸਿਆ ਗਿਆ ਕਿ ਅਜਿਹੇ ਉਪਰਾਲਿਆਂ ਨਾਲ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਆਪਣੇ ਸੁਫਨੇ ਸਾਕਾਰ ਕਰਨ ਵਿਚ ਮਦਦ ਮਿਲੇਗੀ ਤੇ ਅਣਚਾਹੀ ਹਿਜਰਤ ਵੀ ਰੋਕੀ ਜਾਏਗੀ; ਇਨ੍ਹਾਂ ਕੇਂਦਰਾਂ ਵਿਚ ਨੌਜਵਾਨਾਂ ਨੂੰ ਹਰ ਕਿਸਮ ਦੀ ਸਹੂਲਤ ਤੇ ਮਦਦ, ਤਕਨਾਲੋਜੀ, ਮਾਲੀ ਰਕਮ, ਬਾਜ਼ਾਰ ਵਿਚ ਮੁਕਾਬਲਾ ਕਰਨ ਦੀ ਸਿੱਖਿਆ ਆਦਿ ਦੇ ਕੇ ਸਮੇਂ ਦੇ ਹਾਣੀ ਬਣਾਇਆ ਜਾਵੇਗਾ। ਇਸ ਤੋਂ ਇਲਾਵਾ ਸਰਕਾਰ ਵਿਦੇਸ਼ਾਂ ਵਿਚ ਜਾਣ ਦੇ ਚਾਹਵਾਨ ਨੌਜਵਾਨਾਂ ਵਾਸਤੇ ਉੱਥੇ ਉਨ੍ਹਾਂ ਦੀ ਯੋਗਤਾ ਅਨੁਸਾਰ ਰੁਜ਼ਗਾਰ ਲੱਭਣ ਵਿਚ ਮਦਦ ਕਰੇਗੀ; ਦਲਿਤ ਭਾਈਚਾਰੇ ਦੀ ਸੰਘਣੀ ਆਬਾਦੀ ਦੁਆਬੇ ਵਿਚ ਦਲਿਤ ਨੇਤਾ ਬਾਬੂ ਕਾਸ਼ੀ ਰਾਮ ਦੇ ਨਾਮ ਉੱਪਰ ਉਨ੍ਹਾਂ ਦੇ ਉੱਚ ਦਰਜੇ ਦੀ ਹੁਨਰ ਦੀ ਸਿਖਲਾਈ ਵਾਸਤੇ ਯੂਨੀਵਰਸਿਟੀ ਖੋਲ੍ਹੀ ਜਾਵੇਗੀ; ਇਸ ਤੋਂ ਇਲਾਵਾ ਪਿੰਡਾਂ ਤੇ ਸ਼ਹਿਰਾਂ ਦੇ ਨੌਜਵਾਨਾਂ ਨੂੰ ਦੇਸ਼ ਦੁਨੀਆ ਵਿਚ ਹੋ ਰਹੇ ਕੰਮਾਂ ਤੇ ਰੁਜ਼ਗਾਰ ਪ੍ਰਾਪਤ ਕਰਨ ਦੀ ਜਾਣਕਾਰੀ ਤੇ ਸਹਾਇਤਾ ਕੀਤੀ ਜਾਵੇਗੀ। ਹਰ ਕਿਸਮ ਦੇ ਮਾਫ਼ੀਏ ਭਾਵ ਰੇਤ-ਬਜਰੀ, ਸ਼ਰਾਬ ਆਦਿ ਖਤਮ ਕਰ ਕੇ ਨੌਜਵਾਨਾਂ ਨੂੰ ਇਸ ਵਿਚ ਭਾਈਵਾਲ ਬਣਾਇਆ ਜਾਵੇਗਾ ਤਾਂ ਕਿ ਉਹ ਆਪਣੇ ਭਵਿੱਖ ਸੁਧਾਰ ਕੇ ਬੁਰੇ ਪ੍ਰਭਾਵਾਂ ਤੇ ਕੰਮਾਂ ਤੋਂ ਬਚ ਸਕਣ। ਇਸ ਤੋਂ ਇਲਾਵਾ ਨੌਜਵਾਨ ਲੜਕੀਆਂ ਲਈ ਵੀ ਸਿਖਲਾਈ ਕੇਂਦਰ ਖੋਲ੍ਹ ਕੇ ਉਨ੍ਹਾਂ ਦੀ ਫ਼ੌਜ, ਨੀਮ-ਫੌਜ, ਪੁਲੀਸ ਤੇ ਹੋਰ ਮਹਿਕਮਿਆਂ ਵਿਚ ਭਰਤੀ ਕਰਵਾਈ ਜਾਵੇਗੀ।

ਇਕ ਅਨੁਮਾਨ ਮੁਤਾਬਿਕ ਪੰਜਾਬ ਸਰਕਾਰ ਨੇ ਆਪਣੇ 10 ਮਹੀਨਿਆਂ ਦੇ ਕਾਰਜਕਾਲ ਵਿਚ ਕੁੱਲ 25 ਹਜ਼ਾਰ ਨੌਜਵਾਨਾਂ ਨੂੰ ਪੱਕਾ ਰੁਜ਼ਗਾਰ ਦਿੱਤਾ ਜਿਨ੍ਹਾਂ ਵਿਚੋਂ ਵੱਡੀ ਗਿਣਤੀ ਲੰਮੇ ਸਮੇਂ ਤੋਂ ਐਡਹਾਕ ਆਧਾਰ 'ਤੇ ਕੰਮ ਕਰ ਰਹੇ ਸਨ। ਇਹ ਉਨ੍ਹਾਂ ਵੱਲੋਂ ਪੰਜ ਸਾਲਾਂ ਵਿਚ ਕੁੱਲ 1,25,000 ਨੌਜਵਾਨਾਂ ਨੂੰ ਸਰਕਾਰੀ ਰੁਜ਼ਗਾਰ ਦੇਣ ਦੇ ਵਾਅਦੇ ਦਾ ਹਿੱਸਾ ਹੈ। ਧਿਆਨ ਦੇਣ ਯੋਗ ਗੱਲ ਇਹ ਹੈ ਕਿ ਇੰਨੇ ਥੋੜ੍ਹੇ ਸਮੇਂ ਵਿਚ ਇੰਨੀ ਵੱਡੀ ਗਿਣਤੀ ਨੂੰ ਰੁਜ਼ਗਾਰ ਦੇਣ ਦਾ ਪਿਛਲੇ 30 ਸਾਲਾਂ ਦਾ ਰਿਕਾਰਡ ਹੈ। ਇਸ ਨਾਲ ਸਰਕਾਰ ਦਾ ਲਗਾਤਾਰ ਸਰਕਾਰੀ ਭਰਤੀ ਕਰਨ ਦਾ ਵਾਅਦਾ ਵੀ ਨੌਜਵਾਨਾਂ ਲਈ ਆਸ ਦੀ ਕਿਰਨ ਦਿਖਾਈ ਦਿੰਦਾ ਹੈ। ਇਸ ਤਰੀਕੇ ਨਾਲ ਵੱਡੀ ਗਿਣਤੀ ਵਿਚ ਨੌਜਵਾਨਾਂ ਨੂੰ ਰਾਜ ਦੀ ਮੁੱਖ ਧਾਰਾ ਵਿਚ ਲਿਆਂਦਾ ਜਾ ਸਕਦਾ ਹੈ।

2021 ਵਿਚ ਨੌਜਵਾਨਾਂ ਦੇ ਦੇਸ਼ ਪੱਧਰੀ ਸਰਵੇਖਣ ਵਿਚ ਪੰਜਾਬ ਦੇ ਨੌਜਵਾਨਾਂ ਦੇ 76% ਹਿੱਸੇ ਨੇ ਬੇਰੁਜ਼ਗਾਰੀ ਨੂੰ ਆਪਣੀ ਸਭ ਤੋਂ ਵੱਡੀ ਮੁਸ਼ਕਿਲ ਦੱਸਿਆ ਸੀ। ਇਸ ਤੋਂ ਇਲਾਵਾ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਇਨ੍ਹਾਂ ਨੌਜਵਾਨਾਂ ਦੇ 42% ਹਿੱਸੇ ਨੇ ਆਮ ਆਦਮੀ ਪਾਰਟੀ ਨੂੰ ਇਹ ਮੁਸ਼ਕਿਲ ਹੱਲ ਕਰਨ ਲਈ ਸਭ ਤੋਂ ਵੱਧ ਭਰੋਸੇਯੋਗ ਦੱਸਿਆ ਸੀ। ਇਸ ਕਰਕੇ ਮੌਜੂਦਾ ਸਰਕਾਰ ਦੀ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਸਾਰੇ ਵਸੀਲੇ ਵਰਤ ਕੇ ਨੌਜਵਾਨਾਂ ਨੂੰ ਆਪਣਾ ਭਵਿੱਖ ਸੰਵਾਰਨ ਵਿਚ ਮਦਦ ਕਰੇ। ਪੰਜਾਬ ਖੇਤੀ ਪ੍ਰਧਾਨ ਰਾਜ ਹੈ ਜਿਹੜਾ ਲੰਮੇ ਸਮੇਂ ਤੋਂ ਬਹੁਤ ਸਾਰੇ ਕਾਰਨਾਂ ਖ਼ਾਸਕਰ ਖੇਤੀ ਦੀ ਖੜੋਤ ਤੇ ਉਦਯੋਗਾਂ ਦੇ ਨਾ ਲੱਗਣ ਕਰ ਕੇ ਡੂੰਘੇ ਸੰਕਟ ਵਿਚ ਹੈ। ਪੰਜਾਬ ਦੇ 70% ਤੋਂ ਜ਼ਿਆਦਾ ਕਿਸਾਨਾਂ ਦਾ ਕਹਿਣਾ ਹੈ ਕਿ ਜੇ ਚੰਗਾ ਰੁਜ਼ਗਾਰ ਮਿਲ ਜਾਵੇ ਤਾਂ ਉਹ ਖੇਤੀ ਛੱਡ ਦੇਣਗੇ।

ਦਿਨ-ਬਦਿਨ ਵਿਗੜਦੇ ਹਾਲਤ ਨੇ ਮੌਜੂਦਾ ਸਮੇਂ ਵਿਚ ਵੱਡੀਆਂ ਮੁਸ਼ਕਿਲਾਂ ਪੈਦਾ ਕੀਤੀਆਂ ਹਨ ਤੇ ਵੱਡੀ ਗਿਣਤੀ ਵਿਚ ਨੌਜਵਾਨ ਪਰਵਾਸ ਕਰ ਰਹੇ ਹਨ। ਚੰਗੇ ਭਵਿੱਖ ਦੀ ਆਸ ਨਾ ਹੋਣ ਕਰ ਕੇ ਨੌਜਵਾਨਾਂ ਵਿਚ ਨਿਰਾਸ਼ਾ ਦੇ ਨਾਲ ਧਾਰਮਿਕ ਬੁਨਿਆਦਪ੍ਰਸਤੀ ਦੀਆਂ ਭਾਵਨਾਵਾਂ ਵਧ ਰਹੀਆਂ ਹਨ।

ਅਜਿਹੇ ਹਾਲਾਤ ਵਿਚ ਮੌਜੂਦਾ ਸਰਕਾਰ ਦੀ ਜ਼ਿੰਮੇਵਾਰੀ ਬਹੁਤ ਵਧ ਗਈ ਹੈ। ਰੁਜ਼ਗਾਰ ਦੇਣ ਦੇ ਨਾਲ ਨਾਲ ਜੇ ਸਰਕਾਰ ਪੰਚਾਇਤੀ ਰਾਜ ਸੰਸਥਾਵਾਂ ਤੇ ਸ਼ਹਿਰੀ ਸੰਸਥਾਵਾਂ ਵਿਚ ਨੌਜਵਾਨਾਂ ਦੀ ਹਿੱਸੇਦਾਰੀ ਵਧਾਉਂਦੀ ਹੈ ਤਾਂ ਪਾਰਟੀ ਦਾ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦਾ ਸੁਪਨਾ ਸਾਕਾਰ ਹੋ ਸਕਦਾ ਹੈ। ਇਸ ਤਰੀਕੇ ਨਾਲ ਲੱਖਾਂ ਹੀ ਨੌਜਵਾਨਾਂ ਨੂੰ ਪੰਜਾਬ ਦੀ ਨਵ-ਉਸਾਰੀ ਵਿਚ ਹਿੱਸਾ ਲੈਣ ਦਾ ਮੌਕਾ ਮਿਲੇਗਾ।

# ਭਾਰਤ ਵਿਚ ਯੂਨੀਵਰਸਿਟੀਆਂ ਲਈ ਸੰਕਟ ਦਾ ਦੌਰ



**ਡਾ. ਕੁਲਦੀਪ ਸਿੰਘ**

ਭਾਰਤ ਦੀ ਆਜ਼ਾਦੀ ਤੋਂ ਬਾਅਦ ਵੱਖ-ਵੱਖ ਪੱਧਰ 'ਤੇ ਆਰਥਿਕ ਤੋਂ ਲੈ ਕੇ ਵਿਗਿਆਨਕ ਖੇਤਰ ਤੱਕ ਨਵੇਂ ਸਮਾਜਿਕ ਵਿਗਿਆਨੀਆਂ ਅਤੇ ਸਾਇੰਸਦਾਨਾਂ ਦੀ ਜ਼ਰੂਰਤ ਸੀ, ਤਾਂ ਕਿ ਦੇਸ਼ ਨੂੰ ਨਵ-ਨਿਰਮਾਣ ਦੇ ਤੌਰ 'ਤੇ ਵਿਕਸਿਤ ਕੀਤਾ ਜਾ ਸਕੇ। ਇਸ ਕਾਰਜ ਦੀ ਪੂਰਤੀ ਲਈ ਆਜ਼ਾਦੀ ਤੋਂ ਬਾਅਦ ਉੱਭਰੀ ਸਮੁੱਚੀ ਦੇਸ਼ ਦੀ ਲੀਡਰਸ਼ਿਪ ਨੇ ਉਚੇਰੀ ਸਿੱਖਿਆ ਉੱਪਰ ਵਿਸ਼ੇਸ਼ ਧਿਆਨ ਕੇਂਦਰਿਤ ਕੀਤਾ। ਇਸ ਕਰਕੇ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਦੀ ਵਿਵਸਥਾ ਯੂਨੀਵਰਸਿਟੀ ਐਜੂਕੇਸ਼ਨ ਕਮਿਸ਼ਨ (1948-1949) ਦੀਆਂ ਸਿਫਾਰਸ਼ਾਂ ਅਤੇ ਸਮੁੱਚੀ ਦੇਸ਼ ਦੀ ਪਾਰਲੀਮੈਂਟ ਰਾਹੀਂ ਕੀਤੀ ਗਈ। ਇਸ ਕਮਿਸ਼ਨ ਨੇ ਉਚੇਰੀ ਸਿੱਖਿਆ ਵਿਚ ਵਾਧੇ ਤੇ ਵਿਕਾਸ ਲਈ ਦੇਸ਼ ਅਤੇ ਦੁਨੀਆ ਭਰ ਵਿਚੋਂ 800 ਤੋਂ ਵੱਧ ਨਾਮਵਰ ਵਿਅਕਤੀਆਂ ਦੇ ਸੁਝਾਅ ਅਤੇ ਯੋਜਨਾਵਾਂ ਲੈ ਕੇ ਨੀਤੀਆਂ ਤੈਅ ਕੀਤੀਆਂ, ਜਿਨ੍ਹਾਂ ਦੇ ਆਧਾਰ ਉੱਤੇ ਦੇਸ਼ ਭਰ ਵਿੱਚ ਵੱਡੀਆਂ ਵਿਗਿਆਨਕ ਸੰਸਥਾਵਾਂ ਅਤੇ ਕੇਂਦਰੀ ਯੂਨੀਵਰਸਿਟੀਆਂ ਦਾ ਨਿਰਮਾਣ ਹੋਇਆ।

ਇਸ ਤਰ੍ਹਾਂ ਰਾਜ ਸਰਕਾਰਾਂ ਨੇ ਵੀ ਆਪਣੇ ਖਿੱਤਿਆਂ ਵਿਚਲੀਆਂ ਲੋੜਾਂ ਦੇ ਨਾਲ-ਨਾਲ ਸਾਹਿਤ, ਸੱਭਿਆਚਾਰ ਅਤੇ ਸਮਾਜਿਕ ਤਬਦੀਲੀਆਂ ਵਾਲੇ ਗਿਆਨ ਨੂੰ ਵਿਕਸਿਤ ਕਰਨ ਵਾਸਤੇ ਰਾਜ ਪੱਧਰ ਦੀਆਂ ਯੂਨੀਵਰਸਿਟੀਆਂ ਦੀ ਸਥਾਪਨਾ ਕੀਤੀ, ਪਰ ਜਿਸ ਕਿਸਮ ਨਾਲ ਅਜੋਕੇ ਸਮਿਆਂ ਵਿਚ ਮੌਜੂਦਾ ਕੇਂਦਰ ਸਰਕਾਰ ਨੇ ਕਰੋਨਾ ਦੇ ਦੌਰ ਦਾ ਫਾਇਦਾ ਉਠਾਉਂਦਿਆਂ ਬਿਨਾਂ ਚਰਚਾ ਕੀਤਿਆਂ ਅਤੇ ਰਾਜ ਸਰਕਾਰਾਂ ਨੂੰ ਦਰਕਿਨਾਰ ਕਰਦਿਆਂ ਕੌਮੀ ਸਿੱਖਿਆ ਨੀਤੀ-2020 ਦੇਸ਼ ਉੱਪਰ ਮੜ੍ਹ ਦਿੱਤੀ। ਇਸ ਨੀਤੀ ਵਿਚ ਇਹ ਕਿਹਾ ਗਿਆ ਕਿ ਪੁਰਾਣੇ ਸਮੁੱਚੇ



ਵਿਦਿਅਕ ਢਾਂਚੇ ਨੂੰ ਪੂਰੀ ਤਰ੍ਹਾਂ ਤਬਦੀਲ ਕਰਕੇ ਨਵੀਂ ਉਸਾਰੀ ਕੀਤੀ ਜਾਵੇਗੀ।

ਕੌਮੀ ਸਿੱਖਿਆ ਨੀਤੀ-2020 ਦੀ ਇਕ ਅਹਿਮ ਮੱਦ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਨੂੰ ਦੇਸ਼ ਦੀਆਂ ਵੱਖ ਵੱਖ ਯੂਨੀਵਰਸਿਟੀਆਂ ਵਿਚ ਆਪਣੇ ਕੈਂਪਸ ਖੋਲ੍ਹਣ ਲਈ ਯੂਨੀਵਰਸਿਟੀ ਗਰਾਂਟਸ ਕਮਿਸ਼ਨ ਨੇ ਖਰੜਾ ਜਾਰੀ ਕਰ ਦਿੱਤਾ। ਇਸ ਅਨੁਸਾਰ ਟਾਈਮਜ਼ ਹਾਇਰ ਐਜੂਕੇਸ਼ਨ-2023 ਦੀ ਰੈਂਕਿੰਗ ਅਨੁਸਾਰ ਐਲਾਨੀਆਂ ਉੱਪਰਲੀਆਂ ਪੰਜ ਸੌ ਯੂਨੀਵਰਸਿਟੀਆਂ ਦੇਸ਼ ਦੀਆਂ ਰਾਜ ਪੱਧਰੀ ਤੇ ਕੇਂਦਰੀ ਯੂਨੀਵਰਸਿਟੀਆਂ ਵਿਚ ਆਪਣੇ ਕੈਂਪਸ ਆਜ਼ਾਦਾਨਾ ਰੂਪ ਵਿਚ ਚਲਾ ਸਕਦੀਆਂ ਹਨ। ਖਰੜੇ ਅਨੁਸਾਰ ਇਨ੍ਹਾਂ ਵਿਦੇਸ਼ੀ ਯੂਨੀਵਰਸਿਟੀਆਂ ਦੀ ਆਮਦ ਨਾਲ ਸਥਾਪਤ ਯੂਨੀਵਰਸਿਟੀਆਂ ਵਿਚ ਮੁਕਾਬਲੇ ਦਾ ਸਿਲਸਿਲਾ ਸ਼ੁਰੂ ਹੋ ਜਾਵੇਗਾ, ਜਿਸ ਨਾਲ ਅਧਿਆਪਨ ਤੇ ਖੋਜ ਕਾਰਜਾਂ ਵਿਚ ਗੁਣਾਤਮਕ ਵਾਧਾ ਹੋਵੇਗਾ। ਵਿਦੇਸ਼ੀ ਯੂਨੀਵਰਸਿਟੀਆਂ ਆਪਣੇ ਮਾਪਦੰਡਾਂ ਨਾਲ ਕੋਰਸ ਸ਼ੁਰੂ ਕਰ ਸਕਦੀਆਂ ਹਨ ਤੇ ਫੈਕਲਟੀ ਰੱਖ ਸਕਦੀਆਂ ਹਨ। ਉਨ੍ਹਾਂ ਨੂੰ ਆਪਣੇ ਕੈਂਪਸ ਖੋਲ੍ਹਣ ਲਈ ਕਿਸੇ ਵੀ ਕਿਸਮ ਦੀ ਪੂੰਜੀ, ਫੰਡ ਵਜੋਂ ਜਮ੍ਹਾਂ ਨਹੀਂ ਕਰਵਾਉਣੀ ਪਵੇਗੀ, ਉਹ ਆਜ਼ਾਦ ਰੂਪ ਵਿਚ ਆਪਣੇ ਮਾਪਦੰਡਾਂ ਰਾਹੀਂ ਫੀਸਾਂ/ ਫੰਡਾਂ ਦੀ ਵਿਵਸਥਾ ਤੇ ਅਧਿਆਪਨ ਅਮਲੇ ਦੀਆਂ ਤਨਖਾਹਾਂ/ਭੱਤੇ ਰੱਖ ਸਕਦੇ ਹਨ। ਇਸ ਕਿਸਮ ਦੇ ਦਿਸ਼ਾ ਨਿਰਦੇਸ਼ ਵਾਲਾ ਖਰੜਾ ਤੱਤ ਰੂਪ ਵਿਚ ਦੇਸ਼ ਦੀਆਂ ਯੂਨੀਵਰਸਿ-ਟੀਆਂ ਨੂੰ ਵਿਦੇਸ਼ੀ ਯੂਨੀਵਰਸਿਟੀਆਂ ਦੇ ਹਵਾਲੇ ਕਰਨ ਦੇ ਬਰਾਬਰ ਹੈ ਤਾਂ ਕਿ ਉਹ ਵੱਡੀ ਪੱਧਰ ਉੱਤੇ ਆਪਣੇ ਸਰਮਾਏ ਤੇ ਡਿਗਰੀਆਂ ਦੀ ਚਕਾਚੌਂਧ ਨਾਲ ਦੇਸ਼ ਦੀ ਮੱਧ-ਵਰਗ ਤੇ ਉੱਪਰਲੀ ਸ਼੍ਰੇਣੀ ਦੇ ਉਚੇਰੀ ਸਿੱਖਿਆ ਵਿਚ ਜਾਣ ਵਾਲੇ ਵਿਦਿਆਰਥੀਆਂ ਨੂੰ ਆਪਣੀ ਗ੍ਰਿਫ਼ਤ ਵਿਚ ਲੈ ਕੇ ਬਣੇ ਬਣਾਏ ਢਾਂਚੇ ਰਾਹੀਂ ਸਿੱਖਿਆ ਦੀ ਮੰਡੀ ਉੱਪਰ ਕਾਬਜ਼ ਹੋ ਸਕਣ।

ਭਾਰਤ, ਚੀਨ ਤੋਂ ਬਾਅਦ ਦੁਨੀਆ ਦਾ ਦੂਸਰਾ ਵੱਡਾ ਮੁਲਕ ਹੈ ਜਿੱਥੇ ਉਚੇਰੀ ਸਿੱਖਿਆ ਵਿਚ ਜਾਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਆਉਂਦੀ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਰਾਜ ਤੇ ਕੇਂਦਰੀ ਸਰਕਾਰਾਂ ਨੇ ਉਚੇਰੀ ਸਿੱਖਿਆ ਤੋਂ ਮੂੰਹ ਮੋੜ ਲਿਆ ਹੈ। ਵੱਖ ਵੱਖ ਸਿੱਖਿਆ ਕਮਿਸ਼ਨਾਂ ਨੇ ਸਿੱਖਿਆ ਉੱਪਰ 6 ਪ੍ਰਤੀਸ਼ਤ ਜੀ.ਡੀ.ਪੀ. ਖਰਚ ਕਰਨ ਦੀ ਵਕਾਲਤ ਕੀਤੀ ਸੀ, ਪਰ 2009 ਤੋਂ

(ਬਾਕੀ ਅਗਲੇ ਸਫੇ 'ਤੇ)

# ਯੂਰਪ ਦੀਆਂ ਜੰਗਾਂ ਅਤੇ ਮੁਨਾਫ਼ਾਖ਼ੋਰੀ ਦਾ ਸ਼ਿਕਾਰ ਦੁਨੀਆਂ

ਅਭੀਜੀਤ ਭੱਟਾਚਾਰੀਆ

ਰੂਸ ਵੱਲੋਂ ਬੀਤੇ ਸਾਲ ਫਰਵਰੀ ਮਹੀਨੇ ਯੂਕਰੇਨ ਉਤੇ ਕੀਤੇ ਹਮਲੇ ਤੋਂ ਐਨ ਪਹਿਲਾਂ ਬਰਤਾਨੀਆ ਦੇ ਰੱਖਿਆ ਮੰਤਰੀ ਬੈਨ ਵਾਲੇਸ ਨੇ ਆਖਿਆ ਸੀ, "ਸਕੌਟ ਗਾਰਡਜ਼ ਨੇ 1853 ਵਿਚ ਜ਼ਾਰ ਨਿਕੋਲਸ ਅਵਲ ਦੇ ਪਿੱਛਿਉਂ ਠੁੱਡਾ ਮਾਰਿਆ ਸੀ ਤੇ ਅਸੀਂ ਅਜਿਹਾ ਦੁਬਾਰਾ ਕਰ ਸਕਦੇ ਹਾਂ।" ਇੰਞ ਉਹ 21ਵੀਂ ਸਦੀ ਦੀ ਰੂਸ-ਯੂਕਰੇਨ ਜੰਗ ਦੀ ਤੁਲਨਾ 19ਵੀਂ ਸਦੀ ਦੀ ਜੰਗ ਨਾਲ ਕਰ ਰਹੇ ਸਨ। ਉਦੋਂ ਜ਼ਾਰ ਨੂੰ ਇੰਗਲੈਂਡ, ਫਰਾਂਸ ਤੇ ਔਟੋਮਨ ਸਲਤਨਤ ਦੀ ਸਾਂਝੀ ਫ਼ੌਜ ਖ਼ਿਲਾਫ਼ ਲੜਨਾ ਪਿਆ ਸੀ। ਇਸ ਤਰ੍ਹਾਂ ਰੂਸ ਦੀ ਅਤੀਤ ਵਿਚਲੀ ਹਾਰ ਤੇ ਕੌਮਾਂਤਰੀ ਇਤਹਾਦੀਆਂ ਦੀ ਕਮੀ ਨੂੰ ਤਨਜ਼ੀਆ ਢੰਗ ਨਾਲ ਅਜੋਕੇ ਦੌਰ ਨਾਲ ਮੇਲਣ ਲਈ ਇਸਤੇਮਾਲ ਕਰ ਕੇ ਮਾਸਕੋ ਨੂੰ ਖ਼ਬਰਦਾਰ ਕੀਤਾ ਗਿਆ ਸੀ ਕਿ ਇਤਿਹਾਸ ਖ਼ੁਦ ਨੂੰ ਦੁਹਰਾ ਸਕਦਾ ਹੈ।

ਬਰਤਾਨਵੀ ਰੱਖਿਆ ਮੰਤਰੀ ਨੇ ਜੋ ਕੁਝ ਆਖਿਆ, ਉਹ ਨਾ ਹੈਰਾਨੀਜਨਕ ਸੀ ਤੇ ਨਾ ਹੀ ਨਿਵੇਕਲਾ। ਕੀਤੀ ਸੀ ਅਤੇ ਉਸ ਦਾ ਵਿਚਾਰ ਸੀ ਕਿ ਸਮੇਂ ਸਮੇਂ ਉਤੇ ਜੰਗਾਂ ਦਾ ਹੁੰਦੇ ਰਹਿਣਾ ਚੰਗਾ ਹੁੰਦਾ ਹੈ। ਯੂਰੋਪੀਅਨ ਸੋਚ ਦੇ ਇਨ੍ਹਾਂ ਸਾਰੇ ਪ੍ਰਗਟਾਵਿਆਂ ਵਿਚ ਇਕ ਗੱਲ ਸਾਫ਼ ਹੈ। ਇਨ੍ਹਾਂ ਵਿਚ ਸਵੈ-ਸਿੱਧ ਬੌਧਿਕ ਇਮਾਨਦਾਰੀ ਦਾ ਤੱਤ ਮੌਜੂਦ ਹੈ ਜਿਹੜਾ ਅਜਿਹੀ ਸਿਆਸੀ ਬੇਈਮਾਨੀ ਜੋ ਸਿਆਸੀ ਬਿਆਨਬਾਜ਼ੀ ਨੂੰ ਇਮਾਨਦਾਰ ਤੇ ਭਲੇ ਉੱਦਮ ਵਜੋਂ ਦਿਖਾਏ ਜਾਣ ਦੇ ਪਾਖੰਡ ਨੂੰ ਵਾਜਬ ਠਹਿਰਾਉਣ, ਇਸ ਦਾ ਪ੍ਰਚਾਰ ਕਰਨ ਜਾਂ ਬਚਾਅ ਕਰਨ ਪੱਖੋਂ ਉੱਤਮ ਜਾਪਦੀ ਹੈ।

ਇਸ ਪ੍ਰਸੰਗ ਵਿਚ ਲੰਬੇ ਸਮੇਂ ਤੋਂ ਜਾਰੀ ਰੂਸ-ਯੂਕਰੇਨ ਜੰਗ ਇਸ ਤਲਖ਼ ਹਕੀਕਤ ਨੂੰ ਜੱਗ ਜ਼ਾਹਿਰ ਕਰਦੀ ਹੈ ਕਿ ਅਨੈਤਿਕ ਜੰਗ ਤੱਕ ਵੀ ਪੱਛਮ ਦੀ ਸਦਾਚਾਰਕ ਤੇ ਨੈਤਿਕ/ਇਖ਼ਲਾਕੀ ਸਿਹਤ ਲਈ ਚੰਗੀ ਸਾਬਤ ਹੁੰਦੀ ਹੈ, ਕਿਉਂਕਿ ਉਨ੍ਹਾਂ ਲਈ ਤਬਾਹੀ, ਲਹੂ, ਪਸੀਨੇ ਅਤੇ ਹੁੰਦੀਆਂ ਹਨ। ਇਸੇ ਤਰ੍ਹਾਂ 20 ਸਾਲਾਂ ਤੱਕ ਚੱਲੀ ਅਫ਼ਗ਼ਾਨ ਜੰਗ ਦੇ ਅਗਸਤ 2021 ਵਿਚ ਮੁੱਕ ਜਾਣ ਨਾਲ ਹਥਿਆਰ ਤੇ ਗੋਲੀ-ਸਿੱਕਾ ਬਣਾਉਣ ਵਾਲੇ ਕਾਰੋਬਾਰੀਆਂ ਨੂੰ ਭਾਰੀ ਘਾਟਾ ਪਿਆ।

ਬਿਨਾ ਸ਼ੱਕ ਰੂਸ ਗ਼ਲਤ ਰਾਹ 'ਤੇ ਹੈ ਤੇ ਉਸ ਦੀ ਆਲੋਚਨਾ ਵਾਜਬ ਹੈ। ਇਸ ਦੇ ਬਾਵਜੂਦ ਰੂਸੀ ਗ਼ਲਤੀਆਂ ਵੀ ਸੁਆਲ ਖੜ੍ਹੇ ਕਰਦੀਆਂ ਹਨ। ਆਖ਼ਰ ਮਾਸਕੋ ਕਿਉਂ ਇਸ ਦੁਸ਼ਮਣੀ ਭਰੇ ਰਾਹ 'ਤੇ ਤੁਰਿਆ ਹੈ ਜਿਥੋਂ ਜਾਪਦਾ ਹੈ ਕਿ ਪਿੱਛੇ ਨਹੀਂ ਮੁੜਿਆ ਜਾ ਸਕਦਾ? ਇਸ ਦਾ ਤੀਜਾ ਹਿੱਸਾ ਜਵਾਬ ਭਾਵੇਂ ਬਰਤਾਨਵੀ ਰੱਖਿਆ ਮੰਤਰੀ ਨੇ 1853 ਦੀ ਕ੍ਰਾਇਮੀਆ ਜੰਗ ਬਾਰੇ ਆਪਣੀ ਟਿੱਪਣੀ ਵਿਚ ਦੇ ਦਿੱਤਾ ਸੀ ਪਰ ਤਾਂ ਵੀ ਬਾਕੀ ਦੋ ਤਿਹਾਈ ਜਵਾਬ ਨੂੰ ਵੀ ਅਣਦਿੱਤਾ ਨਹੀਂ ਛੱਡਦਾ ਕਿਉਂਕਿ ਇਹ ਜਵਾਬ 1810ਵਿਆਂ ਤੋਂ ਲੈ ਕੇ 1940ਵਿਆਂ ਤੱਕ ਦੀਆਂ ਘਟਨਾਵਾਂ ਵਿਚ ਹੋਰ ਆਲਮੀ ਜੰਗ ਵਿਚ ਖਿੱਚ ਲਵੇਗਾ? ਯੂਰੋਪ ਦੁਖੀ ਹੈ ਕਿਉਂਕਿ ਜੰਗ ਦੇ ਥਕੇਵੇਂ ਅਤੇ ਮਾਲੀ ਮੰਦਵਾੜੇ ਨੇ ਪਹਿਲਾਂ ਹੀ ਇਕ ਤਰ੍ਹਾਂ ਇਸ ਦੇ ਕੋਨੇ ਕੋਨੇ ਨੂੰ ਬੁਰੀ ਤਰ੍ਹਾਂ ਜਕੜ ਲਿਆ ਹੈ। ਇਸ ਲਈ ਜਰਮਨੀ ਦੇ ਡਿਊਸ਼ ਬੈਂਕ ਨੇ ਅਮਰੀਕੀ ਬੈਂਕਾਂ ਤੋਂ ਕਰਜ਼ ਲੈਣ ਵਿਚਲੇ ਜੋਖ਼ਮਾਂ ਸਬੰਧੀ ਖ਼ਬਰਦਾਰ ਕੀਤਾ ਹੈ ਅਤੇ ਜਰਮਨੀ ਦੀ ਸਾਬਕਾ ਚਾਂਸਲਰ ਐਂਜਲਾ ਮਾਰਕਲ ਨੇ ਮੰਨਿਆ ਹੈ ਕਿ ਠੰਢੀ ਜੰਗ ਕਦੇ ਖ਼ਤਮ ਨਹੀਂ ਹੋਈ। ਰੂਸ ਦੇ ਗੁਆਂਢ ਵਿਚ ਨਾਟੋ ਦੇ ਹੋ ਰਹੇ ਪਸਾਰ ਦੇ ਮੱਦੇਨਜ਼ਰ ਰੂਸ ਦੀ ਸੁਰੱਖਿਆ ਸਬੰਧੀ ਗਾਰੰਟੀ ਉਤੇ ਗ਼ੌਰ ਕੀਤੇ ਜਾਣ ਲਈ ਫਰਾਂਸ ਦੇ ਸਦਰ ਅਮੈਨੂਅਲ ਮੈਕਰੋਂ ਵੱਲੋਂ ਵਾਰ ਵਾਰ ਜ਼ੋਰ ਦੇਣ ਕਾਰਨ ਉਸ ਨੂੰ ਲਾਹਣਤਾਂ ਪਾਈਆਂ ਜਾ ਰਹੀਆਂ ਹਨ।

ਫਰਾਂਸ ਯਕੀਨਨ ਚੰਗੀ ਤਰ੍ਹਾਂ ਜਾਣਦਾ ਹੈ ਕਿ ਪਹਿਲੀ ਸੰਸਾਰ ਜੰਗ ਤੋਂ ਬਾਅਦ ਹੋਈ ਵਰਸਾਏ ਦੀ ਸੰਧੀ ਵਿਚ ਹਾਰੇ ਹੋਏ ਜਰਮਨੀ ਨੂੰ ਬੇਇੱਜ਼ਤ ਕੀਤੇ ਜਾਣ ਦੀ






ਜੰਗ ਪ੍ਰਤੀ ਯੂਰੋਪ ਦਾ ਹਮੇਸ਼ਾ ਹੀ ਭਿਆਨਕ ਮੋਹ ਰਿਹਾ ਹੈ। ਖ਼ੂਨ ਭਿੱਜੀਆਂ ਲੜਾਈਆਂ ਅਤੇ ਉਨ੍ਹਾਂ ਦੇ ਘਿਨਾਉਣੇ ਨਤੀਜਿਆਂ ਨੂੰ ਜੰਗੀ ਪੱਛਮ ਦੀ ਸ਼ਾਨ ਦੇ ਦਿਖਾਵੇ ਲਈ ਵਰਤਿਆ ਜਾਂਦਾ ਰਿਹਾ ਹੈ। ਯੂਰੋਪ ਦੇ ਬਹੁਤੇ ਨਾਮੀ ਤੇ ਗਿਆਨਵਾਨ ਵਿਦਵਾਨਾਂ, ਬੁੱਧੀਜੀਵੀਆਂ ਅਤੇ ਫਿਲਾਸਫਰਾਂ ਨੂੰ ਤਾਕਤ, ਜੰਗ ਤੇ ਹਿੰਸਾ ਨੇ ਲਗਾਤਾਰ ਮੋਹਿਆ ਹੈ ਅਤੇ ਉਨ੍ਹਾਂ ਨੇ ਇਨ੍ਹਾਂ ਦੀ ਅਹਿਮੀਅਤ ਬਾਰੇ ਖੁੱਲ੍ਹ ਕੇ ਗੱਲ ਕੀਤੀ ਹੈ।

ਮੈਕਿਆਵਲੀ ਨੇ ਸਾਫ਼ ਕਿਹਾ ਹੈ, "ਸਾਰੇ ਹਥਿਆਰਬੰਦ ਨਬੀ ਜੇਤੂ ਬਣੇ ਅਤੇ ਨਿਹੱਥੇ ਨਾਕਾਮ ਰਹੇ।" ਉਸ ਮੁਤਾਬਕ ਜੰਗ, ਤਾਕਤ ਅਤੇ ਪਾਖੰਡ ਆਪਸ ਵਿਚ ਜੁੜੇ ਹੋਏ ਹਨ। ਥੌਮਸ ਹੌਬਸ ਮੁਤਾਬਕ ਟਕਰਾਅ ਨਿਜੀ ਤੇ ਸਮੂਹਿਕ ਸੁਰੱਖਿਆ ਦੀ ਭਾਵਨਾ, ਲਾਲਚ ਤੇ ਤਾਕਤ ਹਾਸਲ ਕਰਨ ਦੀ ਇੱਛਾ ਵਿਚੋਂ ਪੈਦਾ ਹੁੰਦਾ ਹੈ ਤੇ ਹਰ ਬੰਦੇ ਦੀ ਜ਼ਿੰਦਗੀ ਬਾਕੀ ਸਾਰਿਆਂ ਖ਼ਿਲਾਫ਼ ਜੰਗ ਬਣ ਜਾਂਦੀ ਹੈ; ਇਸ ਦਾ ਸਿੱਟਾ ਇਹ ਨਿਕਲਦਾ ਹੈ ਕਿ ਮਨੁੱਖੀ ਜੀਵਨ ਇਕੱਲਤਾ ਤੇ ਗੁਰਬਤ ਨਾਲ ਭਰਿਆ ਹੋਇਆ ਹੈ। ਜੀਨ-ਯਾਕ ਰੂਸੋ ਦੇ ਸਟੇਟ/ਰਿਆਸਤ ਦੀ ਤਾਕਤ ਬਾਰੇ ਵਿਚਾਰਾਂ ਨੇ ਸਾਰੇ ਸੰਸਾਰ ਨੂੰ ਪ੍ਰਭਾਵਿਤ ਕੀਤਾ। ਵਾਲਟੇਅਰ ਮੁਤਾਬਕ ਉਸ ਦਾ 'ਨਾ-ਬਰਾਬਰੀ ਬਾਰੇ ਵਿਖਿਆਨ' ਅਸਲ ਵਿਚ 'ਇਨਸਾਨੀ ਨਸਲ ਦੇ ਖ਼ਿਲਾਫ਼' ਸੀ। ਜਾਰਜ ਵਿਲਹੈਮ ਫਰੈਡਰਿਕ ਹੀਗਲ ਨੇ ਖੁੱਲ੍ਹੇ ਤੌਰ 'ਤੇ ਨੈਪੋਲੀਅਨੀ ਜੰਗਾਂ ਦੀ ਤਾਰੀਫ਼ ਵਿਧਵਾਵਾਂ, ਯਤੀਮਾਂ ਤੇ ਬੇਘਰਿਆਂ/ਬੇਸਹਾਰਿਆਂ ਦੇ ਹੰਝੂਆਂ ਤੋਂ ਦੌਲਤ ਬਣਾਉਣ ਅਤੇ ਵਪਾਰੀਆਂ ਤੇ ਦਲਾਲਾਂ/ਵਿਚੋਲਿਆਂ ਰਾਹੀਂ ਖੁੱਲ੍ਹੀ ਲੁੱਟ ਮਚਾਉਣ ਦੇ ਅਣਗਿਣਤ ਮੌਕੇ ਪੈਦਾ ਹੁੰਦੇ ਹਨ। ਖ਼ੁਰਾਕ ਦੀ ਕਮੀ ਵੀ ਮੁਨਾਫ਼ਾਖ਼ੋਰੀ ਦਾ ਸਾਧਨ ਬਣਦੀ ਹੈ, ਜਿਵੇਂ ਅਜਿਹਾ 1943 ਵਿਚ ਬੰਗਾਲ ਦੇ ਭਿਆਨਕ ਕਾਲ ਦੌਰਾਨ ਵਾਪਰਿਆ ਸੀ ਜਿਸ ਵਿਚ 30 ਲੱਖ ਜਾਨਾਂ ਜਾਂਦੀਆਂ ਰਹੀਆਂ ਸਨ। ਇਹ ਕਾਲ ਦੂਜੀ ਸੰਸਾਰ ਜੰਗ ਕਾਰਨ ਪਿਆ ਸੀ ਤੇ ਇਸ ਜੰਗ ਨੂੰ ਯੂਰੋਪ ਨੇ ਸੰਸਾਰ ਸਿਰ ਮੜ੍ਹਿਆ ਸੀ।

ਜਦੋਂ ਬੰਦੂਕਾਂ ਦੀ ਮੰਗ ਵਧਦੀ ਹੈ ਤਾਂ ਹਰ ਹਥਿਆਰ ਜਾਂ ਮਸ਼ੀਨ ਦੀ ਵਿਕਰੀ ਉਤੇ ਮੁਨਾਫ਼ਾ ਵੀ ਛਾਲਾਂ ਮਾਰ ਕੇ ਅਸਮਾਨ ਛੂੰਹਦਾ ਹੈ। ਇਸ ਸੂਰਤ ਵਿਚ ਫ਼ੌਜੀ ਸਾਜ਼ੋ-ਸਾਮਾਨ ਦੀ ਪੈਦਾਵਾਰ ਤੇ ਵਿਕਰੀ ਦੇ ਕਾਰੋਬਾਰ ਇੰਨੇ ਲੁਭਾਊ ਤੇ ਕਮਾਊ ਹੋ ਜਾਂਦੇ ਹਨ ਕਿ ਇਨ੍ਹਾਂ ਦਾ ਲਾਲਚ ਤਿਆਗਿਆ ਨਹੀਂ ਜਾ ਸਕਦਾ। ਹੁਣ ਜਿਵੇਂ ਬੜੇ ਲੰਮੇ ਅਰਸੇ ਬਾਅਦ 'ਅਸਲੀ' ਜੰਗ ਯੂਰੋਪੀਅਨ ਸਰਜ਼ਮੀਨ ਉਤੇ ਆਈ ਹੈ ਤਾਂ ਇਸ ਨਾਲ ਨਿਵੇਸ਼ ਪੱਖੋਂ ਵੱਡੇ ਪੱਧਰ 'ਤੇ ਲਾਭ ਹੋ ਰਹੇ ਹਨ। ਇੰਨਾ ਹੀ ਨਹੀਂ, ਜੇ ਜੰਗ ਤਕੜੇ ਲੜਾਕਿਆਂ ਦਰਮਿਆਨ ਹੋਵੇ ਤਾਂ ਇਹ ਭਾਰੀ ਮੁਨਾਫ਼ਿਆਂ ਦੀ ਗਾਰੰਟੀ ਹੁੰਦੀ ਹੈ ਕਿਉਂਕਿ ਦੋਵਾਂ ਕੋਲ ਹੀ ਟਕਰਾਅ ਨੂੰ ਲੰਮਾ ਖਿੱਚਣ ਦੇ ਵਸੀਲੇ ਹੁੰਦੇ ਹਨ। ਇਸ ਦੇ ਉਲਟ ਤੀਜੀ ਦੁਨੀਆ ਦੇ ਮੁਲਕਾਂ ਵਿਚ ਹੋਣ ਵਾਲੀਆਂ ਛੋਟੀਆਂ ਜੰਗਾਂ ਮੁਨਾਫ਼ੇ ਦੀ ਕਮਾਈ ਘਟਾਉਂਦੀਆਂ ਹਨ ਕਿਉਂਕਿ ਉਹ ਘੱਟ ਤਬਾਹਕੁਨ ਪਿਆ ਹੈ।

ਰੂਸ ਨੇ ਲਗਾਤਾਰ ਦੋ ਸਦੀਆਂ ਦੌਰਾਨ ਸਮੁੱਚੇ ਪੱਛਮ ਨੂੰ ਇਨਸਾਨੀ ਜਾਤ ਦੀਆਂ ਦੋ ਯੂਰੋਪੀਅਨ ਆਫ਼ਤਾਂ (ਨੈਪੋਲੀਅਨ ਤੇ ਹਿਟਲਰ) ਹੱਥੋਂ ਤਬਾਹ ਹੋ ਜਾਣ ਤੋਂ ਬਚਾਇਆ। ਸੱਚਮੁੱਚ ਇਸ ਨੇ ਨੈਪੋਲੀਅਨ ਦੀ ਖ਼ੂਨ-ਪੀਣੀ 'ਗਰੈਂਡ ਆਰਮੀ' ਨੂੰ ਬੋਰੋਦੀਨੋ (ਸਤੰਬਰ 1812) ਤੇ ਲੀਪਜ਼ਿਗ (ਅਕਤੂਬਰ 1813) ਦੀਆਂ ਲੜਾਈਆਂ ਵਿਚ ਦਰੜ ਸੁੱਟਿਆ ਸੀ ਤੇ ਅਜਿਹਾ ਜੂਨ 1815 ਵਿਚ ਨੈਪੋਲੀਅਨ ਦੀ ਕਮਜ਼ੋਰ ਪੈ ਚੁੱਕੀ ਫਰਾਂਸੀਸੀ ਫ਼ੌਜ ਉਤੇ ਵਾਟਰਲੂ ਦੀ ਲੜਾਈ ਵਿਚ ਵੈਲਿੰਗਟਨ ਦੇ ਡਿਊਕ ਵੱਲੋਂ ਦਰਜ ਕੀਤੀ ਜਿੱਤ ਤੋਂ ਬਹੁਤ ਪਹਿਲਾਂ ਹੋ ਚੁੱਕਾ ਸੀ। ਨੈਪੋ-ਲੀਅਨੀ ਜੰਗਾਂ ਤੋਂ ਲੈ ਕੇ ਦੋ ਸੰਸਾਰ ਜੰਗਾਂ ਤੱਕ ਅਤੇ 1990ਵਿਆਂ ਦੇ ਬਾਲਕਨੀਕਰਨ ਤੋਂ ਲੈ ਕੇ ਮੌਜੂਦਾ ਯੂਕਰੇਨ ਜੰਗ ਤੱਕ ਸਾਰੇ ਹਾਲਾਤ ਅੰਤਰ-ਯੂਰੋਪੀਅਨ ਟਕਰਾਵਾਂ ਦੀ ਸਿਰਜਣਾ ਕਰਦੇ ਹਨ, ਲਗਾਤਾਰ ਮਹਾਂਦੀਪੀ ਖ਼ਾਨਾਜੰਗੀਆਂ ਵਾਂਗ। ਇਸ ਦੇ ਬਾਵਜੂਦ ਗ਼ੈਰ-ਯੂਰਪੀ ਸੰਸਾਰ ਨੂੰ ਗਿਣਮਿੱਥ ਕੇ ਇਨ੍ਹਾਂ ਆਪਸੀ ਝਗੜਿਆਂ ਵਿਚ ਘੜੀਸਿਆ ਗਿਆ ਜਿਸ ਨਾਲ ਯੂਰੋਪ ਨੂੰ ਆਲਮੀ ਮਾਮਲਿਆਂ ਵਿਚ ਮੋਹਰੀ ਪੁਜ਼ੀਸ਼ਨ ਹਾਸਲ ਹੋਈ।

ਇਸ ਲਈ ਰੂਸ-ਯੂਕਰੇਨ ਜੰਗ ਦਾ ਅਗਾਂਹ ਕੀ ਹੋਵੇਗਾ? ਕੀ ਕੋਈ ਹੱਲ ਸੰਭਵ ਹੈ? ਜਾਂ ਫਿਰ ਇਹ ਇਕ ਵਾਰੀ ਫਿਰ ਤੋਂ ਸਮੁੱਚੇ ਯੂਰੋਪ ਤੇ ਬਾਕੀ ਸੰਸਾਰ ਨੂੰ ਇਕ ਇਤਿਹਾਸਕ ਬੇਵਕੂਫ਼ੀ ਨੇ ਦੂਜੀ ਸੰਸਾਰ ਜੰਗ ਦੇ ਬੀਜ ਬੀਜ ਦਿੱਤੇ ਸਨ। ਅਮਰੀਕਾ ਦੀ ਆਲੋਚਨਾ ਯੂਰੋਪੀਅਨ ਯੂਨੀਅਨ ਦੇ ਸਿਖਰਲੇ ਸਫ਼ੀਰ ਜੋਸੇਪ ਬੋਰੇਲ ਰਾਹੀਂ ਆਈ ਜਿਸ ਨੇ ਕਿਹਾ: "ਅਮਰੀਕੀ, ਸਾਡੇ ਦੋਸਤ, ਅਜਿਹੇ ਫ਼ੈਸਲੇ ਕਰਦੇ ਹਨ ਜਿਨ੍ਹਾਂ ਦਾ ਸਾਡੇ ਉਤੇ ਆਰਥਿਕ ਪ੍ਰਭਾਵ ਪੈਂਦਾ ਹੈ।" ਯੂਰੋਪੀਅਨ ਯੂਨੀਅਨ ਨੇ ਵਾਸ਼ਿੰਗਟਨ ਉਤੇ ਯੂਕਰੇਨ ਜੰਗ ਤੋਂ ਨਫ਼ਾ ਕਮਾਉਣ/ਮੁਨਾਫ਼ਾਖ਼ੋਰੀ ਕਰਨ ਦਾ ਦੋਸ਼ ਵੀ ਲਾਇਆ ਹੈ। ਇਸ ਦੇ ਨਾਲ ਹੀ ਇਕ ਹੋਰ ਵਧੇਰੇ ਗੰਭੀਰ ਸਰਬੀਆ ਤੇ ਕੋਸੋਵੋ ਦਰਮਿਆਨ ਵਧਦਾ ਹੋਇਆ ਅੰਤਰ-ਯੂਰੋਪੀਅਨ ਟਕਰਾਅ ਹੈ। ਸਰਬੀਆ (ਸਾਬਕਾ ਯੂਗੋਸਲਾਵੀਆ) ਉਤੇ 1990ਵਿਆਂ ਦੌਰਾਨ ਨਾਟੋ ਨੇ ਹਮਲਾ ਕਰ ਕੇ ਇਸ ਨੂੰ ਸੱਤ ਹਿੱਸਿਆਂ ਵਿਚ ਵੰਡ ਦਿੱਤਾ ਸੀ। ਇਸ ਕਾਰਨ ਸਰਬੀਆ ਵੀ ਰੂਸ ਵਾਂਗ ਹੀ ਦਿਲ ਵਿਚ ਟੀਸ ਰੱਖਦਾ ਹੋਇਆ ਬਦਲਾ ਲੈਣ ਦਾ ਚਾਹਵਾਨ ਹੈ।

ਇਉਂ ਅਸਲ ਵਿਚ ਇਕੋ ਸਮੇਂ ਦੋ ਬਾਲਕਾਨ ਜੰਗਾਂ ਦਾ ਖ਼ਦਸ਼ਾ ਹੈ ਕਿਉਂਕਿ ਇਹ ਖ਼ਿੱਤਾ ਯੂਰੋਪ ਦੀ 'ਵਿਸਫੋਟਕ ਹਾਲਤ ਵਾਲੀ ਥਾਂ' ਹੈ ਜਿਥੇ ਨਸਲੀ ਘੱਟ ਗਿਣਤੀਆਂ ਨਾਲ ਸਬੰਧਿਤ ਮੁੱਦੇ ਵਾਰ ਵਾਰ ਟਕਰਾਅ ਪੈਦਾ ਕਰਦੇ ਹਨ। ਕੁੱਲ ਮਿਲਾ ਕੇ ਰੂਸ-ਯੂਕਰੇਨ ਜੰਗ ਦਾ ਪੱਧਰ ਉੱਚਾ ਉਠਾਏ ਜਾਣ ਨਾਲ ਸਿਰਫ਼ ਮੁਨਾਫ਼ਾਖ਼ੋਰ ਬ੍ਰਿਗੇਡ ਲਈ ਜੰਗੀ ਸਾਜ਼ੋ-ਸਾਮਾਨ ਤੇ ਹਥਿਆਰਾਂ ਦੀ ਵਿਕਰੀ ਰਾਹੀਂ ਭਾਰੀ ਰਕਮਾਂ ਕਮਾਉਣ ਦਾ ਰਾਹ ਹੀ ਪੱਧਰਾ ਹੋਵੇਗਾ।

# ਭਾਰਤ ਵਿਚ ਯੂਨੀਵਰਸਿਟੀਆਂ ਲਈ ਸੰਕਟ ਦਾ ਦੌਰ

**(ਸਫਾ 8 ਦੀ ਬਾਕੀ)**

2014 ਤੱਕ ਸਿਰਫ਼ 0.7 ਪ੍ਰਤੀਸ਼ਤ (ਬਜਟ ਦਾ 3.1 ਪ੍ਰਤੀਸ਼ਤ), 2014-2019 ਤੱਕ ਨਾਂਮਾਤਰ 0.5 ਪ੍ਰਤੀਸ਼ਤ (ਬਜਟ ਦਾ 2.8 ਪ੍ਰਤੀਸ਼ਤ) ਹੀ ਸਮੁੱਚੀ ਸਿੱਖਿਆ ਉੱਪਰ ਖਰਚ ਕੀਤਾ ਗਿਆ। ਤੱਤ ਰੂਪ ਵਿਚ ਦੇਸ਼ ਦੀ ਉਚੇਰੀ ਸਿੱਖਿਆ ਸਿਰਫ਼ ਫੀਸਾਂ/ ਫੰਡਾਂ ਦੇ ਉੱਪਰ ਹੀ ਚੱਲਦੀ ਹੈ, ਜਿਨ੍ਹਾਂ ਨਾਲ ਅਧਿਆਪਨ ਤੇ ਗੈਰ-ਅਧਿਆਪਨ ਅਮਲੇ ਦੀ ਤਨਖਾਹ ਤੇ ਭੱਤੇ ਹੀ ਮਸਾਂ ਪੂਰੇ ਹੁੰਦੇ ਹਨ। ਉਨ੍ਹਾਂ ਕੋਲ ਹੋਰ ਖੋਜ ਕਾਰਜਾਂ, ਲਾਇਬ੍ਰੇਰੀਆਂ ਤੇ ਪ੍ਰਯੋਗਸ਼ਾਲਾਵਾਂ ਲਈ ਨਾਂਮ-ਾਤਰ ਫੰਡ ਹੀ ਬਚਦੇ ਹਨ। ਇਕ ਖੋਜ ਮੁਤਾਬਕ ਉਚੇਰੀ ਸਿੱਖਿਆ ਵਿਚ ਪੜ੍ਹਨ ਵਾਲੇ 3 ਕਰੋੜ 82 ਲੱਖ ਬੱਚਿਆਂ ਲਈ ਸਿਰਫ਼ 28 ਰੁਪਏ ਪ੍ਰਤੀ ਦਿਨ ਸਰਕਾਰਾਂ ਖਰਚ ਕਰ-ਦੀਆਂ ਹਨ। 2021 ਦੇ ਅੰਕੜਿਆਂ ਅਨੁਸਾਰ ਕੇਂਦਰੀ ਯੂ-ਨੀਵਰਸਿਟੀਆਂ ਵਿਚ 6549 ਪੋਸਟਾਂ ਖਾਲੀ ਸਨ ਤੇ ਸਿਰਫ਼ 375 ਅਸਾਮੀਆਂ ਹੀ ਭਰੀਆਂ ਗਈਆਂ ਤੇ ਰਾਜ ਪੱਧਰ ਦੀਆਂ ਯੂਨੀਵਰਸਿਟੀਆਂ ਵਿਚ ਅਧਿਆਪਨ ਅਮਲੇ ਦੀਆਂ ਵੱਖ ਵੱਖ ਵਿਭਾਗਾਂ ਵਿਚ 62 ਪ੍ਰਤੀਸ਼ਤ ਅਸਾਮੀਆਂ ਖਾਲੀ ਹਨ, ਹਾਲਾਂਕਿ 2015 ਦੇ ਇੱਕ ਸਰਵੇ ਅਨੁਸਾਰ ਹੋਰ ਉਚੇਰੀ ਸਿੱਖਿਆ ਲਈ ਜਾਣ ਵਾਲੇ 90 ਲੱਖ ਵਿਦਿਆਰਥੀਆਂ ਲਈ ਦੇਸ਼ ਵਿਚ ਇੱਕ ਹਜ਼ਾਰ ਯੂਨੀਵਰਸਿਟੀਆਂ ਦੀ ਜ਼ਰੂਰਤ ਬਣਦੀ ਸੀ। ਇਨ੍ਹਾਂ ਸਭ ਸਥਿਤੀਆਂ ਵਿਚ ਦੇਸ਼ ਦੀਆਂ ਯੂਨੀਵਰਸਿਟੀਆਂ ਨੂੰ ਵਿਸ਼ਵ ਪੱਧਰ ਦੀਆਂ ਯੂਨੀਵਰਸਿਟੀਆਂ ਲਈ ਵਾਰ ਵਾਰ ਖਰੜੇ ਤੇ ਕੌਮੀ ਸਿੱਖਿਆ ਨੀਤੀ- 2020 ਰਾਹੀਂ ਪ੍ਰਚਾਰਿਆ ਗਿਆ ਹੈ। ਜਦੋਂ ਕਿ ਕੋਈ ਵੀ ਯੂਨੀਵਰਸਿਟੀ ਅਜਿਹੀਆਂ ਸਥਿਤੀਆਂ ਵਿਚ ਆਪਣਾ ਨਾਂ ਰੌਸ਼ਨ ਕਰਨ ਦੇ ਸਮਰੱਥ ਨਹੀਂ ਹੋ ਸਕੀ। ਕੌਮੀ ਸਿੱਖਿਆ ਨੀਤੀ-2020 ਵਿਚ ਕੌਮਾਂਤਰੀ ਪੱਧਰ ਦੀਆਂ 300 ਰਿਸਰਚ ਯੂਨੀਵਰਸਿਟੀਆਂ ਬਣਾਉਣ ਦੀ ਵਿਵਸਥਾ ਸੀ, ਜਿਸ ਵੱਲ ਇੱਕ ਵੀ ਕਦਮ ਨਹੀਂ ਪੁੱਟਿਆ ਗਿਆ, ਬਲਕਿ ਵਿਦੇਸ਼ੀ ਯੂਨੀਵਰਸਿਟੀਆਂ ਲਈ ਦਰਵਾਜ਼ੇ ਖੋਲ੍ਹ ਦਿੱਤੇ ਗਏ ਹਨ। ਹਕੀਕਤ ਵਿੱਚ ਰਾਜ ਅਤੇ ਕੇਂਦਰ ਸਰਕਾਰ ਯੂਨੀਵਰਸਿਟੀਆਂ ਨੂੰ ਹੁਣ ਰਾਸ਼ਟਰ ਦੇ ਨਿਰਮਾਣ ਵਿਚ ਯੋਗਦਾਨ ਪਾਉਣ ਦੇ ਤੌਰ ਉੱਤੇ ਨਹੀਂ ਦੇਖ ਰਹੀਆਂ, ਜਿਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਦੇਸ਼ ਭਰ ਵਿਚ ਖੋਲ੍ਹੀਆਂ ਉਚੇਰੀ ਸਿੱਖਿਆਂ ਦੀਆਂ ਟੀਚਿੰਗ ਤੇ ਰਿਸਰਚ ਦੀਆਂ ਯੂਨੀਵਰਸਿਟੀਆਂ ਰਾਹੀਂ ਦੇਸ਼ ਦੇ ਨਿਰਮਾਣ ਵਿਚ ਯੋਗਦਾਨ ਲਈ ਮਹੱਤਵ ਸਮਝਿਆ ਜਾਂਦਾ ਸੀ। ਹੁਣ ਤਾਂ ਸਥਿਤੀ ਇਹ ਹੈ ਕਿ ਰਾਸ਼ਟਰੀ ਵਿਗਿਆਨ ਫਾਊਂਡੇਸ਼ਨ ਦੀ ਰਿਪੋਰਟ 2016 ਅਨੁਸਾਰ 2003 ਤੋਂ 2017 ਤੱਕ 85 ਪ੍ਰਤੀਸ਼ਤ ਭਾਰਤੀ ਵਿਗਿਆਨੀ ਤੇ ਇੰਜੀਨੀਅਰ ਅਮਰੀਕਾ ਚਲੇ ਗਏ। 2017 ਵਿਚ 5.55 ਲੱਖ ਵਿਦਿਆਰਥੀ ਵਿਦੇਸ਼ਾਂ ਵਿੱਚ ਪੜ੍ਹਦੇ ਸਨ, ਜਿਹੜੇ ਅੰਦਾਜ਼ਨ 11 ਬਿਲੀਅਨ ਅਮਰੀਕਨ ਡਾਲਰ ਖਰਚਦੇ ਸਨ। ਚੈਂਬਰ ਆਫ ਕਾਮਰਸ ਦੀ ਇੱਕ ਰਿਪੋਰਟ ਮੁਤਾਬਕ ਤਿੰਨ ਚੌਥਾਈ ਭਾਰਤੀ ਵਿਦਿਆਰਥੀ ਜਿਨ੍ਹਾਂ ਵਿੱਚ ਪੜ੍ਹਨ ਲਿਖਣ ਦੀ ਸਮਰੱਥਾ ਹੈ, ਉਹ ਕੁਲ 62.3 ਬਿਲੀਅਨ ਡਾਲਰ ਦੀ ਕਮਾਈ ਕਾਰਪੋਰੇਟ/ ਸਰਮਾਏਦਾਰਾਂ ਲਈ ਵੱਡੀ ਮੰਡੀ ਹੈ। ਹਾਲਾਂਕਿ ਦੁਨੀਆ ਦੀਆਂ ਵੱਡੀਆਂ ਸਥਾਪਤ ਯੂਨੀਵਰਸਿਟੀਆਂ ਪੈਨਸਲਵੀਨੀਆ, ਸਟੈਨਫੋਰਡ ਆਦਿ ਨੇ ਕਿਸੇ ਵੀ ਮੁਲਕ ਵਿਚ ਆਪਣੇ ਕੈਂਪਸ ਨਹੀਂ ਖੋਲ੍ਹੇ ਜਿੱਥੇ ਪੂਰੀ ਤਰ੍ਹਾਂ ਉਦਾਰਵਾਦੀ ਪੜ੍ਹਾਈ ਲਿਖਾਈ ਦਾ ਮਾਹੌਲ ਹੈ। ਸਾਡੇ ਤਾਂ ਚੱਲ ਰਹੀਆਂ ਯੂਨੀਵਰਸਿਟੀਆਂ ਦੀ ਸਥਿਤੀ ਵਿਦਿਆ ਤੋਂ ਲੈ ਕੇ ਅਕਾਦਮਿਕ ਪੱਧਰ ਤੱਕ ਗੈਰ-ਜਮੂਹਰੀ ਹੋ ਚੁੱਕੀ ਹੈ। ਰਾਜ ਤੇ ਕੇਂਦਰ ਸਰਕਾਰ ਅਕਾਦਮਿਕ ਆਜ਼ਾਦੀ ਨੂੰ ਬੁਰੀ ਸ਼ੈਅ ਮੰਨਦੀਆਂ ਹਨ। ਅਜਿਹੀਆਂ ਸਥਿਤੀਆਂ ਵਿਚ ਵਿਦੇਸ਼ੀ ਯੂਨੀਵਰਸਿਟੀਆਂ ਲਈ ਦਰਵਾਜ਼ੇ ਖੋਲ੍ਹਣ ਦਾ ਮਤਲਬ ਯੂਨੀਵਰਸਿਟੀਆਂ ਦੀ ਸਪੇਸ ਨੂੰ ਪੂੰਜੀ ਦੀਆਂ ਲੋੜਾਂ ਅਨੁਸਾਰ ਉਚੇਰੀ ਵਿਦਿਆ ਨੂੰ ਵੇਚਣਾ ਅਤੇ ਖਰੀਦਣਾ ਹੈ। ਇਸ ਦੇ ਨਾਲ ਹੀ ਸਮਾਜਿਕ ਵਿਗਿਆਨਾਂ ਦੀ ਪੜ੍ਹਾਈ ਨੂੰ ਪੂਰੀ ਤਰ੍ਹਾਂ ਖਤਮ ਕਰਨਾ ਹੈ। ਪਹਿਲਾਂ ਬਹੁਤੀਆਂ ਯੂਨੀਵਰਸਿਟੀਆਂ ਸੀਮਿਤ ਰੁਜ਼ਗਾਰ ਵਾਲੇ ਕੋਰਸਾਂ ਲਈ ਦਰਵਾਜ਼ੇ ਖੋਲ੍ਹ ਚੁੱਕੀਆਂ ਹਨ। ਹੁਣ ਜਿੱਥੇ ਵਿਦੇਸ਼ੀ ਯੂਨੀਵਰਸਿਟੀਆਂ ਦੀ ਕੌਮੀ ਸਿੱਖਿਆ ਨੀਤੀ-2020 ਤੇ ਖਰੜੇ ਰਾਹੀਂ ਦਰਸਾਏ ਅਨੁਸਾਰ ਖੋਲ੍ਹਣ ਦੀ ਪ੍ਰਕਿਰਿਆ ਦਾ ਵਿਰੋਧ ਕਰਨਾ ਚਾਹੀਦਾ ਹੈ, ਉੱਥੇ ਰਾਜ ਤੇ ਕੇਂਦਰ ਸਰਕਾਰ ਵਿਰੁੱਧ ਅਵਾਜ਼ ਉਠਾਉਣੀ ਚਾਹੀਦੀ ਹੈ ਕਿ ਦੇਸ਼ ਦੀ ਭਾਸ਼ਾ, ਸਾਹਿਤ, ਸੱਭਿਆਚਾਰ, ਗਿਆਨ ਤੇ ਵਿਗਿਆਨ ਦੀ ਤਰੱਕੀ ਲਈ ਉਨ੍ਹਾਂ ਦੇ ਪੈਮਾਨਿਆਂ ਦੀ ਮੁੜ ਸਥਾਪਤੀ ਨਾਲ ਉਚੇਰੀ ਸਿੱਖਿਆ ਦਾ ਪੱਧਰ ਉੱਚਾ ਹੋ ਸਕਦਾ ਹੈ। ਉਚੇਰੀ ਸਿੱਖਿਆ ਵਿਚ ਹੋਏ ਵਾਧੇ ਤੇ ਵਿਕਾਸ ਨਾਲ ਗੈਰ-ਬਰਾਬਰੀ, ਧਰਮਾਂ, ਜਾਤਾਂ ਤੇ ਜਮਾਤਾਂ ਵਿਚ ਦਹਾਕਿਆਂ-ਬੱਧੀ ਬਣੀ ਦੂਰੀ ਨੂੰ ਸਮਾਜ ਵਿਚੋਂ ਘਟਾਉਣ ਦਾ ਕਾਰਜ ਕੀਤਾ ਹੈ। ਹੁਣ ਵਿਦੇਸ਼ੀ ਯੂਨੀਵਰਸਿਟੀਆਂ ਦੀ ਆਮਦ ਨਾਲ ਸਮਾਜਿਕ-ਸੱਭਿਆਚਾਰਕ ਗੈਰ-ਬਰਾਬਰੀ ਮੁੜ ਵਧੇਗੀ ਤੇ ਭਵਿੱਖ ਵਿਚ ਇਹ ਯੂਨੀਵਰਸਿਟੀਆਂ ਆਪਣੀ ਮੌਤ ਆਪ ਹੀ ਮਰ ਜਾਣਗੀਆਂ ਜਾਂ ਐਲਾਨ ਕਰ ਦਿੱਤਾ ਜਾਵੇਗਾ। ਇਹ ਮੁਕਾਬਲੇ ਦੇ ਪੱਧਰ ਦੀਆਂ ਨਹੀਂ ਰਹੀਆਂ, ਇਸ ਕਰਕੇ ਇਨ੍ਹਾਂ ਨੂੰ ਵਿੱਤੀ ਸਹੂਲਤਾਂ ਦੀ ਕੀ ਜ਼ਰੂਰਤ ਹੈ। ਇਸ ਸੰਦਰਭ ਵਿਚ ਸਮੁੱਚੀ ਪ੍ਰਕਿਰਿਆ ਨੂੰ ਸਮਝਦੇ ਹੋਏ ਆਤਮ-ਚਿੰਤਨ ਕਰਕੇ ਸੋਚਣ ਦੀ ਲੋੜ ਹੈ।

# ਹਾਕੀ ਦਾ ਵਿਸ਼ਵ ਕੱਪ ਤੇ ਬਲਬੀਰ ਸਿੰਘ ਸੀਨੀਅਰ




ਪ੍ਰਿੰ. ਸਰਵਣ ਸਿੰਘ
416-722-2877

ਭਾਰਤ ਨੇ ਓਲੰਪਿਕ ਖੇਡਾਂ 'ਚੋਂ ਹਾਕੀ ਦੇ ਅੱਠ ਗੋਲਡ ਮੈਡਲ ਜਿੱਤੇ ਹਨ ਜੋ ਸਭ ਤੋਂ ਵੱਧ ਹਨ। ਪਰ ਹਾਕੀ ਦਾ ਵਿਸ਼ਵ ਕੱਪ ਕੇਵਲ ਇਕੋ ਵਾਰ ਜਿੱਤ ਸਕਿਆ ਹੈ ਜੋ 1975 ਵਿਚ ਕੁਆਲਾ ਲੰਪੁਰ ਖੇਡਿਆ ਗਿਆ ਸੀ। ਉਦੋਂ ਟੀਮ ਦਾ ਮੁੱਖ ਕੋਚ/ਮੈਨੇਜਰ ਬਲਬੀਰ ਸਿੰਘ ਸੀਨੀਅਰ ਸੀ ਜੋ 2020 'ਚ ਫੌਤ ਹੋਇਆ। 2018 ਦੇ ਵਿਸ਼ਵ ਕੱਪ ਸਮੇਂ ਉਹ ਪੀਜੀਆਈ ਦੇ ਇੰਟੈਸਿਵ ਕੇਅਰ ਯੂਨਿਟ ਵਿਚ ਸੀ ਜਿਸ ਕਰਕੇ ਆਪਣੇ ਹੀ ਦੇਸ਼ 'ਚ ਖੇਡਿਆ ਜਾ ਰਿਹਾ 14ਵਾਂ ਹਾਕੀ ਵਿਸ਼ਵ ਕੱਪ ਵੇਖ ਨਾ ਸਕਿਆ। ਪਰ ਬੈੱਡ 'ਤੇ ਪਿਆ ਵੀ ਭਾਰਤੀ ਟੀਮ ਦੀ ਜਿੱਤ ਲਈ ਦੁਆਵਾਂ ਕਰਦਾ ਰਿਹਾ। ਸਿਹਤਯਾਬ ਹੋਇਆ ਤਾਂ 31 ਦਸੰਬਰ 2018 ਨੂੰ ਉਸ ਦਾ 96ਵਾਂ ਜਨਮ ਦਿਨ ਮਨਾਇਆ ਗਿਆ।

1975 ਵਿਚ ਹਾਕੀ ਵਿਸ਼ਵ ਕੱਪ ਜਿੱਤਣ ਵਾਲੀ ਟੀਮ ਦਾ ਕੈਪਟਨ ਅਜੀਤਪਾਲ ਸਿੰਘ ਸੀ। ਅਸ਼ੋਕ ਦੀਵਾਨ, ਲੈਸਲੀ ਫਰਨਾਂਡਿਸ, ਸੁਰਜੀਤ ਸਿੰਘ, ਮਾਈਕਲ ਕਿੰਡੋ, ਅਸਲਮ ਸ਼ੇਰ ਖਾਂ, ਵਰਿੰਦਰ ਸਿੰਘ, ਮਹਿੰਦਰ ਸਿੰਘ, ਓਂਕਾਰ ਸਿੰਘ, ਵੀ.ਜੇ. ਫਿਲਿਪਸ, ਬੀ.ਪੀ. ਗੋਵਿੰਦਾ, ਆਰ.ਜੇ. ਐੱਸ. ਚਿਮਨੀ, ਐੱਸ.ਆਰ. ਪਵਾਰ, ਹਰਚਰਨ ਸਿੰਘ, ਅਸ਼ੋਕ ਕੁਮਾਰ ਤੇ ਪੀ.ਈ. ਕਲੀਹਾ ਉਹਦੀ ਟੀਮ ਦੇ ਮੈਂਬਰ ਸਨ। ਗੁਰਚਰਨ ਸਿੰਘ ਬੋਧੀ ਸਹਾਇਕ ਕੋਚ, ਐੱਸ.ਐੱਸ. ਗਿੱਲ ਫਿਜ਼ੀਕਲ ਟ੍ਰੇਨਰ ਤੇ ਸੰਜੀਵ ਕਾਲੜਾ ਟੀਮ ਨਾਲ ਡਾਕਟਰ ਸਨ।

ਜਦੋਂ ਮੈਂ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਲਿਖਣ ਲੱਗਾ ਤਦ ਉਸ ਨੇ ਦੱਸਿਆ ਸੀ ਕਿ 1975 ਵਿਚ ਪੰਜਾਬ ਸਰਕਾਰ ਨੇ ਭਾਰਤੀ ਹਾਕੀ ਟੀਮ ਦੀ ਤਿਆਰੀ ਕਰਾਉਣ ਦੀ ਜ਼ਿੰਮੇਵਾਰੀ ਅਚਾਨਕ ਚੁੱਕੀ ਸੀ। ਉਦੋਂ ਉਹ ਪੰਜਾਬ ਦਾ ਸਪੋਰਟਸ ਡਾਇਰੈਕਟਰ ਸੀ ਅਤੇ ਆਪਣੀ ਪਤਨੀ ਨਾਲ ਵਿਦੇਸ਼ ਗਿਆ ਹੋਇਆ ਸੀ। ਉਸ ਨੂੰ ਟੂਰ ਵਿਚਾਲੇ ਛੱਡ ਕੇ ਚੰਡੀਗੜ੍ਹ ਪਰਤਣਾ ਪਿਆ ਸੀ। ਹਾਕੀ ਦਾ ਸਿਖਰਲਾ ਕੋਚਿੰਗ ਕੈਂਪ ਪੰਜਾਬ ਯੂਨੀਵਰਸਿਟੀ ਵਿਚ ਲਾਇਆ ਗਿਆ। ਕੈਂਪ ਦੌਰਾਨ ਉਸ ਦੇ ਸੁਤੰਤਰਤਾ ਸੰਗਰਾਮੀ ਪਿਤਾ ਗਿਆਨੀ ਦਲੀਪ ਸਿੰਘ ਦੀ ਮੌਤ ਹੋ ਗਈ। ਸਸਕਾਰ ਲਈ ਉਹ ਕੈਂਪ ਤੋਂ ਕੁਝ ਘੰਟੇ ਹੀ ਲਾਂਭੇ ਹੋਇਆ ਜਦ ਕਿ ਮਰਨੇ ਦੀਆਂ ਰਸਮਾਂ ਕੱਪ ਜਿੱਤਣ ਪਿੱਛੋਂ ਹੀ ਨਿਭਾ ਸਕਿਆ। ਕੈਂਪ ਦੌਰਾਨ ਹੀ ਉਸ ਦੀ ਪਤਨੀ ਨੂੰ ਬ੍ਰੇਨ ਹੈਮਰੇਜ਼ ਹੋ ਗਿਆ ਜਿਸ ਨੂੰ ਪੀਜੀਆਈ ਦਾਖਲ ਕਰਾਉਣਾ ਪਿਆ। ਉਹਦੀ ਇਕ ਲੱਤ ਕੈਂਪ ਵਿਚ ਹੁੰਦੀ, ਦੂਜੀ ਪੀਜੀਆਈ। ਖਿਡਾਰੀਆਂ ਦੀ ਨਿਗਰਾਨੀ ਲਈ ਉਹ ਖ਼ੁਦ ਹੋਸਟਲ ਵਿਚ ਸੌਂਦਾ। ਕੁਆਲਾ ਲੰਪੁਰ ਦੇ ਵਿਸ਼ਵ ਕੱਪ ਦਾ ਫਾਈਨਲ ਮੈਚ



ਭਾਰਤ ਤੇ ਪਾਕਿਸਤਾਨ ਵਿਚਕਾਰ ਹੋਇਆ ਸੀ। 70 ਹਜ਼ਾਰ ਦਰਸ਼ਕਾਂ 'ਚੋਂ ਬਹੁਤੇ ਦਰਸ਼ਕ ਪਾਕਿਸਤਾਨ ਪੱਖੀ ਸਨ। ਪਹਿਲਾ ਗੋਲ ਪਾਕਿਸਤਾਨ ਦੀ ਟੀਮ ਨੇ ਕੀਤਾ। ਭਾਰਤੀ ਫੁੱਲ ਬੈਕ ਅਸਲਮ ਸ਼ੇਰ ਖਾਂ ਦਾ ਲਾਇਆ ਪੈਨਲਟੀ ਕਾਰਨਰ ਰੋਕ ਲਿਆ ਗਿਆ ਸੀ। ਖੇਡ ਦੇ 44ਵੇਂ ਮਿੰਟ ਭਾਰਤ ਨੂੰ ਦੂਜਾ ਪੈਨਲਟੀ ਕਾਰਨਰ ਮਿਲਿਆ ਜਿਸ ਤੋਂ ਸੁਰਜੀਤ ਸਿੰਘ ਨੇ ਗੋਲ ਕਰ ਕੇ ਮੈਚ ਬਰਾਬਰੀ 'ਤੇ ਲੈ ਆਂਦਾ। 51ਵੇਂ ਮਿੰਟ 'ਚ ਅਸ਼ੋਕ ਕੁਮਾਰ ਨੇ ਫੀਲਡ ਗੋਲ ਕੀਤਾ ਜੋ ਪਾਕਿਸਤਾਨ ਦੀ ਟੀਮ ਲਾਹ ਨਾ ਸਕੀ ਤੇ ਕੱਪ ਭਾਰਤੀ ਟੀਮ ਨੇ ਜਿੱਤ ਲਿਆ। ਉਸ ਟੀਮ ਦਾ ਬੜਾ ਮਾਨ ਸਨਮਾਨ ਹੋਇਆ, ਫਿਲਮੀ ਸਤਾਰਿਆਂ ਤੇ ਕ੍ਰਿਕਟਰਾਂ ਨਾਲ ਨੁਮਾਇਸ਼ੀ ਮੈਚ ਹੋਏ, ਪਰ ਅਜੋਕੇ ਸਮੇਂ ਵਾਂਗ ਵੱਡੇ ਨਕਦ ਇਨਾਮ ਨਾ ਦਿੱਤੇ ਗਏ।

ਬਲਬੀਰ ਸਿੰਘ 96 ਸਾਲਾਂ ਤੋਂ ਵੱਧ ਜੀਵਿਆ। ਹਾਕੀ ਦੀ ਖੇਡ ਦੇ ਉਸ ਯੁੱਗ ਪੁਰਸ਼ ਨੇ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤੇ ਸਨ ਜਿਸ ਕਰਕੇ ਉਸ ਨੂੰ 'ਗੋਲਡਨ ਹੈਟ੍ਰਿਕ' ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਦੇ ਸੈਮੀਫਾਈਨਲ ਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ ਕੁਲ 9 ਗੋਲਾਂ ਵਿਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦੇ ਇਤਿਹਾਸ ਦਾ ਅਜੇ ਵੀ ਰਿਕਾਰਡ ਹੈ। ਭਾਰਤੀ ਖਿਡਾਰੀਆਂ ਵਿਚੋਂ ਸਭ ਤੋਂ ਪਹਿਲਾਂ 1957 ਵਿਚ ਉਸ ਨੂੰ ਪਦਮ ਸ਼੍ਰੀ ਪੁਰਸਕਾਰ ਦਿੱਤਾ ਗਿਆ ਸੀ। ਕਿਵੇਂ ਦੀ ਵਿਡੰਬਨਾ ਹੈ ਕਿ ਉਹਦੇ ਪਿੱਛੋਂ ਕੁਝ ਖਿਡਾਰੀਆਂ ਨੂੰ ਤਾਂ ਪਦਮ ਭੂਸ਼ਨ ਤੇ ਭਾਰਤ ਰਤਨ ਤਕ ਦੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ, ਪਰ ਬਲਬੀਰ ਸਿੰਘ ਨੂੰ ਭਾਰਤ ਸਰਕਾਰ ਵੱਲੋਂ ਆਖ਼ਰੀ ਦਮ ਤੱਕ ਪਦਮ ਸ਼੍ਰੀ ਤੱਕ ਹੀ ਸੀਮਤ ਰੱਖਿਆ ਗਿਆ।

2012 ਵਿਚ ਲੰਡਨ ਦੀਆਂ ਓਲੰਪਿਕ ਖੇਡਾਂ ਮੌਕੇ ਓਲੰਪਿਕ ਖੇਡਾਂ ਦੇ ਸਫ਼ਰ 'ਚੋਂ ਜਿਹੜੇ 16 'ਆਈਕੌਨਿਕ ਓਲੰਪੀਅਨ' ਚੁਣੇ ਗਏ ਬਲਬੀਰ ਸਿੰਘ ਉਨ੍ਹਾਂ ਵਿਚੋਂ ਸੀ। ਵਿਸ਼ਵ ਭਰ 'ਚੋਂ ਹਾਕੀ ਦੀ ਖੇਡ ਦਾ ਸਿਰਫ਼ ਉਹੀ ਇਕੋ ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਤਾਂ ਉਸ ਨੂੰ ਓਲੰਪਿਕ ਰਤਨ ਬਣਾ ਹੀ ਦਿੱਤਾ, ਭਾਰਤ ਸਰਕਾਰ ਪਤਾ ਨਹੀਂ ਕਦੋਂ ਭਾਰਤ ਰਤਨ ਬਣਾਵੇ?

ਜੇਕਰ ਬਲਬੀਰ ਸਿੰਘ ਤੇ ਹਾਕੀ ਦੇ ਜਾਦੂਗਰ ਧਿਆਨ ਚੰਦ ਦੀਆਂ ਖੇਡ ਪ੍ਰਾਪਤੀਆਂ ਦਾ ਲੇਖਾ ਕਰੀਏ ਤਾਂ ਬਲਬੀਰ ਸਿੰਘ ਦੀਆਂ ਪ੍ਰਾਪਤੀਆਂ ਧਿਆਨ ਚੰਦ ਨਾਲੋਂ ਘੱਟ ਨਹੀਂ। ਧਿਆਨ ਚੰਦ ਨੇ ਬ੍ਰਿਟਿਸ਼ ਇੰਡੀਆ ਲਈ ਯੂਨੀਅਨ ਜੈਕ ਝੁਲਾਏ, ਬਲਬੀਰ ਸਿੰਘ ਨੇ ਆਜ਼ਾਦ ਭਾਰਤ ਦੇ ਤਿਰੰਗੇ ਲਹਿਰਾਏ।

ਓਲੰਪਿਕ ਖੇਡਾਂ ਵਿਚੋਂ ਤਿੰਨ ਗੋਲਡ ਮੈਡਲ ਜਿੱਤਣ ਤੋਂ ਬਿਨਾਂ ਬਲਬੀਰ ਸਿੰਘ ਨੇ ਭਾਰਤੀ ਟੀਮਾਂ ਦੇ ਕੋਚ/ਮੈਨੇਜਰ ਬਣ ਕੇ ਵਿਸ਼ਵ ਕੱਪ ਤੇ ਛੇ ਹੋਰ ਮੈਡਲ ਭਾਰਤੀ ਟੀਮਾਂ ਨੂੰ ਜਿਤਾਏ। ਧਿਆਨ ਚੰਦ ਨੂੰ ਪਦਮ ਭੂਸ਼ਨ ਪੁਰਸਕਾਰ ਦਿੱਤਾ ਗਿਆ। ਪਟਿਆਲੇ ਦੇ ਕੌਮੀ ਖੇਡ ਸੰਸਥਾਨ ਵਿਚ ਧਿਆਨ ਚੰਦ ਹੋਸਟਲ ਤੇ ਦਿੱਲੀ ਧਿਆਨ ਚੰਦ ਹਾਕੀ ਸਟੇਡੀਅਮ ਬਣਾਇਆ ਗਿਆ। ਧਿਆਨ ਚੰਦ ਦੇ ਨਾਂ ਉਤੇ ਭਾਰਤ ਦੇ ਵੱਡੇ ਖੇਡ ਪੁਰਸਕਾਰ ਦਿੱਤੇ ਜਾ ਰਹੇ ਹਨ ਤੇ ਉਹਦੇ ਜਨਮ ਦਿਨ ਨੂੰ ਭਾਰਤ ਦੇ ਖੇਡ ਦਿਵਸ ਵਜੋਂ ਮਨਾਇਆ ਜਾ ਰਿਹੈ। ਬਲਬੀਰ ਸਿੰਘ ਸੀਨੀਅਰ ਦਾ ਨਾਮ ਅਜੇ ਪੰਜਾਬ ਸਰਕਾਰ ਨੇ ਹੀ ਮੁਹਾਲੀ ਦੇ ਹਾਕੀ ਸਟੇਡੀਅਮ ਨਾਲ ਜੋੜਿਆ ਹੈ। ਬਲਬੀਰ ਸਿੰਘ ਆਖ਼ਰੀ ਸਾਹਾਂ ਤਕ ਕਹਿੰਦਾ ਰਿਹਾ, ''ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ!'' ਗੋਲਡਨ ਗੋਲ ਤਾਂ ਕਦੋਂ ਦਾ ਹੋ ਚੁੱਕੈ। ਸਰਕਾਰ ਹੁਣ ਕਿਹੜੇ 'ਗੋਲਡਨ ਗੋਲ' ਦੀ ਉਡੀਕ ਵਿਚ ਹੈ?

Zee foods llc

ਜ਼ੀ ਫੂਡ ਐਲ. ਐਲ. ਸੀ. ਵੱਲੋਂ
ਹਰ ਕਿਸਮ ਦੇ ਸਵਾਦ ਅਤੇ ਫਲੇਵਰ ਵਿਚ
ਕੁਲਫੀਆਂ ਅਤੇ ਆਈਸਕ੍ਰੀਮ



ਹਰ ਤਰ੍ਹਾਂ ਦੇ ਛੋਟੇ-ਵੱਡੇ ਪੈਕਟਾਂ ਵਿਚ ਮਿਲ ਸਕਦੀਆਂ ਹਨ
ਸੰਪਰਕ ਕਰੋ- ਅਕਰਮ ਖਾਨ (ਜਲੰਧਰ ਵਾਲੇ)
1 (510) 453-1757

## ਭਾਰਤ ਵਿਚ ਹਰ ਸਾਲ ਅੰਦਾਜ਼ਨ 70 ਮਿਲੀਅਨ ਟਨ ਠੋਸ ਕੂੜਾ

ਅਸ਼ਵਨੀ ਚਤਰਥ

ਭਾਰਤ ਦੀ ਵੱਡੀ ਜਨਸੰਖਿਆ, ਤੇਜ਼ੀ ਨਾਲ ਵਧਿਆ ਸ਼ਹਿਰੀਕਰਨ, ਤਕਨਾਲੋਜੀ ਦੇ ਵਿਕਾਸ ਅਤੇ ਮਨੁੱਖ ਦੇ ਮਾਡਰਨ ਢੰਗ-ਤਰੀਕਿਆਂ ਵੱਲ ਲਗਾਤਾਰ ਵਧ ਰਹੇ ਰੁਝਾਨ ਸਦਕਾ ਦੇਸ਼ ਵਿਚ ਠੋਸ ਕੂੜੇ ਦੀ ਸਮੱਸਿਆ ਇਕ ਵੱਡੀ ਚੁਣੌਤੀ ਬਣ ਚੁੱਕੀ ਹੈ। ਦੇਸ਼ ਦੇ ਅੱਠ ਕੁ ਹਜ਼ਾਰ ਸ਼ਹਿਰਾਂ ਅਤੇ ਕਸਬਿਆਂ ਵਿਚ ਰਹਿ ਰਹੇ 48 ਕਰੋੜ ਦੇ ਲਗਪਗ ਲੋਕ ਹਰ ਸਾਲ ਅੰਦਾਜ਼ਨ 70 ਮਿਲੀਅਨ ਟਨ ਠੋਸ ਕੂੜਾ ਪੈਦਾ ਕਰ ਰਹੇ ਹਨ। ਇਕ ਅਨੁਮਾਨ ਅਨੁਸਾਰ ਇਸ ਕੂੜੇ ਵਿੱਚੋਂ 45 ਮਿਲੀਅਨ ਟਨ ਕੂੜਾ ਇਕੱਠਾ ਕਰ ਲਿਆ ਜਾਂਦਾ ਹੈ ਜਿਸ ਦਾ 20 ਤੋਂ 25 ਫ਼ੀਸਦੀ ਹਿੱਸਾ ਯੋਜਨਾਬੱਧ ਤਰੀਕੇ ਨਾਲ ਟਿਕਾਣੇ ਲਗਾਇਆ ਜਾਂਦਾ ਹੈ ਅਤੇ ਬਾਕੀ ਦੇ ਕੂੜੇ ਨੂੰ ਜਾਂ ਤਾਂ ਜ਼ਮੀਨ ਹੇਠ ਦਬਾ ਦਿੱਤਾ ਜਾਂਦਾ ਹੈ ਜਾਂ ਫਿਰ ਅੱਗ ਲਗਾ ਦਿੱਤੀ ਜਾਂਦੀ ਹੈ। ਸ਼ਹਿਰੀ ਠੋਸ ਕੂੜੇ ਨੂੰ ਟਿਕਾਣੇ ਲਗਾਉਣਾ ਨਗਰ ਨਿਗਮਾਂ ਅਤੇ ਨਗਰ ਪ੍ਰੀਸ਼ਦਾਂ ਦਾ ਇਕ ਅਹਿਮ ਕੰਮ ਬਣ ਗਿਆ ਹੈ ਅਤੇ ਇਹ ਇਕ ਵੱਡੀ ਚੁਣੌਤੀ ਵੀ ਹੈ। ਭਾਰਤ ਦੇ ਜ਼ਿਆਦਾਤਰ ਹਿੱਸਿਆਂ ਵਿਚ ਠੋਸ ਕੂੜੇ ਨੂੰ ਜ਼ਮੀਨ ਹੇਠ ਦਬਾ ਕੇ ਟਿਕਾਣੇ ਲਗਾਉਣ ਦੀ ਵਿਧੀ ਅਪਣਾਈ ਜਾਂਦੀ ਹੈ। ਮਾਹਿਰਾਂ ਵੱਲੋਂ ਇਸ ਵਿਧੀ ਨੂੰ ਦੋਸ਼ਪੂਰਨ ਅਤੇ ਗ਼ੈਰ ਵਿਗਿਆਨਕ ਢੰਗ ਕਿਹਾ ਗਿਆ ਹੈ। ਗੱਲ ਕਰੀਏ ਜੇਕਰ ਕੂੜੇ ਦੀ ਬਣਤਰ ਦੀ ਤਾਂ ਇਸ ਵਿਚ ਜ਼ਿਆਦਾਤਰ ਰਸੋਈ ਦਾ ਕੂੜਾ, ਪਲਾਸਟਿਕ ਤੇ ਰਬੜ ਦੀਆਂ ਪੁਰਾਣੀਆਂ ਵਸਤਾਂ ਅਤੇ ਬਿਜਲਈ ਕੂੜੇ (ਈ-ਕੂੜਾ) ਦੇ ਨਾਲ-ਨਾਲ ਕਾਗਜ਼, ਕੱਪੜੇ ਅਤੇ ਲੱਕੜੀ ਦੇ ਟੁਕੜੇ ਸ਼ਾਮਲ ਹੁੰਦੇ ਹਨ। ਵਿਸ਼ਵ ਬੈਂਕ ਦੇ ਇਕ ਅਨੁਮਾਨ ਅਨੁਸਾਰ ਸਾਲ 2025 ਤਕ ਭਾਰਤ ਵਿਚ ਰੋਜ਼ਾਨਾ ਸਾਢੇ ਤਿੰਨ ਲੱਖ ਟਨ ਠੋਸ ਕੂੜਾ ਪੈਦਾ ਹੋਣ ਦਾ ਅਨੁਮਾਨ ਹੈ। ਵੈਸੇ ਹਜ਼ਾਰਾਂ ਦੀ ਗਿਣਤੀ ਵਿਚ ਲੋੜਵੰਦ ਮਜ਼ਦੂਰ ਠੋਸ ਕੂੜੇ ਤੋਂ ਵਿਕਣਯੋਗ ਵਸਤਾਂ ਇਕੱਠੀਆਂ ਕਰ ਕੇ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ ਅਤੇ ਕੂੜੇ ਨੂੰ ਟਿਕਾਣੇ ਲਗਾਉਣ 'ਚ ਉਨ੍ਹਾਂ ਦਾ ਇਹ ਵੱਡਾ ਯੋਗਦਾਨ ਹੈ। ਇਸ ਤਰ੍ਹਾਂ ਉਹ ਨਗਰ ਪਾਲਿਕਾਵਾਂ ਦਾ 10 ਤੋਂ 15 ਫ਼ੀਸਦੀ ਖ਼ਰਚਾ ਬਚਾਉਂਦੇ ਹਨ। ਕੁਝ ਵੱਡੇ ਸ਼ਹਿਰਾਂ ਦੀਆਂ ਨਗਰ ਨਿਗਮਾਂ ਨੂੰ ਛੱਡ ਕੇ ਬਾਕੀ ਦੇ ਛੋਟੇ ਸ਼ਹਿਰਾਂ 'ਚ ਸਾਫ਼-ਸਫ਼ਾਈ ਦੇ ਹਾਲਾਤ ਤਰਸਯੋਗ ਹਨ। ਇਨ੍ਹਾਂ ਸ਼ਹਿਰਾਂ ਵਿਚ ਕੂੜੇ ਦੇ ਢੇਰ ਹਰ ਨੁੱਕਰ-ਕੋਨੇ ਵਿਚ ਮਿਲ ਜਾਂਦੇ ਹਨ ਜਿਨ੍ਹਾਂ ਦਾ ਸਾਡੇ ਵਾਤਾਵਰਨ ਅਤੇ ਆਮ ਲੋਕਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਖੁੱਲ੍ਹੇ ਪਏ ਕੂੜੇ ਦੇ ਢੇਰ ਲਗਾਤਾਰ ਮੀਥੇਨ ਗੈਸ ਛੱਡਦੇ ਰਹਿੰਦੇ ਹਨ ਜੋ ਆਲਮੀ ਤਪਸ਼ ਭਾਵ ਗਲੋਬਲ ਵਾਰਮਿੰਗ ਨੂੰ ਵਧਾਉਣ ਲਈ ਸਿੱਧੇ ਤੌਰ 'ਤੇ ਜ਼ਿੰਮੇਵਾਰ ਹੈ। ਇਸ ਕੂੜੇ ਦਾ ਪੀਣ ਵਾਲੇ ਪਾਣੀ 'ਚ ਮਿਲ ਕੇ ਬਿਮਾਰੀਆਂ ਫੈਲਾਉਣ ਦਾ ਖ਼ਤਰਾ ਸਦਾ ਬਣਿਆ ਰਹਿੰਦਾ ਹੈ। ਕੂੜੇ ਦੇ ਢੇਰਾਂ ਉੱਤੇ ਖੁੱਲ੍ਹੇ ਪਏ ਟਾਇਰਾਂ ਵਿਚ ਪਾਣੀ ਭਰ ਜਾਣ ਨਾਲ ਮੱਛਰਾਂ ਦੇ ਵਧਣ ਕਾਰਨ ਮਲੇਰੀਆ ਤੇ ਡੇਂਗੂ ਵਰਗੀਆਂ ਬਿਮਾਰੀਆਂ ਫੈਲਣ ਦਾ ਖ਼ਤਰਾ ਵੀ ਇਲਾਕੇ ਦੇ ਲੋਕਾਂ ਨੂੰ ਸਤਾਉਂਦਾ ਰਹਿੰਦਾ ਹੈ। ਖੁੱਲ੍ਹੇ ਕੂੜੇ ਨੂੰ ਅੱਗ ਲਗਾਉਣ ਨਾਲ ਨੱਕ, ਗਲੇ ਤੇ ਸਾਹ ਦੀਆਂ ਬਿਮਾਰੀਆਂ ਫੈਲਣ ਦੀ ਸੰਭਾਵਨਾ ਵੀ ਜ਼ਿਆਦਾ ਹੋ ਜਾਂਦੀ ਹੈ। ਠੋਸ ਕੂੜੇ ਵਿਚ ਵੱਡੀ ਮਾਤਰਾ ਵਿਚ ਪਲਾਸਟਿਕ ਦੇ ਪਦਾਰਥ ਮੌਜੂਦ ਹੁੰਦੇ ਹਨ ਜਿਨ੍ਹਾਂ 'ਚ ਜ਼ਿਆਦਾਤਰ ਪੁਰਾਣੀਆਂ ਚੱਪਲਾਂ ਤੇ ਪਲਾਸਟਿਕ ਦੇ ਲਿਫ਼ਾਫ਼ੇ ਆਦਿ ਸ਼ਾਮਲ ਹੁੰਦੇ ਹਨ। ਪਲਾਸਟਿਕ ਇਕ ਅਜਿਹਾ ਗ਼ੈਰ ਵਿਘਟਨਸ਼ੀਲ ਪਦਾਰਥ ਹੈ ਜੋ ਆਉਣ ਵਾਲੇ ਅਨੇਕਾਂ ਸਾਲਾਂ ਤਕ ਬਰਕਰਾਰ ਰਹਿੰਦਾ ਹੈ ਤੇ ਆਪਣੇ ਆਲੇ-ਦੁਆਲੇ ਨੂੰ ਲੰਬੇ ਸਮੇਂ ਤਕ ਪਲੀਤ ਕਰਦਾ ਰਹਿੰਦਾ ਹੈ। ਇਸ ਨੂੰ ਸਾੜਨ ਨਾਲ ਬੇਹੱਦ ਖ਼ਤਰਨਾਕ ਪਦਾਰਥ ਜਿਵੇਂ ਭਾਰੀਆਂ ਧਾਤੂਆਂ, ਡਾਈਆਕਸਿਨ ਅਤੇ ਫ਼ੁਰਾਨ ਵਰਗੇ ਪ੍ਰਦੂਸ਼ਣਕਾਰੀ ਪਦਾਰਥ ਪੈਦਾ ਹੁੰਦੇ ਹਨ ਜੋ ਸਾਹ ਤੇ ਦਿਲ ਦੇ ਰੋਗਾਂ ਅਤੇ ਕੈਂਸਰ ਦਾ ਕਾਰਨ ਬਣ ਸਕਦੇ ਹਨ। ਠੋਸ ਕੂੜੇ ਦਾ ਸਭ ਤੋਂ ਖ਼ਤਰਨਾਕ ਹਿੱਸਾ ਬਿਜਲਈ ਕੂੜਾ ਭਾਵ ਈ-ਕੂੜਾ ਹੈ ਜਿਸ 'ਚ ਮੋਬਾਈਲ ਫੋਨਾਂ, ਫਰਿੱਜਾਂ, ਮਾਈਕ੍ਰੋਵੇਵਾਂ, ਵਾਸ਼ਿੰਗ ਮਸ਼ੀਨਾਂ, ਕੰਪਿਊਟਰਾਂ ਤੇ ਲੈਪਟਾਪਾਂ ਆਦਿ ਦੇ ਟੁੱਟੇ-ਭੱਜੇ ਪੁਰਜੇ ਸ਼ਾਮਲ ਹੁੰਦੇ ਹਨ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ 2019-20 ਦੀ ਇਕ ਰਿਪੋਰਟ ਮੁਤਾਬਕ ਭਾਰਤ 'ਚ ਹਰ ਸਾਲ ਦੋ ਮਿਲੀਅਨ ਟਨ ਈ-ਕੂੜਾ ਪੈਦਾ ਕਰ ਦਿੱਤਾ ਜਾਂਦਾ ਹੈ। ਈ-ਕੂੜਾ ਪੈਦਾ ਕਰਨ ਵਾਲੇ ਦੇਸ਼ਾਂ ਵਿਚ ਭਾਰਤ ਦਾ ਪੂਰੇ ਸੰਸਾਰ 'ਚ 5ਵਾਂ ਸਥਾਨ ਹੈ। ਇਸ ਕੂੜੇ ਵਿਚ ਅਜਿਹੇ ਖ਼ਤਰਨਾਕ ਪਦਾਰਥ ਮੌਜੂਦ ਹੁੰਦੇ ਹਨ ਜਿਨ੍ਹਾਂ ਨੂੰ ਖ਼ਤਮ ਕਰਨ ਲਈ ਵਿਸ਼ੇਸ਼ ਟ੍ਰੀਟਮੈਂਟ ਦੀ ਲੋੜ ਹੁੰਦੀ ਹੈ। ਅਜਿਹੇ ਕੂੜੇ ਨੂੰ ਜ਼ਮੀਨ 'ਚ ਦਬਾਉਣ ਨਾਲ ਜ਼ਮੀਨ ਖ਼ਤਰਨਾਕ ਹੱਦ ਤਕ ਜ਼ਹਿਰੀਲੀ ਹੋ ਸਕਦੀ ਹੈ। ਈ-ਕੂੜੇ 'ਚ ਪਾਰਾ, ਲੈਡ (ਸਿੱਕਾ) ਕੈਡਮੀਅਮ ਤੇ ਭਾਰੀਆਂ ਧਾਤੂਆਂ ਮੌਜੂਦ ਹੁੰਦੀਆਂ ਹਨ ਜਿਨ੍ਹਾਂ ਨੂੰ ਜਲਾਉਣ ਨਾਲ ਡਾਈਆਕਸਿਨ, ਫ਼ੁਰਾਨ ਤੇ ਹਾਈਡ੍ਰੋਜਨ ਕਲੋਰਾਈਡ ਜਿਹੇ ਜ਼ਹਿਰੀਲੇ ਪਦਾਰਥ ਪੈਦਾ ਹੁੰਦੇ ਹਨ ਜੋ ਕੈਂਸਰ ਦਾ ਕਾਰਨ ਬਣਦੇ ਹਨ।

# ਔਰਤ ਭਲਵਾਨਾਂ ਨਾਲ ਜਿਨਸੀ ਛੇੜਖਾਨੀ ਗੰਭੀਰ ਮੁੱਦਾ



ਭਾਰਤੀ ਭਲਵਾਨ ਇਸ ਵੇਲੇ 'ਭਾਰਤੀ ਕੁਸ਼ਤੀ ਫੈਡਰੇਸ਼ਨ' ਵਿਰੁੱਧ ਵੱਡਾ ਰੋਸ ਮੁਜ਼ਾਹਰਾ ਕਰਕੇ ਹਟੇ ਹਨ। ਦਰਅਸਲ, ਕਾਮਨਵੈਲਥ ਖੇਡਾਂ 'ਚ ਤਿੰਨ ਸੋਨ ਤਗਮੇ ਜਿੱਤਣ ਵਾਲੀ ਐਥਲੀਟ ਵਿਨੇਸ਼ ਫੋਗਾਟ ਨੇ ਦੋਸ਼ ਲਾਏ ਸਨ ਕਿ ਮਹਿਲਾ ਭਲਵਾਨਾਂ ਨਾਲ ਜਿਨਸੀ ਛੇੜਖਾਨੀ ਹੋ ਰਹੀ ਹੈ। ਇਹ ਆਪਣੇ-ਆਪ 'ਚ ਇਕ ਵੱਡਾ ਦੋਸ਼ ਹੈ। ਇਸੇ ਲਈ ਹੁਣ ਕੇਂਦਰ ਸਰਕਾਰ ਨੇ ਫੈਡਰੇਸ਼ਨ ਤੋਂ ਇਸੇ ਮੁੱਦੇ 'ਤੇ 72 ਘੰਟਿਆਂ ਦੇ ਅੰਦਰ ਜਵਾਬ ਮੰਗਿਆ ਹੈ।

ਓਧਰ ਭਾਰਤੀ ਖੇਡ ਅਥਾਰਟੀ ਦੇ ਕੁਝ ਸੀਨੀਅਰ ਅਧਿਕਾਰੀਆਂ ਨੇ ਵੀ ਇਸ ਮਾਮਲੇ 'ਚ ਲੋੜੀਂਦੀ ਕਾਰਵਾਈ ਦਾ ਭਰੋਸਾ ਦਿਵਾਇਆ ਹੈ। ਇਸੇ ਮੁੱਦੇ 'ਤੇ ਦਿੱਲੀ ਮਹਿਲਾ ਕਮਿਸ਼ਨ ਨੇ ਖੇਡ ਮੰਤਰਾਲੇ ਨੂੰ ਇਕ ਰਸਮੀ ਨੋਟਿਸ ਵੀ ਭੇਜਿਆ ਹੈ ਤੇ ਨਾਲ ਹੀ ਦੇਸ਼ ਦੀ ਰਾਜਧਾਨੀ ਦੀ ਪੁਲਿਸ ਨੂੰ ਆਖਿਆ ਹੈ ਕਿ ਉਹ ਇਸ ਮਾਮਲੇ 'ਚ ਕੇਸ ਦਰਜ ਕਰੇ। ਇਸ ਮੁੱਦੇ 'ਤੇ ਕਦੇ ਵੀ ਕਿਸੇ ਕਿਸਮ ਦੀ ਕੋਈ ਨਰਮੀ ਨਹੀਂ ਹੋਣੀ ਚਾਹੀਦੀ। ਦੋਸ਼ੀਆਂ ਨੂੰ ਸਖ਼ਤ ਮਿਸਾਲੀ ਸਜ਼ਾਵਾਂ ਮਿਲਣੀਆਂ ਚਾਹੀਦੀਆਂ ਹਨ। ਇਸੇ ਦੌਰਾਨ ਖ਼ਬਰ ਮਿਲੀ ਹੈ ਕਿ ਦਿੱਲੀ 'ਚ ਏਮਜ਼ ਦੇ ਬਾਹਰ ਵੀਰਵਾਰ ਤੜਕੇ 3:11 ਵਜੇ ਇਕ ਸ਼ਰਾਬੀ ਡਰਾਈਵਰ ਨੇ 'ਦਿੱਲੀ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਸਵਾਤੀ ਮਾਲੀਵਾਲ ਨੂੰ ਸੜਕ 'ਤੇ 15-20 ਮੀਟਰ ਤਕ ਘੜੀਸਿਆ।' ਸਵਾਤੀ ਦਾ ਹੱਥ ਟੈਕਸੀ ਦੀ ਖਿੜਕੀ 'ਚ ਫਸ ਗਿਆ ਸੀ। ਅਜਿਹੀਆਂ ਘਟਨਾਵਾਂ ਦਾ ਇਹੋ ਮਤਲਬ ਹੈ ਕਿ ਅਜਿਹੇ ਅਨਸਰਾਂ ਦਾ ਦਿਨ ਵੇਲੇ ਇਕੱਲੀ ਔਰਤ ਪ੍ਰਤੀ ਰਵੱਈਆ ਹੋਰ ਹੁੰਦਾ ਹੈ ਤੇ ਰਾਤ ਸਮੇਂ ਹੋਰ। ਗੁਰੂਆਂ-ਪੀਰਾਂ, ਫ਼ਕੀਰਾਂ ਤੇ ਸਾਧੂਆਂ-ਸੰਤਾਂ ਦੀ ਇਸ ਧਰਤੀ 'ਤੇ ਅਜਿਹੀਆਂ ਵਾਰਦਾਤਾਂ ਦਾ ਵਾਪਰਨਾ ਆਪਣੇ-ਆਪ 'ਚ ਮੰਦਭਾਗਾ ਵਰਤਾਰਾ ਹੈ। ਇਸ ਤੋਂ ਪਹਿਲਾਂ ਹਰਿਆਣਾ ਦੇ ਖੇਡ ਮੰਤਰੀ ਸੰਦੀਪ ਸਿੰਘ ਨੂੰ ਵੀ ਅਜਿਹੇ ਦੋਸ਼ਾਂ ਕਾਰਨ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ ਸੀ। ਇਸੇ ਲਈ ਹੁਣ ਕੁਝ ਓਲੰਪਿਕ ਤਗਮਾ ਜੇਤੂਆਂ ਸਮੇਤ ਲਗਪਗ 200 ਪੁਰਸ਼ ਤੇ ਮਹਿਲਾ ਭਲਵਾਨ ਸਰਕਾਰ ਤੋਂ ਸਖ਼ਤ ਕਾਰਵਾਈ ਮੰਗ ਰਹੇ ਹਨ। ਭਾਜਪਾ ਦੇ ਐੱਮਪੀ ਬ੍ਰਿਜਭੂਸ਼ਣ ਸ਼ਰਨ ਸਿੰਘ ਨੇ ਆਪਣੇ 'ਤੇ ਲੱਗੇ ਦੋਸ਼ਾਂ ਤੋਂ ਸਾਫ਼ ਇਨਕਾਰ ਕੀਤਾ ਹੈ। ਉਨ੍ਹਾਂ ਇਹ ਵੀ ਆਖਿਆ ਹੈ ਕਿ ਜੇ ਉਨ੍ਹਾਂ 'ਤੇ ਲੱਗੇ ਦੋਸ਼ ਸਹੀ ਸਿੱਧ ਹੁੰਦੇ ਹਨ ਤਾਂ ਉਹ ਖ਼ੁਦਕੁਸ਼ੀ ਕਰ ਲੈਣਗੇ। ਅਜਿਹੇ 'ਚ ਫ਼ੈਸਲਾ ਤੱਤਫਟ ਨਹੀਂ ਲਿਆ ਜਾ ਸਕਦਾ, ਸਗੋਂ ਬਹੁਤ ਸੋਚ-ਸਮਝ ਕੇ ਲੈਣਾ ਹੋਵੇਗਾ।

ਅਜਿਹੇ ਮਾਮਲਿਆਂ ਦੀਆਂ ਪੀੜਤਾਂ ਨੂੰ ਇਨਸਾਫ਼ ਲਈ ਲੰਮੇਰੀ ਉਡੀਕ ਕਰਨੀ ਪੈਂਦੀ ਹੈ। ਗ਼ਰੀਬ, ਖ਼ਾਸ ਤੌਰ 'ਤੇ ਦਲਿਤ, ਆਦਿਵਾਸੀ ਔਰਤਾਂ ਨੂੰ ਤਾਂ ਕਈ ਵਾਰ ਇਨਸਾਫ਼ ਮਿਲਦਾ ਹੀ ਨਹੀਂ ਤੇ ਬਹੁਤੇ ਮਾਮਲਿਆਂ 'ਚ ਪੀੜਤ ਔਰਤ ਆਪਣੀ ਬਦਨਾਮੀ ਦੇ ਡਰੋਂ ਪੁਲਿਸ ਕੋਲ ਕੇਸ ਹੀ ਦਰਜ ਨਹੀਂ ਕਰਵਾਉਂਦੀ ਕਿਉਂਕਿ ਉਹ ਜੇ ਕਦੇ ਅਜਿਹਾ ਕਦਮ ਚੁੱਕ ਲੈਂਦੀ ਹੈ ਤਾਂ ਉਸ ਨੂੰ ਸਮਾਜ 'ਚ ਠੀਕ ਨਜ਼ਰ ਨਾਲ ਨਹੀਂ ਵੇਖਿਆ ਜਾਂਦਾ। ਸਾਲ 2018 ਦੌਰਾਨ ਦੇਸ਼ ਵਿਚ ਜਬਰ-ਜਨਾਹ ਦੀਆਂ 33,356 ਘਟਨਾਵਾਂ ਵਾਪਰੀਆਂ ਸਨ ਤੇ ਅਗਲੇ ਵਰ੍ਹੇ 2019 'ਚ ਇਹ ਗਿਣਤੀ ਥੋੜ੍ਹੀ ਘਟ ਕੇ 32,033 ਰਹਿ ਗਈ ਸੀ। ਇਸ ਤੋਂ ਮੋਟਾ ਜਿਹਾ ਅਨੁਮਾਨ ਇਹੋ ਲੱਗਦਾ ਹੈ ਕਿ ਦੇਸ਼ 'ਚ 24 ਘੰਟਿਆਂ ਅੰਦਰ 91 ਅਜਿਹੀਆਂ ਘਿਨਾਉਣੀਆਂ ਵਾਰਦਾਤਾਂ ਵਾਪਰ ਜਾਂਦੀਆਂ ਹਨ। ਇਹ ਅੰਕੜਾ ਜ਼ਿਆਦਾ ਹੈ ਅਤੇ ਇਸ ਨੂੰ ਅਸੀਂ ਰਾਸ਼ਟਰੀ ਚਰਿੱਤਰ ਦੀ ਭਾਵਨਾ ਨਾਲ ਹੀ ਘਟਾ ਸਕਦੇ ਹਾਂ। ਵਧੀਆ ਕਿਰਦਾਰ ਵਾਲਾ ਇਕ ਵਿਅਕਤੀ ਸਮਾਜ ਨੂੰ ਦੇਣ ਲਈ ਉਸ ਦੇ ਜਨਮ ਤੋਂ ਮਿਹਨਤ ਕਰਨੀ ਹੋਵੇਗੀ ਜਿਸ 'ਚ ਉਸ ਦੇ ਮਾਪਿਆਂ, ਅਧਿਆਪਕਾਂ ਤੇ ਹੋਰ ਵੱਡਿਆਂ ਦੇ ਨਾਲ-ਨਾਲ ਉਸ ਦੇ ਯਾਰਾਂ-ਦੋਸਤਾਂ ਨੂੰ ਵੀ ਹਾਂ-ਪੱਖੀ ਭੂਮਿਕਾ ਨਿਭਾਉਣੀ ਹੋਵੇਗੀ।

# ਤਕਨੀਕਾਂ ਕਾਰਨ ਹੋਣ ਵਾਲੀਆਂ ਖੋਜਾਂ ਨਾਲ ਨਵੀਂ ਕ੍ਰਾਂਤੀ ਦੀਆਂ ਬਰੂਹਾਂ 'ਤੇ ਸੰਸਾਰ

**ਸ਼ਿਵਕਾਂਤ ਸ਼ਰਮਾ**

ਬੀਤੇ ਸਾਲ ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ ਨੇ ਇਕ ਕਿਤਾਬ ਛਾਪੀ ਸੀ 'ਯੂ ਆਰ ਨਾਟ ਐਕਸਪੈਕਟਡ ਟੂ ਅੰਡਰਸਟੈਂਡ ਦਿਸ' ਅਰਥਾਤ ਇਹ ਉਮੀਦ ਨਹੀਂ ਕਿ ਤੁਸੀਂ ਇਸ ਨੂੰ ਸਮਝ ਹੀ ਲਓ। ਦਿਲਚਸਪ ਸਿਰਲੇਖ ਅਤੇ ਸਮੱਗਰੀ ਦੀ ਵਜ੍ਹਾ ਨਾਲ ਚਰਚਾ ਦਾ ਵਿਸ਼ਾ ਬਣੀ ਇਹ ਪੁਸਤਕ, ਜਿਸ ਦੀ ਸੰਪਾਦਕ ਟੋਰੀ ਬਾਸ਼ ਹੈ, ਸਾਡੇ ਵਰਤਮਾਨ ਤੇ ਭਵਿੱਖ 'ਤੇ ਨਕਲੀ ਬੁੱਧੀਮਤਾ(ਆਰਟੀਫੀਸ਼ੀਅਲ ਇੰਟੈਲੀਜੈਂਸ-ਏਆਈ) ਅਤੇ ਮਸ਼ੀਨੀ ਲਰਨਿੰਗ ਵਰਗੀਆਂ ਤਕਨੀਕਾਂ ਦੇ ਪ੍ਰਭਾਵ ਦਾ ਮੁਲਾਂਕਣ ਕਰਦੀ ਹੈ।

ਸੰਨ 1975 ਵਿਚ ਜਾਰੀ ਕੀਤੇ ਗਏ ਕੰਪਿਊਟਰਾਂ ਦੇ ਓਪਨ ਸੋਰਸ ਆਪ੍ਰੇਟਿੰਗ ਸਿਸਟਮ 'ਯੂਨੀਕਸ' ਦੇ ਛੇਵੇਂ ਐਡੀਸ਼ਨ ਦੇ ਲੇਖਕਾਂ ਨੇ ਉਸ ਦੇ ਕੋਡ ਵਿਚ ਇਕ ਦਿਲਚਸਪ ਟਿੱਪਣੀ ਪਾਈ ਸੀ-ਤੁਸੀਂ ਇਸ ਨੂੰ ਸਮਝ ਲਓ, ਇਹ ਉਮੀਦ ਨਹੀਂ। ਇਹ ਉਸ ਕੋਡ ਦੀਆਂ ਚਮਤਕਾਰੀ ਸਮਰੱਥਾਵਾਂ ਦਾ ਐਲਾਨ ਸੀ ਕਿਉਂਕਿ ਇਹ ਆਪ੍ਰੇਟਿੰਗ ਸਿਸਟਮ ਅਲੱਗ-ਅਲੱਗ ਕੰਪਿਊਟਰਾਂ 'ਤੇ ਇਕੱਠਿਆਂ ਹੀ ਕਈ ਐਪਲੀਕੇਸ਼ਨ ਚਲਾ ਸਕਦਾ ਸੀ।

ਇੱਥੋਂ ਨਵੀਂ ਤਕਨੀਕ ਦੀ ਉਹ ਯਾਤਰਾ ਸ਼ੁਰੂ ਹੋਈ ਜੋ ਅੱਜ ਐਲਗੋਰਿਹਾ ਜ਼ਰੀਏ ਨਕਲੀ ਅਕਲਮੰਦੀ ਅਤੇ ਮਸ਼ੀਨ ਲਰਨਿੰਗ ਤਕ ਆ ਪੁੱਜੀ ਹੈ। ਏਆਈ ਦੇ ਖੇਤਰ ਵਿਚ ਬੀਤੇ ਸਾਲ ਕਈ ਜ਼ਿਕਰਯੋਗ ਗੱਲਾਂ ਹੋਈਆਂ ਹਨ ਜਿਨ੍ਹਾਂ ਦੀ ਵਜ੍ਹਾ ਕਾਰਨ ਇਹ ਕਿਤਾਬ ਲਿਖੀ ਗਈ ਹੈ। ਜਿਵੇਂ ਫੇਸਬੁੱਕ ਦੀ ਮੂਲ ਕੰਪਨੀ ਮੇਟਾ ਦੇ ਕੁਝ ਕਰਮਚਾਰੀਆਂ ਨੇ ਅਜਿਹਾ ਏਆਈ ਪ੍ਰੋਗਰਾਮ ਬਣਾਉਣ ਦਾ ਦਾਅਵਾ ਕੀਤਾ ਜੋ ਰਣਨੀਤੀ ਦੇ ਪ੍ਰਸਿੱਧ ਖੇਡ 'ਡਿਪਲੋਮੈਸੀ' ਵਿਚ ਜ਼ਿਆਦਾਤਰ ਲੋਕਾਂ ਨੂੰ ਹਰਾ ਸਕਦਾ ਹੈ। ਚੀਨ ਦੇ ਸ਼ੇਨਜੇਨ ਸ਼ਹਿਰ ਦੇ ਅਧਿਕਾਰੀਆਂ ਨੇ ਦਾਅਵਾ ਕੀਤਾ ਹੈ ਕਿ ਉਹ 5ਜੀ ਨੈੱਟਵਰਕ ਨਾਲ ਜੁੜੇ ਮੋਬਾਈਲ ਦੇ ਡਿਜੀਟਲ ਜੋੜੇ ਰੂਪਾਂ ਜ਼ਰੀਏ ਲੋਕਾਂ, ਉਨ੍ਹਾਂ ਦੀ ਆਵਾਜਾਈ ਅਤੇ ਊਰਜਾ ਖ਼ਪਤ ਦੀ ਨਿਗਰਾਨੀ ਕਰ ਰਹੇ ਹਨ। ਇਸ ਦੌਰਾਨ ਸਭ ਤੋਂ ਵੱਧ ਚਰਚਾ ਚੈਟ-ਜੀਪੀਟੀ ਨਾਂ ਵਾਲੀ ਚੈਟ ਬੋਟ ਦੀ ਰਹੀ ਜੋ ਪੜਚੋਲ-ਵਿਸ਼ਲੇਸ਼ਣ ਕਰ ਸਕਦਾ ਹੈ। ਜਟਿਲ ਵਿਸ਼ਿਆਂ 'ਤੇ ਲੇਖ ਲਿਖ ਸਕਦਾ ਹੈ। ਉਲਝਾਊ ਸਮੱਸਿਆਵਾਂ ਦੇ ਤਰਕਸੰਗਤ ਹੱਲ ਦੱਸ ਸਕਦਾ ਹੈ। ਚੁਟਕਲੇ ਤੇ ਕਹਾਵਤਾਂ ਸਮਝ ਸਕਦਾ ਹੈ ਅਤੇ ਫਸਾਉਣ ਵਾਲੇ ਸਵਾਲ ਦੀ ਗੁੱਥੀ ਸੁਲਝਾ ਸਕਦਾ ਹੈ। ਖ਼ਬਰਾਂ ਹਨ ਕਿ ਮਾਈਕ੍ਰੋਸਾਫਟ ਚੈਟ-ਜੀਪੀਟੀ ਬਣਾਉਣ ਵਾਲੀ ਕੰਪਨੀ 'ਓਪਨ-ਏਆਈ' ਵਿਚ 1000 ਕਰੋੜ ਡਾਲਰ ਦੇ ਨਿਵੇਸ਼ ਦੀ ਯੋਜਨਾ ਬਣਾ ਰਹੀ ਹੈ।

ਮਾਈਕ੍ਰੋਸਾਫਟ ਇਕ ਛੋਟੀ ਸਿਰ ਚੁੱਕ ਰਹੀ ਕੰਪਨੀ 'ਤੇ ਇੰਨਾ ਵੱਡਾ ਦਾਅ ਇਸ ਲਈ ਲਗਾਉਣਾ ਚਾਹੁੰਦੀ ਹੈ ਕਿਉਂਕਿ ਉਸ ਨੂੰ ਗੂਗਲ ਦੇ ਸਰਚ ਇੰਜਨ ਨਾਲ ਮੁਕਾਬਲੇ ਲਈ ਬਦਲ ਦੀ ਤਲਾਸ਼ ਹੈ। ਚੈਟ-ਜੀਪੀਟੀ ਵਿਚ ਉਸ ਨੂੰ ਅਜਿਹਾ ਇੰਜਨ ਬਣਾਉਣ ਦੀ ਸਮਰੱਥਾ ਨਜ਼ਰ ਆਉਂਦੀ ਹੈ। ਚੈਟ-ਜੀਪੀਟੀ ਵਿਚ ਜੀਪੀਟੀ ਦਾ ਮਕਸਦ ਅਜਿਹੀ ਤਕਨੀਕ ਤੋਂ ਹੈ ਜਿਸ ਵਿਚ ਇੰਟਰਨੈੱਟ 'ਤੇ ਉਪਲਬਧ ਅਨੇਕਾਂ ਮਜ਼ਮੂਨਾਂ ਦੀਆਂ ਲੱਖਾਂ ਕਿਤਾਬਾਂ ਦੀ ਸਮੱਗਰੀ ਪੜ੍ਹ ਕੇ ਯਾਦਦਾਸ਼ਤ ਦਾ ਵੱਡ ਆਕਾਰੀ ਡਾਟਾਬੇਸ ਤਿਆਰ ਹੁੰਦਾ ਹੈ।

ਫਿਰ ਉਸ ਦਾ ਇਸਤੇਮਾਲ ਸਮਝਣ ਅਤੇ ਭਾਸ਼ਾਈ ਵਿਵਹਾਰ ਕਰਨ ਵਿਚ ਕਰ ਸਕਦਾ ਹੈ। ਅਜੇ ਚੈਟ-ਜੀਪੀਟੀ ਬਾਲ ਅਵਸਥਾ ਵਿਚ ਹੈ ਪਰ ਜਿਵੇਂ-ਜਿਵੇਂ ਉਸ ਵਿਚ ਹੋਰ ਜਾਣਕਾਰੀ ਭਰੀ ਜਾਵੇਗੀ, ਤਿਵੇਂ-ਤਿਵੇਂ ਉਸ ਦੀ ਸਮਰੱਥਾ ਅਤੇ ਸਮਝ ਵਧਦੀ ਜਾਵੇਗੀ। ਅਜਿਹੀਆਂ ਮਸ਼ੀਨਾਂ ਅਨੁਵਾਦ ਕਰਨ, ਕਾਨੂੰਨੀ ਅਤੇ ਦਫ਼ਤਰੀ ਦਸਤਾਵੇਜ਼ ਲਿਖਣ ਦੇ ਇਲਾਵਾ ਰਚਨਾਤਮਕ ਲੇਖਣੀ ਜਾਂ ਸੰਗੀਤ ਦੇ ਕੱਚੇ ਮਸੌਦੇ ਬਣਾਉਣ ਦੇ ਕੰਮ ਵੀ ਕਰ ਸਕਣਗੀਆਂ ਜਿਸ ਮਗਰੋਂ ਲੇਖਕ ਉਨ੍ਹਾਂ ਨੂੰ ਮੁੜ ਸਿਰਜ ਸਕਣਗੇ। ਚੈਟ ਜੀਪੀਟੀ ਦੇ ਆਗਮਨ ਨੇ ਕਈ ਵਿਵਾਦ ਵੀ ਛੇੜ ਦਿੱਤੇ ਹਨ। ਦੇਵੀ-ਦੇਵਤਿਆਂ ਬਾਰੇ ਚੁਟਕਲਿਆਂ ਕਾਰਨ ਚੈਟ ਜੀਪੀਟੀ ਦੀ ਸਖ਼ਤ ਆਲੋਚਨਾ ਹੋਈ ਸੀ। ਲੋਕਾਂ ਦੇ ਰੋਹ ਤੋਂ ਬਾਅਦ ਇਸ ਐਪ ਨੇ ਤੁਰੰਤ ਤਬਦੀਲੀਆਂ ਕਰ ਦਿੱਤੀਆਂ ਸਨ। ਅਜਿਹੀਆਂ ਚੁਣੌਤੀਆਂ ਭਵਿੱਖ ਵਿਚ ਵੀ ਆ ਸਕਦੀਆਂ ਹਨ। ਆਰਟੀਫੀਸ਼ੀਅਲ ਇੰਟੈਲੀਜੈਂਸ ਵੀ ਤਾਂ ਆਖ਼ਰ ਮਨੁੱਖ ਦੀ ਆਪਣੀ ਹੀ ਦੇਣ ਹੈ। ਇਸ ਦਾ ਸਦਉਪਯੋਗ ਨਵੀਂ ਕ੍ਰਾਂਤੀ ਲਿਆ ਸਕਦਾ ਹੈ ਪਰ ਦੁਰਉਪਯੋਗ ਅਣਗਿਣਤ ਭ੍ਰਾਂਤੀਆਂ ਨੂੰ ਵੀ ਜਨਮ ਦੇਵੇਗਾ।

ਗੂਗਲ 'ਤੇ ਅਸੀਂ ਸ਼ਬਦ ਜਾਂ ਫਿਕਰੇ ਪਾ ਕੇ ਜਾਣਕਾਰੀ ਲੱਭਦੇ ਹਾਂ ਅਤੇ ਸਰਚ ਇੰਜਨ ਲੋੜੀਂਦੀ ਜਾਣਕਾਰੀ ਦੇ ਸਹੀ ਸੰਦਰਭ ਅਤੇ ਵਿਸ਼ੇ ਦੀ ਥਾਂ ਜਿੱਥੇ-ਜਿੱਥੇ ਸ਼ਬਦ ਅਤੇ ਫਿਕਰਾ ਮਿਲੇ, ਉਸ ਨੂੰ ਪੇਸ਼ ਕਰ ਦਿੰਦਾ ਹੈ ਪਰ ਜੇ ਕਲਪਨਾ ਕਰੀਏ ਕਿ ਤੁਸੀਂ ਕਿਸੇ ਸਰਚ ਇੰਜਣ ਤੋਂ ਸਿੱਧੇ ਸਵਾਲ ਕਰੋ ਅਤੇ ਉਹ ਉਸ ਦੇ ਇਕਦਮ ਸਹੀ ਜਵਾਬ ਲੱਭ ਕੇ ਦੇਵੇ ਤਾਂ ਕਿੰਨਾ ਚੰਗਾ ਹੋਵੇਗਾ?

ਮਾਈਕ੍ਰੋਸਾਫਟ ਨੂੰ 'ਓਪਨ-ਏਆਈ' ਤੋਂ ਇਸੇ ਤਰ੍ਹਾਂ ਦੇ ਸਰਚ ਇੰਜਨ ਦੀ ਦਰਕਾਰ ਹੈ ਕਿਉਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਪ੍ਰੋਗਰਾਮ ਹੁਣ ਆਪਣੀ ਡੀਪ ਲਰਨਿੰਗ ਦੀ ਪੀੜ੍ਹੀ ਤੋਂ ਫਾਊਂਡੇਸ਼ਨ ਮਾਡਲ ਦੇ ਪੜਾਅ 'ਤੇ ਪੁੱਜ ਗਏ ਹਨ। ਬੀਤੇ ਦਸ ਸਾਲਾਂ ਤੋਂ ਅਸੀਂ ਗੂਗਲ ਅਤੇ ਐਪਲ ਨਕਸ਼ਿਆਂ ਦੇ ਸਹਾਰੇ ਘੁੰਮਣ ਦੇ ਆਦੀ ਹੋ ਗਏ ਹਾਂ। ਐਮਾਜ਼ੋਨ ਦੀ ਅਲੈਕਸਾ ਅਤੇ ਐਪਲ ਦੀ ਸੀਰੀ ਤੋਂ ਵੀ ਛੋਟੇ-ਮੋਟੇ ਕੰਮ ਕਰਵਾ ਲੈਂਦੇ ਹੋ ਪਰ ਫਾਊਂਡੇਸ਼ਨ ਮਾਡਲ ਦੇ ਬੋਟ ਇਕਦਮ ਅਗਲੀ ਪੀੜ੍ਹੀ ਦੇ ਹੋਣਗੇ। ਪਾਇਲਟ ਤੋਂ ਕਿਤੇ ਭੁੱਲ ਹੋ ਰਹੀ ਹੋਵੇਗੀ ਤਾਂ ਉਹ ਚੇਤਾਵਨੀ ਦੇਣਗੇ। ਤੁਹਾਡੀ ਕਾਰ ਚਲਾਉਣਗੇ। ਡਰੋਨ ਉਡਾਉਣਗੇ। ਡਾਕਟਰ ਨੂੰ ਬਿਮਾਰੀ ਦਾ ਸਹੀ ਹੱਲ ਦੱਸਣਗੇ। ਸੰਗੀਤਕਾਰ ਦੇ ਗੁਣਗੁਣਾਉਂਦੇ ਹੀ ਧੁਨ ਤੇ ਸੰਗੀਤ ਦੇ ਨੋਟ ਬਣਾ ਕੇ ਦੇ ਦੇਣਗੇ। ਇਹ ਸਭ ਇਸ ਲਈ ਸੰਭਵ ਲੱਗਦਾ ਹੈ ਕਿਉਂਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਦੇ ਕੋਡ ਹੁਣ ਮਸ਼ੀਨਾਂ ਨੂੰ ਸਾਡੇ ਦਿਮਾਗ ਦੀਆਂ ਤੰਤ੍ਰਿਕਾਵਾਂ ਦੇ ਕਰੋੜਾਂ ਨੈੱਟਵਰਕਾਂ ਦੀ ਤਰਜ 'ਤੇ ਸਿਖਲਾਈ ਦੇ ਰਹੇ ਹਨ। ਪ੍ਰੋਗਰਾਮਿੰਗ ਕਾਰਨ ਮਸ਼ੀਨਾਂ ਆਪਣੀਆਂ ਭੁੱਲਾਂ ਤੋਂ ਖ਼ੁਦ ਸਿੱਖ ਰਹੀਆਂ ਹਨ।

ਵੈਸੇ ਹੁਣ ਵੀ ਹਵਾਈ ਤੇ ਰੇਲ ਆਵਾਜਾਈ ਕੰਟਰੋਲ, ਜਹਾਜ਼ਾਂ ਦਾ ਕੰਟਰੋਲ ਤੇ ਸੰਚਾਲਨ, ਮੌਸਮ ਦੀ ਪੇਸ਼ੀਨਗੋਈ, ਮਿਜ਼ਾਈਲ, ਰਾਕਟ ਅਤੇ ਉਪਗ੍ਰਹਿ ਦਾਗਣੇ ਜਿਹੇ ਕੰਮ ਮਸ਼ੀਨਾਂ ਦੀ ਆਰਟੀਫੀਸ਼ੀਅਲ ਇੰਟੈਲੀਜੈਂਸ ਹੀ ਕਰਦੀ ਹੈ। ਨਵੀਂ ਪੀੜ੍ਹੀ ਦੀ ਏਆਈ ਮਸ਼ੀਨਾਂ ਵਿਚ ਭੁੱਲ ਸੁਧਾਰ ਦੀ ਸਮਰੱਥਾ ਵੀ ਹੋਵੇਗੀ।

ਟੋਰੀ ਬਾਸ਼ ਦਾ ਮੰਨਣਾ ਹੈ ਕਿ ਲਗਪਗ ਹਰ ਕੰਮ ਵਿਚ ਇਸਤੇਮਾਲ ਹੋਣ ਵਾਲੀਆਂ ਮਸ਼ੀਨਾਂ ਦੇ ਕੋਡ ਲਿਖਣ ਵਾਲੇ ਲੋਕ ਅਸੀਂ ਅਤੇ ਤੁਸੀਂ ਹੀ ਹੋ। ਇਸ ਲਈ ਇਹ ਉਨ੍ਹਾਂ ਦੀਆਂ ਧਾਰਨਾਵਾਂ ਤੋਂ ਅਣਛੋਹੇ ਨਹੀਂ ਰਹਿ ਸਕਦੇ। ਨੀਤੀ ਘਾੜਿਆਂ ਲਈ ਚੁਣੌਤੀ ਇਹ ਹੈ ਕਿ ਇਹ ਮਸ਼ੀਨਾਂ ਅੰਕੜਿਆਂ ਨੂੰ ਖੰਘਾਲ ਅਤੇ ਸਮਝ ਤਾਂ ਸਕਦੀਆਂ ਹਨ ਪਰ ਇਨ੍ਹਾਂ ਦੀ ਨੈਤਿਕ ਤੇ ਸਮਾਜਿਕ ਜ਼ਰੂਰਤ ਦਾ ਸਹੀ ਫ਼ੈਸਲਾ ਨਹੀਂ ਕਰ ਸਕਦੀਆਂ। ਆਮ ਲੋਕਾਂ ਲਈ ਚੁਣੌਤੀ ਇਹ ਹੈ ਕਿ ਇਕ ਵਾਰ ਜਦ ਸਭ ਮਸ਼ੀਨਾਂ ਵਿਚ ਹਰ ਜਗ੍ਹਾ ਏਆਈ ਦੀ ਕੋਈ ਨਾ ਕੋਈ ਮਾਤਰਾ ਲੱਗ ਜਾਵੇਗੀ ਤਾਂ ਉਨ੍ਹਾਂ ਨੂੰ ਚਲਾਉਣ ਅਤੇ ਉਨ੍ਹਾਂ ਦੀ ਮੁਰੰਮਤ ਕਰਨ ਵਾਲਿਆਂ ਨੂੰ ਵੀ ਉਨ੍ਹਾਂ ਦੀ ਕੁਝ ਜਾਣਕਾਰੀ ਚਾਹੀਦੀ ਹੋਵੇਗੀ। ਨਹੀਂ ਤਾਂ ਇਹ ਕਿਵੇਂ ਚੱਲਣਗੀਆਂ ਅਤੇ ਠੀਕ ਹੋਣਗੀਆਂ? ਸੰਭਵ ਤੌਰ 'ਤੇ ਇਸੇ ਸੋਚ-ਵਿਚਾਰ ਮਗਰੋਂ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਹਾਲ ਹੀ ਵਿਚ ਕਿਹਾ ਸੀ ਕਿ ਸਕੂਲਾਂ ਵਿਚ ਬਾਰ੍ਹਵੀਂ ਜਮਾਤ ਤਕ ਗਣਿਤ ਨੂੰ ਲਾਗੂ ਕੀਤਾ ਜਾਵੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਤੇਜ਼ੀ ਨਾਲ ਹੋ ਰਹੇ ਤਕਨੀਕੀ ਵਿਕਾਸ ਅਤੇ ਬਦਲਾਅ ਨੂੰ ਦੇਖਦੇ ਹੋਏ ਗਣਿਤ ਦੀ ਬੁਨਿਆਦ ਮਜ਼ਬੂਤ ਕੀਤੇ ਬਿਨਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲਣ ਵਿਚ ਦਿੱਕਤਾਂ ਹੋਣਗੀਆਂ।

ਆਰਟੀਫੀਸ਼ੀਅਲ ਇੰਟੈਲੀਜੈਂਸ ਅਤੇ ਮਸ਼ੀਨ ਲਰਨਿੰਗ ਵਿਚ ਹੋ ਰਹੇ ਵਿਕਾਸ ਅਤੇ ਰੁਜ਼ਗਾਰ ਦੇ ਹਰੇਕ





ਖੇਤਰ ਵਿਚ ਗਣਿਤ ਦੀ ਮਹੱਤਤਾ ਨੂੰ ਸੁਨਕ ਤੋਂ ਬਿਹਤਰ ਹੋਰ ਕੌਣ ਸਮਝ ਸਕਦਾ ਹੈ?

ਅਜਿਹੇ ਵਿਚ, ਭਾਰਤ ਦੇ ਨੇਤਾਵਾਂ ਅਤੇ ਨੀਤੀ ਘਾੜਿਆਂ ਨੂੰ ਵੀ ਇਸ ਵਿਸ਼ੇ 'ਤੇ ਜਾਗਣ ਦੀ ਜ਼ਰੂਰਤ ਹੈ। ਬੁੱਧੀਮਾਨ ਮਸ਼ੀਨਾਂ ਦੀ ਕ੍ਰਾਂਤੀ ਸਨਅਤੀ ਕ੍ਰਾਂਤੀ ਤੋਂ ਬਾਅਦ ਹੋਣ ਵਾਲਾ ਸਭ ਤੋਂ ਪਰਿਵਰਤਨ ਹੈ।

ਲੋਕਾਂ ਦੇ ਰੁਜ਼ਗਾਰ 'ਤੇ ਇਨ੍ਹਾਂ ਦੇ ਸੰਭਾਵੀ ਅਸਰ ਨੂੰ ਲੈ ਕੇ ਅਜੇ ਡੂੰਘੇ ਮਤਭੇਦ ਹਨ ਪਰ ਇਸ ਮੁਹਾਂਦਰੇ ਵਿਚ ਸਾਡੇ ਸਾਹਮਣੇ ਦੋ ਹੀ ਬਦਲ ਹਨ-ਜਾਂ ਤਾਂ ਏਆਈ ਅਤੇ ਉਸ ਦੀ ਕੋਡਿੰਗ ਬਾਰੇ ਜਾਣਕਾਰੀ ਹਾਸਲ ਕਰੀਏ ਅਤੇ ਮਸ਼ੀਨਾਂ ਨੂੰ ਆਪਣੀਆਂ ਜ਼ਰੂਰਤਾਂ ਅਤੇ ਚੁਣੌਤੀਆਂ ਦੇ ਹਿਸਾਬ ਨਾਲ ਢਾਲੀਏ।

ਜਾਂ ਸਭ ਕੁਝ ਕੋਡ ਲਿਖਣ ਵਾਲਿਆਂ ਅਤੇ ਮਸ਼ੀਨਾਂ ਬਣਾਉਣ ਵਾਲਿਆਂ 'ਤੇ ਛੱਡ ਦੇਈਏ। ਆਰਟੀਫੀ ਸ਼ੀਅਲ ਇੰਟੈਲੀਜੈਂਸ ਨਾਲ ਸੱਚਮੁੱਚ ਦੁਨੀਆ 'ਚ ਵੱਡੇ ਪੱਧਰ ਉੱਤੇ ਅਜਿਹੀਆਂ ਤਬਦੀਲੀਆਂ ਆਉਣ ਦੀਆਂ ਸੰਭਾਵਨਾਵਾਂ ਹਨ, ਜਿਨ੍ਹਾਂ ਬਾਰੇ ਇਨਸਾਨ ਨੇ ਪਹਿਲਾਂ ਕਦੇ ਸੋਚਿਆ ਵੀ ਨਹੀਂ ਹੋਵੇਗਾ। ਕੰਪਿਊਟਰ ਤੇ ਮੋਬਾਈਲ ਫੋਨਾਂ ਰਾਹੀਂ ਹੋਣ ਵਾਲੇ ਬਹੁਤੇ ਕੰਮ ਆਪਣੇ-ਆਪ ਇਸੇ ਨਵੀਂ ਟੈਕਨਾਲੋਜੀ ਰਾਹੀਂ ਹੋ ਜਾਇਆ ਕਰਨਗੇ। ਇਹ ਤਬਦੀਲੀਆਂ ਟ੍ਰੈਫਿਕ ਲਾਈਟਾਂ ਤੋਂ ਲੈ ਕੇ ਕੰਪਿਊਟਰਾਂ 'ਤੇ ਫਾਰਮ ਭਰਨ ਅਤੇ ਦਫ਼ਤਰਾਂ 'ਚ ਜ਼ਰੂਰੀ ਕੰਮ ਕਰਨ ਤਕ ਜਿਹੇ ਕਾਰਜਾਂ 'ਚ ਛੇਤੀ ਹੀ ਵਿਖਾਈ ਦੇਣ ਲੱਗ ਪੈਣਗੀਆਂ।



Cosmetic & Family Dentistry

UPPAL DENTAL CARE

50 % Discount for Cash Patients

INVISALIGN

Call for Details

Straighten Teeth Without Wires

FREE TEETH WHITENING WITH PAID EXAM,
X-RAY & CLEANING.
YOUR INSURANCE USUALLY COVER THESE SERVICES



Charanjit S Uppal
D.D.S.

- Laser Treatment
- Lumineers/Veneers
- Dentures & Partials
- Root Canals
- Bad Breath
- Cosmetic Dentistry
- Crowns & Bridges
- Tooth Extraction
- Gum Treatment

Strictly Maintained
Sterilization Standards
Most Insurance
Plans Accepted

1191 W Tennyson Rd. # 4,
Hayward. (CA) 94544
510-786-1780

1750 CLEAR LAKE AVE
Milpitas, CA 95035
408-942-4400

www.uppaldental.com




Quick Lube & Smog

We rent U-HAUL

OIL CHANGE & SMOG CHECK STATION

SUKHWINDER BHELLA

gogibhella@gmail.com

691 W. Tennyson Rd
Hayward, CA 94544

PH 510-757-6775
FAX 510-292-0330

TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ
ਦਾ ਸਭ ਤੋਂ ਪਹਿਲਾ ਤੇ
ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ
ਦੇ ਨਾਲ ਸਜਾਇਆ
ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ
ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



PREET FABRICS & APPLIANCE

ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ।
ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।



YOUR ONE-STOP CENTER BOTH FABRICS & APPLIANCES

APPLIANCES & LUGGAGE CROSS,
PARKER PENS, OSTER BLENDERS

Watches (Seiko, Citizen & Swistar)
Shavers & Trimmers
Cellular Phones

Onkar Singh Saini

5156 Mowry AVE. Fremont. CA 94538
Tel- 510-797-7111

# Moon Indian Cuisine
## 510-780-9233

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ,
ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

* 100 ਬੰਦਿਆਂ ਤੋਂ ਲੈ ਕੇ ਵੱਡੀ ਤੋਂ ਵੱਡੀ ਪਾਰਟੀ ਤੱਕ
* ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
* ਬਹੁਤ ਹੀ ਤਜ਼ਰਬੇਕਾਰ ਕੁੱਕ

**Fish Pakora**

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ। ਘੱਟ ਕੀਮਤ 'ਤੇ ਲੈ ਸਕਦੇ ਹੋ।


Paul 510-978-7170

Over 30 Years Experience in Restaurant & Catering Business

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**
600 West Harder Rd. Hayward, CA 94544
Phone (510)780-9233 Fax (510) 780-9812
www.moonindiancuisine.net

# Raja

New Introducing Chaat Corner

King of Sweets Now Presents

Come and Enjoy Mouth Watering Chaat All Day




ਹੁਣ ਸ਼ੂਗਰ ਦੇ ਮਰੀਜ਼ਾਂ ਵਾਸਤੇ ਵੀ ਹਰ ਤਰ੍ਹਾਂ ਦੀ ਮਿਠਾਈ ਲੈ ਸਕਦੇ ਹੋ

- BHEL PAPDI CHAAT
- FALUDA KULFI
- GOL GAPPE (PANI PURI)
- KHASTA KACHORI

## RAJA SWEETS & INDIAN CUISINE
31583 Alvarado Blvd. Union City, CA 94587
Phone : (510) 489-9100

# FAIRWAY BODY SHOP

ਹਰ ਤਰ੍ਹਾਂ ਦੀਆਂ ਗੱਡੀਆਂ ਕਾਰਾਂ ਦੀ ਡੈਂਟਿੰਗ ਤੇ ਪੇਂਟਿੰਗ ਲਈ ਬਹੁਤ ਹੀ ਤਸੱਲੀਬਖ਼ਸ਼ ਤੇ ਤਜਰਬੇਕਾਰ
ਐਸਟੀਮੇਟ ਜਾਂ ਕੰਮ ਕਰਾਉਣ ਲਈ ਫੋਨ ਕਰੋ, ਹਫਤੇ ਦੇ 6 ਦਿਨ ਖੁੱਲ੍ਹਾ ਰਹਿੰਦਾ ਹੈ
ਸੋਮਵਾਰ ਤੋਂ ਸ਼ਨਿਚਰਵਾਰ ਤੱਕ-ਸਵੇਰੇ 8 ਵਜੇ ਤੋਂ 6 ਵਜੇ ਤੱਕ


Gurdial Aujla


Darshan Aujla
510-750-6116

1421 Industrial Parkway West #C
Hayward, CA 94644
510-538-2983


# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

**ਸਾਡੀ ਵਿਸ਼ੇਸਤਾ**

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

**KASH FABRICS**
29576 Mission Blvd
Hayward,CA 94544
510-538-1138

# ਫ਼ਜ਼ੂਲਖ਼ਰਚੀ ਰੋਕਣ ਲਈ ਬੱਚਤ ਦੀ ਪਹਿਲ ਕਰਨੀ ਸਿੱਖ ਲਓ

ਅੱਜ-ਕੱਲ੍ਹ ਮਹਿੰਗਾਈ ਬੁਲੰਦੀਆਂ 'ਤੇ ਹੈ। ਬਹੁਤਿਆਂ ਲੋਕਾਂ ਨੂੰ ਤਾਂ ਆਪਣੇ ਖਾਣ-ਪੀਣ ਦੇ ਲਾਲੇ ਪਏ ਹੋਏ ਹਨ। ਅਨੇਕਾਂ ਗ਼ਰੀਬ ਲੋਕ ਅੱਜ ਵੀ ਖੁੱਲ੍ਹੇ ਅਸਮਾਨ ਥੱਲੇ ਸੌਣ ਲਈ ਮਜਬੂਰ ਹਨ। ਉਨ੍ਹਾਂ ਨੂੰ ਲੋੜ ਅਨੁਸਾਰ ਦਿਹਾੜੀ ਵੀ ਨਹੀਂ ਮਿਲਦੀ। ਤਕਰੀਬਨ ਹਰ ਆਦਮੀ ਰੋਗੀ ਹੋ ਚੁੱਕਾ ਹੈ। ਭਾਵੇਂ

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ**

ਉਹ ਖ਼ਰਾਬ ਵਾਤਾਵਰਨ ਦੀ ਵਜ੍ਹਾ ਕਰ ਕੇ ਬਿਮਾਰ ਹੋਇਆ ਹੋਵੇ ਤੇ ਭਾਵੇਂ ਖ਼ਰਾਬ ਪਾਣੀ ਪੀਣ ਕਾਰਨ। ਇਹ ਹਕੀਕਤ ਹੈ ਕਿ ਜਿਹੜਾ ਆਦਮੀ ਇਕ ਵਾਰ ਬਿਮਾਰ ਹੋ ਕੇ ਹਸਪਤਾਲ ਵਿਚ ਪਹੁੰਚ ਗਿਆ ਉਹ ਸਰੀਰਕ ਤੌਰ 'ਤੇ ਬੇਸ਼ੱਕ ਤੰਦਰੁਸਤ ਹੋ ਜਾਵੇ ਪਰ ਆਰਥਿਕ ਪੱਖੋਂ ਜ਼ਰੂਰ ਕਮਜ਼ੋਰ ਹੋ ਜਾਂਦਾ ਹੈ। ਹਸਪਤਾਲਾਂ ਦੇ ਖ਼ਰਚੇ ਇੰਨੇ ਕੁ ਵਧ ਚੁੱਕੇ ਹਨ ਕਿ ਆਮ ਆਦਮੀ ਦੀ ਪਹੁੰਚ ਤੋਂ ਬਾਹਰ ਹੋ ਗਏ ਹਨ। ਇਹ ਸਾਰਾ ਕੁਝ ਪਤਾ ਹੁੰਦਿਆਂ ਹੋਇਆਂ ਵੀ ਲੋਕ ਪਤਾ ਨਹੀਂ ਕਿਹੜਾ ਨੱਕ ਰੱਖਣ ਦੀ ਗੱਲ ਕਰ ਰਹੇ ਹਨ। ਵਿਆਹ ਪਹਿਲਾਂ ਵੀ ਹੁੰਦੇ ਸਨ। ਬਰਾਤਾਂ ਅੱਜ ਤੋਂ ਚਾਲੀ-ਪੰਜਾਹ ਸਾਲ ਪਹਿਲਾਂ ਕਈ-ਕਈ ਰਾਤਾਂ ਠਹਿਰਦੀਆਂ ਹੁੰਦੀਆਂ ਸਨ। ਪਿੰਡ ਵਾਲੇ ਇਕੱਠੇ ਹੋ ਕੇ ਬਰਾਤਾਂ ਨੂੰ ਧਰਮਸ਼ਾਲਾ ਜਾਂ ਜੰਝਘਰਾਂ ਵਿਚ ਰੁਕਵਾਉਂਦੇ ਹੁੰਦੇ ਸਨ। ਪਿੰਡ ਦਿਆਂ ਮੁੰਡਿਆਂ ਨੇ ਰਲ ਕੇ ਬਰਾਤ ਦੀ ਖ਼ੂਬ ਸੇਵਾ ਕਰਨੀ। ਸਾਦੇ ਖਾਣੇ ਖੁਆ ਕੇ ਵੀ ਬਰਾਤੀਆਂ ਨੂੰ ਖ਼ੁਸ਼ ਕਰ ਕੇ ਭੇਜਣਾ। ਬਰਾਤ ਦੀ ਸੇਵਾ ਕਰਨੀ ਲੋਕ ਆਪਣੇ ਪਿੰਡ ਦੀ ਇੱਜ਼ਤ ਸਮਝਦੇ ਸਨ। ਦੂਜੇ ਪਾਸੇ ਅੱਜ-ਕੱਲ੍ਹ ਦੇ ਵਿਆਹ ਦੇਖ ਲਓ। ਉਨ੍ਹਾਂ




ਅਤੇ ਇਨ੍ਹਾਂ ਵਿਆਹਾਂ 'ਚ ਜ਼ਮੀਨ-ਅਸਮਾਨ ਦਾ ਫ਼ਰਕ ਪੈ ਚੁੱਕਾ ਹੈ। ਅਸੀਂ ਸਾਰੇ ਅੱਡੀਆਂ ਚੁੱਕ ਕੇ ਫਾਹਾ ਲੈਣ ਵਿਚ ਕੋਈ ਕਸਰ ਨਹੀਂ ਛੱਡ ਰਹੇ। ਕਰਜ਼ਾ ਚੁੱਕ ਕੇ ਮੈਰਿਜ ਪੈਲੇਸਾਂ ਵਿਚ ਵਿਆਹ ਕਰਨਾ ਆਪਣੀ ਟੌਹਰ ਸਮਝਣ ਲੱਗ ਪਏ ਹਾਂ। ਜਿਹੜਾ ਮੈਰਿਜ ਪੈਲੇਸ ਸਵੇਰੇ ਫੁੱਲਾਂ ਨਾਲ ਸਜਾਇਆ ਹੁੰਦਾ ਹੈ ਉਹ ਕੁਝ ਘੰਟਿਆਂ ਬਾਅਦ ਹੀ ਸ਼ਾਮ ਨੂੰ ਸੁੰਨ-ਮਸਾਨ ਹੋ ਜਾਂਦਾ ਹੈ। ਉੱਥੇ ਪਾਣੀ ਵਾਂਗ ਵਹਾਏ ਪੈਸੇ ਕਾਰਨ ਕਰਜ਼ੇ ਦੀ ਪੰਡ ਇੰਨੀ ਭਾਰੀ ਹੋ ਜਾਂਦੀ ਹੈ ਜੋ ਇਨਸਾਨ ਦੇ ਜਿਊਂਦੇ ਜੀਅ ਸਿਰ ਤੋਂ ਨਹੀਂ ਉਤਰਦੀ। ਕਈਆਂ ਲੋਕਾਂ ਦੇ ਮੂੰਹ ਵਿੱਚੋਂ ਇਹ ਸੁਣਨ ਨੂੰ ਮਿਲ ਜਾਂਦਾ ਹੈ ਕਿ ਵਿਆਹ ਕਿਹੜਾ ਰੋਜ਼-ਰੋਜ਼ ਕਰਨੇ ਹੁੰਦੇ ਨੇ। ਹੁਣ ਤਾਂ ਉਹ ਵੀ ਗੱਲ ਨਹੀਂ ਰਹੀ।

ਕਈ ਵਿਆਹ ਤਾਂ ਦਿਨਾਂ ਵਿਚ ਹੀ ਤਲਾਕਾਂ ਤਕ ਪਹੁੰਚ ਜਾਂਦੇ ਹਨ। ਚਲੋ ਵਿਆਹ ਤਾਂ ਖ਼ੁਸ਼ੀ ਦਾ ਪ੍ਰਤੀਕ ਹੈ। ਪਰ ਮਰਨਾ ਕਿਹੜੀ ਖ਼ੁਸ਼ੀ ਹੋਈ। ਹੁਣ ਲੋਕ ਮਰਗਾਂ ਵਾਲੇ ਸਮਾਗਮਾਂ 'ਤੇ ਵੀ ਵੱਡੇ-ਵੱਡੇ ਟੈਂਟ ਲਾਉਂਦੇ ਹਨ ਅਤੇ ਛੱਤੀ ਪ੍ਰਕਾਰ ਦੇ ਭੋਜਨ ਪਰੋਸਣ ਲੱਗ ਪਏ ਹਨ। ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਮਰਨ ਵਾਲੇ ਪ੍ਰਾਣੀ ਨੂੰ ਖ਼ੁਸ਼ ਕੀਤਾ ਜਾਂਦਾ ਹੈ ਜਾਂ ਫਿਰ ਲੋਕਾਂ ਵਿਚ ਆਪਣਾ ਵਡੱਪਣ ਵਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਮੀਰ ਲੋਕਾਂ ਦੀ ਰੀਸ ਕਰਦੇ ਗ਼ਰੀਬ ਵੀ ਰਗੜੇ ਜਾ ਰਹੇ ਹਨ। ਰਿਵਾਜਾਂ ਦੇ ਨਾਂ 'ਤੇ ਰਚੇ ਜਾ ਰਹੇ ਅਡੰਬਰਾਂ 'ਤੇ ਰੋਕ ਲੱਗਣੀ ਚਾਹੀਦੀ ਹੈ। ਸਮਾਜ ਸੇਵੀ ਸੰਸਥਾਵਾਂ ਨੂੰ ਫ਼ਜ਼ੂਲਖ਼ਰਚੀ ਰੋਕਣ ਵਾਸਤੇ ਅੱਗੇ ਆਉਣ ਦੀ ਜ਼ਰੂਰਤ ਹੈ।

# ਆਪਣੀ ਹੋਂਦ ਦੇ ਸੰਕਟ ਨਾਲ ਜੂਝ ਰਿਹਾ ਪਾਕਿਸਤਾਨ

**ਦਿੱਵਿਆ ਕੁਮਾਰ ਸੋਤੀ**

ਇਨ੍ਹੀਂ ਦਿਨੀਂ ਪਾਕਿਸਤਾਨ ਅਜਿਹੇ ਕਈ ਗੰਭੀਰ ਸੰਕਟਾਂ ਵਿਚ ਫਸਿਆ ਹੋਇਆ ਹੈ ਜੋ ਉਸ ਦੀ ਹੋਂਦ ਨੂੰ ਹੀ ਸੰਕਟ ਵਿਚ ਪਾ ਸਕਦੇ ਹਨ। ਪਾਕਿ ਤੋਂ ਆ ਰਹੀਆਂ ਵੀਡੀਓਜ਼ ਵਿਚ ਲੋਕਾਂ ਨੂੰ ਇਕ-ਇਕ ਬੋਰੀ ਅਨਾਜ ਲਈ ਮਾਰੋ-ਮਾਰੀ ਕਰਦੇ ਦੇਖਿਆ ਜਾ ਸਕਦਾ ਹੈ। ਪਾਕਿਸਤਾਨ ਵਿਚ ਭਾਰੀ ਆਰਥਿਕ ਤੇ ਖ਼ੁਰਾਕੀ ਸੰਕਟ ਹੈ। ਮਹਿੰਗਾਈ ਦਰ 25 ਫ਼ੀਸਦੀ ਦੇ ਲਾਗੇ ਹੈ ਤੇ ਪਾਕਿਸਤਾਨੀ ਰੁਪਏ ਦੀ ਕੀਮਤ ਲਗਾਤਾਰ ਡਿੱਗਦੀ ਜਾ ਰਹੀ ਹੈ। ਪਾਕਿ ਕਰੰਸੀ ਨੂੰ ਨਿਰੰਤਰ ਮਾਰ ਪਈ ਜਾਣ ਦੀ ਸੰਭਾਵਨਾ ਹੈ। ਦੀਵਾਲੀਆ ਹੋਣ ਤੋਂ ਬਚਣ ਲਈ ਪਾਕਿਸਤਾਨ ਦਰ-ਦਰ ਭਟਕਣ ਲਈ ਮਜਬੂਰ ਹੈ।

ਅਫ਼ਗਾਨਿਸਤਾਨ ਤੋਂ ਕਿਉਂਕਿ ਅਮਰੀਕੀ ਫ਼ੌਜ ਦੀ ਵਾਪਸੀ ਤੋਂ ਬਾਅਦ ਤੋਂ ਅਮਰੀਕਾ ਦੀ ਕੋਈ ਖ਼ਾਸ ਦਿਲਚਸਪੀ ਪਾਕਿਸਤਾਨ ਵਿਚ ਨਹੀਂ ਹੈ, ਇਸ ਲਈ ਉੱਥੋਂ ਵੱਡੀ ਵਿੱਤੀ ਸਹਾਇਤਾ ਮਿਲਣ ਦੀ ਉਮੀਦ ਘੱਟ ਹੈ। ਚੀਨ ਅਮਰੀਕਾ ਦੀ ਤਰ੍ਹਾਂ ਸਹਾਇਤਾ ਨਾ ਦੇ ਕੇ ਕਰਜ਼ਾ ਦਿੰਦਾ ਹੈ। ਪਾਕਿਸਤਾਨੀ ਨੇਤਾ ਭਾਵੇਂ ਹੀ ਚੀਨ-ਪਾਕਿਸਤਾਨ ਦੀ ਦੋਸਤੀ ਨੂੰ ਹਿਮਾਲਿਆ ਤੋਂ ਉੱਚੀ ਤੇ ਸਮੁੰਦਰ ਤੋਂ ਡੂੰਘੀ ਦੱਸਣ ਪਰ ਉਹ ਚੀਨ 'ਤੇ ਵਧਦੀ ਆਰਥਿਕ ਨਿਰਭਰਤਾ ਦੇ ਖ਼ਤਰਿਆਂ ਤੋਂ ਚੰਗੀ ਤਰ੍ਹਾਂ ਜਾਣੂ ਹਨ। ਉੱਪਰੋਂ ਕੋਹੜ ਵਿਚ ਖਾਜ ਦੀ ਤਰ੍ਹਾਂ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਅਰਥਾਤ ਟੀਟੀਪੀ ਨੇ ਪਾਕਿਸਤਾਨੀ ਸਰਕਾਰ ਅਤੇ ਫ਼ੌਜ ਵਿਰੁੱਧ ਫਿਰ ਤੋਂ ਜੰਗ ਛੇੜ ਦਿੱਤੀ ਹੈ। ਉਸ ਨੇ ਕੁਝ ਬਲੋਚ ਬਾਗ਼ੀ ਧੜਿਆਂ ਨਾਲ ਵੀ ਹੱਥ ਮਿਲਾ ਲਿਆ ਹੈ। ਗਿਲਗਿਤ-ਬਾਲਿਟਸਤਾਨ ਵਿਚ ਅਲੱਗ ਪਾਕਿਸਤਾਨ ਨੂੰ ਲੈ ਕੇ ਪ੍ਰਦਰਸ਼ਨ ਹੋ ਰਹੇ ਹਨ। ਇਹ ਸਭ ਉਹੀ ਇਲਾਕੇ ਹਨ ਜਿੱਥੇ ਚੀਨ ਨੇ ਚੀਨ-ਪਾਕਿਸਤਾਨ ਆਰਥਿਕ ਗਲਿਆਰੇ ਅਰਥਾਤ ਸੀਪੈਕ ਵਿਚ ਭਾਰੀ ਨਿਵੇਸ਼ ਕੀਤਾ ਹੈ। ਅਫ਼ਗਾਨਿ-ਸਤਾਨ ਵਿਚ ਤਾਲਿਬਾਨ ਦੇ ਸੱਤਾ ਵਿਚ ਆਉਣ ਤੋਂ ਬਾਅਦ ਤੋਂ ਅਫ਼ਗਾਨਿਸਤਾਨ-ਪਾਕਿਸਤਾਨ ਵਿਚ ਚੀਨੀ ਹਿੱਤਾਂ 'ਤੇ ਹਮਲੇ ਵਧੇ ਹਨ। ਅਜਿਹੇ ਵਿਚ ਦਿਸਦਾ ਨਹੀਂ ਕਿ ਚੀਨ ਇੱਥੇ ਆਪਣਾ ਨਿਵੇਸ਼ ਵਧਾਉਂਦਾ ਜਾਵੇਗਾ। ਫ਼ਿਲਹਾਲ ਪਾਕਿਸਤਾਨ ਸਰਕਾਰ ਦੀਵਾਲੀਆ ਹੋਣ ਤੋਂ ਬਚਣ ਲਈ ਅਰਬ ਦੇਸ਼ਾਂ ਦੀ ਪਨਾਹ ਵਿਚ ਹੈ। ਉਸ ਨੂੰ ਉੱਥੋਂ ਕੁਝ ਫੌਰੀ ਰਾਹਤ ਵੀ ਮਿਲੀ ਹੈ ਪਰ ਉਹ ਬਸ ਇੰਨੀ ਹੈ ਕਿ ਜੋ ਰੋਜ਼ਾਨਾ ਸਰਕਾਰੀ ਖ਼ਰਚ ਨੂੰ ਤਾਂ ਚਲਾ ਸਕਦੀ ਹੈ ਪਰ ਪਾਕਿਸਤਾਨੀ ਜਨਤਾ ਦੀ ਬਦਹਾਲ ਹਾਲਤ ਵਿਚ ਕੋਈ ਖ਼ਾਸ ਸੁਧਾਰ ਨਹੀਂ ਲਿਆ ਸਕਦੀ। ਪਾਕਿਸਤਾਨ ਦਾ ਅਰਥਚਾਰਾ ਉਸ ਮਰੀਜ਼ ਦੀ ਤਰ੍ਹਾਂ ਹੋ ਚੁੱਕਾ ਹੈ ਜੋ ਮੁਰਦੇ ਦੇ ਸਮਾਨ ਹੀ ਹੈ ਪਰ ਵੈਂਟੀਲੇਟਰ ਲਗਾ ਕੇ ਉਸ ਨੂੰ ਰਸਮੀ ਤੌਰ 'ਤੇ ਮ੍ਰਿਤਕ ਐਲਾਨ ਕੀਤੇ ਜਾਣ ਤੋਂ ਬਚਾ ਕੇ ਰੱਖਿਆ ਗਿਆ ਹੈ।



ਪਾਕਿਸਤਾਨ ਦੇ ਸਾਊਦੀ ਅਰਬ ਅਤੇ ਯੂਏਈ ਨਾਲ ਸਬੰਧ ਇਸ ਲਈ ਵਿਗੜੇ ਸਨ ਕਿਉਂਕਿ ਉਸ ਨੇ ਯਮਨ ਵਿਚ ਈਰਾਨ ਸਮਰਥਿਤ ਹਾਊਤੀ ਸ਼ਿਆ ਵਿਦਰੋਹੀਆਂ ਵਿਰੁੱਧ ਇਨ੍ਹਾਂ ਦੇਸ਼ਾਂ ਦੀ ਫ਼ੌਜੀ ਕਾਰਵਾਈ ਵਿਚ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਹੁਣ ਇਸ ਸਹਾਇਤਾ ਦੇ ਬਦਲੇ ਸਾਊਦੀ ਧੜਾ ਪਾਕਿਸਤਾਨ ਦੀ ਈਰਾਨ ਨਾਲ ਲੱਗਦੀ ਸਰਹੱਦ 'ਤੇ ਤਣਾਅ ਵਧਾ ਸਕਦਾ ਹੈ। ਅਜਿਹੇ ਵਿਚ ਪਾਕਿਸਤਾਨ ਦੀ ਪੱਛਮੀ ਸਰਹੱਦ 'ਤੇ ਗੰਭੀਰ ਸੁਰੱਖਿਆ ਚੁਣੌਤੀਆਂ ਉਤਪੰਨ ਹੋਣ ਦਾ ਖ਼ਦਸ਼ਾ ਹੈ। ਓਥੇ ਹੀ ਅਫ਼ਗਾਨ ਤਾਲਿਬਾਨ ਅਤੇ ਪਸ਼ਤੂਨ ਇਲਾਕਿਆਂ ਵਿਚ ਪਾਕਿਸਤਾਨ ਦੇ ਵਿਰੁੱਧ ਜੰਗ ਛੇੜ ਕੇ ਬੈਠੇ ਪਾਕਿਸਤਾਨ ਤਾਲਿਬਾਨ ਖ਼ੁਦ ਨੂੰ ਪਾਕਿਸਤਾਨੀ ਫ਼ੌਜ ਤੋਂ ਵੱਧ ਸ਼ੁੱਧ ਮੁਸਲਮਾਨ ਸਮਝਦੇ ਹਨ ਅਤੇ ਅੰਗਰੇਜ਼ਾਂ ਦੀ ਪਸ਼ਤੂਨ ਇਲਾਕੇ ਨੂੰ ਦੋਫਾੜ ਕਰ ਕੇ ਖਿੱਚੀ ਡੂਰੰਡ ਰੇਖਾ ਅਰਥਾਤ ਅਫ਼ਗਾਨਿਸਤਾਨ-ਪਾਕਿਸਤਾਨ ਸਰਹੱਦ ਨੂੰ ਸਮਾਪਤ ਕਰ ਕੇ ਇਕ ਵੱਡਾ ਇਸਲਾਮੀ ਰਾਜ ਖੜ੍ਹਾ ਕਰਨ ਦੇ ਸੁਪਨੇ ਦੇਖ ਰਹੇ ਹਨ। ਇਹ ਪਾਕਿਸਤਾਨ ਦੇ ਖੇਤਰ 'ਤੇ ਅਧਿਕਾਰ ਨੂੰ ਖੁੱਲ੍ਹੀ ਚੁਣੌਤੀ ਹੈ। ਪਾਕਿਸਤਾਨ ਸਰਕਾਰ ਤਾਲਿਬਾਨ 'ਤੇ ਦੋਸ਼ ਲਗਾ ਰਹੀ ਹੈ ਕਿ ਟੀਟੀਪੀ ਦੇ ਹਜ਼ਾਰਾਂ ਅੱਤਵਾਦੀਆਂ ਨੂੰ ਅਫ਼ਗਾਨਿਸਤਾਨ ਵਿਚ ਸ਼ਰਨ ਮਿਲ ਰਹੀ ਹੈ ਜੋ ਉਸ ਦੇ ਇੱਥੇ ਲਗਾਤਾਰ ਹਮਲੇ ਕਰ ਰਹੇ ਹਨ।

ਪਾਕਿਸਤਾਨ ਨੇ ਤਾਲਿਬਾਨ ਦੇ ਸ਼ਾਸਨ ਵਿਚ ਆਉਣ ਨਾਲ ਅਫ਼ਗਾਨਿਸਤਾਨ 'ਚ ਜਿਸ ਫ਼ੌਜੀ ਚੜ੍ਹਤ ਦੀ ਉਮੀਦ ਲਗਾਈ ਸੀ, ਸਥਿਤੀ ਉਸ ਦੇ ਉਲਟ ਬਣ ਰਹੀ ਹੈ। ਫ਼ੌਜੀ ਚੜ੍ਹਤ ਪਾਕਿਸਤਾਨ ਨੂੰ ਅਫ਼ਗਾਨਿਸਤਾਨ 'ਚ ਨਹੀਂ, ਉਲਟੀ ਤਾਲਿਬਾਨ ਨੂੰ ਪਾਕਿ ਵਿਚ ਮਿਲੀ ਹੈ ਜੋ ਪਸ਼ਤੂਨ ਇਲਾਕਿਆਂ ਵਿਚ ਪਾਕਿਸਤਾਨੀ ਕੰਟਰੋਲ ਨੂੰ ਵਿਵਹਾਰਕ ਮਾਅਨਿਆਂ ਵਿਚ ਸਮਾਪਤ ਕਰ ਰਹੀ ਹੈ। ਅਫ਼ਗਾਨਿਸਤਾਨ ਫ਼ਿਲਹਾਲ ਪਾਕਿ 'ਤੇ ਸਿਰਫ਼ ਇਸ ਲਈ ਨਿਰਭਰ ਹੈ ਕਿਉਂਕਿ ਉਸ ਕੋਲ ਸਮੁੰਦਰ ਤਕ ਪਹੁੰਚ ਨਹੀਂ ਹੈ। ਉਹ ਸਪਲਾਈ ਲਈ ਪਾਕਿਸਤਾਨੀ ਬੰਦਰਗਾਹਾਂ 'ਤੇ ਨਿਰਭਰ ਹੈ। ਇਸੇ ਕਾਰਨ ਪਾਕਿਸਤਾਨ ਤਾਲਿਬਾਨ 'ਤੇ ਟੀਟੀਪੀ ਨੂੰ ਲੈ ਕੇ ਦਬਾਅ ਬਣਾਉਣ 'ਚ ਕਾਮਯਾਬ ਰਹਿੰਦਾ ਹੈ ਪਰ ਤਾਲਿਬਾਨ ਨੇ ਨਾ ਤਾਂ ਟੀਟੀਪੀ ਤੋਂ ਦੂਰੀ ਬਣਾਈ ਹੈ ਅਤੇ ਨਾ ਹੀ ਡੂਰੰਡ ਰੇਖਾ ਨੂੰ ਮਾਨਤਾ ਦਿੱਤੀ ਹੈ। ਜੇ ਤਾਲਿਬਾਨ ਆਰਥਿਕ ਤੌਰ 'ਤੇ ਕਮਜ਼ੋਰ ਹੁੰਦੇ ਪਾਕਿਸਤਾਨ ਦੀ ਹਾਲਤ ਦਾ ਲਾਹਾ ਚੁੱਕ ਕੇ ਡੂਰੰਡ ਰੇਖਾ ਦੇ ਦੋਵੇਂ ਪਾਸੀਂ ਪਸ਼ਤੂਨ ਇਲਾਕਿਆਂ 'ਤੇ ਹੌਲੀ-ਹੌਲੀ ਆਪਣਾ ਕਬਜ਼ਾ ਕਰ ਕੇ ਸ਼ਿਆ ਈਰਾਨ ਦੀ ਤਰਜ਼ 'ਤੇ ਇਕ ਕੱਟੜ ਸੁੰਨੀ ਮੁਲਕ ਬਣਾਉਣ ਦੀ ਕੋਸ਼ਿਸ਼ ਕਰੇ ਤਾਂ ਹੈਰਾਨੀ ਨਹੀਂ। ਜੇ ਅਜਿਹਾ ਹੋਇਆ ਤਾਂ ਪਾਕਿ ਕਾਗਜ਼ਾਂ 'ਤੇ ਇਕ ਦੇਸ਼ ਭਾਵੇਂ ਹੀ ਬਣਿਆ ਰਹੇ ਪਰ ਉਸ ਦੇ ਕਈ ਭੂ-ਭਾਗਾਂ 'ਤੇ ਇਸਲਾਮਾਬਾਦ ਦਾ ਜ਼ਮੀਨੀ ਕਬਜ਼ਾ ਨਹੀਂ ਹੋਵੇਗਾ। ਇਹ ਸਥਿਤੀ ਸੋਮਾਲੀਆ ਨਾਲ ਮਿਲਦੀ-ਜੁਲਦੀ ਹੋਵੇਗੀ।

ਸੰਨ 1971 ਵਿਚ ਪੂਰਬੀ ਪਾਕਿਸਤਾਨ ਦੇ ਉਪਜਾਊ ਇਲਾਕੇ ਗੁਆਉਣ ਤੋਂ ਬਾਅਦ ਜੇਕਰ ਪੰਜਾਬ ਤੇ ਸਿੰਧ ਦੇ ਕੁਝ ਇਲਾਕਿਆਂ ਨੂੰ ਛੱਡ ਦੇਈਏ ਤਾਂ ਵਰਤਮਾਨ ਦੇ ਪਾਕਿਸਤਾਨੀ ਇਲਾਕੇ ਆਰਥਿਕ ਮਾਮਲਿਆਂ ਵਿਚ ਇਤਿਹਾਸਕ ਤੌਰ 'ਤੇ ਗੰਗਾ-ਯਮੁਨਾ ਦੇ ਮੈਦਾਨਾਂ ਅਤੇ ਪ੍ਰਾਚੀਨ ਸਿਲਕ ਰੂਟ 'ਤੇ ਹੀ ਨਿਰਭਰ ਰਹੇ ਹਨ। ਸੀਪੈਕ ਜ਼ਰੀਏ ਰੇਸ਼ਮ ਮਾਰਗ ਨੂੰ ਪੁਨਰ-ਜੀਵਤ ਕਰਨ ਦੀ ਕੋਸ਼ਿਸ਼ ਪਾਕਿਸਤਾਨ ਵਿਚ ਫੈਲਦੇ ਮਜ਼ਹਬੀ ਖ਼ੌਫ਼ ਅਤੇ ਵੱਖ-ਵੱਖ ਵੱਖਵਾਦੀ ਅੰਦੋਲਨਾਂ ਦੀ ਭੇਟ ਚੜ੍ਹਦੀ ਦਿਸਦੀ ਹੈ। ਅਜਿਹੇ ਵਿਚ ਭਾਰਤ ਦੇ ਇਲਾਵਾ ਪਾਕਿਸਤਾਨ ਨੂੰ ਡੁੱਬਣ ਤੋਂ ਕੋਈ ਨਹੀਂ ਬਚਾ ਸਕਦਾ। ਇਹ ਗੱਲ ਪਾਕਿਸਤਾਨ ਵਿਚ ਕੁਝ ਬੁੱਧੀਜੀਵੀ ਖੁੱਲ੍ਹ ਕੇ ਕਹਿਣ ਵੀ ਲੱਗੇ ਹਨ ਪਰ ਫ਼ਿਲਹਾਲ ਭਾਰਤ ਦੇ ਹਿੱਤ ਵਿਚ ਇਹੀ ਹੈ ਕਿ ਉਹ ਪਾਕਿਸਤਾਨ ਪ੍ਰਤੀ ਉਦਾਸੀਨ ਰਹਿੰਦੇ ਹੋਏ ਆਪਣੀ ਸਰਹੱਦੀ ਸੁਰੱਖਿਆ ਵਿਚ ਨਿਵੇਸ਼ ਵਧਾਏ ਤਾਂ ਕਿ ਪਾਕਿਸਤਾਨ ਦੀ ਵਿਗੜਦੀ ਆਰਥਿਕ ਸਥਿਤੀ ਅਤੇ ਭੁੱਖਮਰੀ ਦੇ ਮੱਦੇਨਜ਼ਰ ਭਵਿੱਖ ਦੇ ਕਿਸੇ ਸ਼ਰਨਾਰਥੀ ਸੰਕਟ ਨਾਲ ਨਜਿੱਠਿਆ ਜਾ ਸਕੇ। ਸਾਡੀ ਪਾਕਿਸਤਾਨ ਪ੍ਰਤੀ ਨੀਤੀ ਇਸ ਤੱਥ 'ਤੇ ਆਧਾਰਤ ਹੋਣੀ ਚਾਹੀਦੀ ਹੈ ਕਿ ਉਹ ਇਕ ਆਮ ਸਮਾਜ ਅਤੇ ਦੇਸ਼ ਨਹੀਂ ਅਤੇ ਭਾਰਤ ਦੀ ਤਬਾਹੀ ਪਹਿਲੇ ਦਿਨ ਤੋਂ ਹੀ ਉਸ ਦਾ ਮਿਸ਼ਨ ਰਿਹਾ ਹੈ। ਪਾਕਿਸਤਾਨ ਦੀ ਮਦਦ ਲਈ ਉਦੋਂ ਤਕ ਹੱਥ ਨਹੀਂ ਵਧਾਇਆ ਜਾ ਸਕਦਾ ਜਦ ਤਕ ਆਰਥਿਕ ਅਤੇ ਅੰਦਰੂਨੀ ਸੁਰੱਖਿਆ ਸੰਕਟ ਉਸ ਦੀ ਸੋਚ ਅਤੇ ਵਿਵਹਾਰ ਵਿਚ ਮਾੜੇ-ਮੋਟੇ ਬਦਲਾਅ ਨਾ ਲਿਆ ਦੇਣ। ਜੇਕਰ ਅਸੀਂ ਕੋਈ ਜਲਦਬਾਜ਼ੀ ਕਰਨ ਤੋਂ ਬਚੀਏ ਤਾਂ ਪਾਕਿਸਤਾਨ ਨੂੰ ਲੈ ਕੇ ਇਕ ਵਾਰ ਫਿਰ ਕਿਸੇ ਵੱਡੇ ਇਤਿਹਾਸਕ ਬਦਲਾਅ ਦਾ ਰਾਹ ਖੁੱਲ੍ਹ ਸਕਦਾ ਹੈ। ਭਾਰਤ ਨੂੰ ਪਾਕਿਸਤਾਨ ਦੀ ਸਹਾਇਤਾ ਅੰਤਿਮ ਪਲਾਂ ਵਿਚ ਕਿਸੇ ਵੱਡੇ ਬਦਲਾਅ ਦੇ ਬਦਲੇ ਹੀ ਕਰਨੀ ਚਾਹੀਦੀ ਹੈ ਕਿਉਂਕਿ ਇਤਿਹਾਸ ਦੱਸਦਾ ਹੈ ਕਿ ਪਾਕਿਸਤਾਨ ਪਰਉਪਕਾਰ ਵਾਲੀ ਭਾਵਨਾ ਦਾ ਸਨਮਾਨ ਨਹੀਂ ਕਰਦਾ ਅਤੇ ਉਸ ਨੇ ਮੌਕਾ ਮਿਲਦੇ ਹੀ ਭਾਰਤ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਉਹ ਹਰ ਕੌਮਾਂਤਰੀ ਮੰਚ 'ਤੇ ਕਸ਼ਮੀਰ ਦਾ ਮੁੱਦਾ ਚੁੱਕਦਾ ਰਹਿੰਦਾ ਹੈ। ਉਹ ਆਪਣੇ ਇੱਥੇ ਅੱਤਵਾਦੀ ਕੈਂਪ ਲਾ ਕੇ ਅੱਤਵਾਦੀਆਂ ਨੂੰ ਹਥਿਆਰਾਂ ਨਾਲ ਲੈਸ ਕਰ ਕੇ ਜੰਮੂ-ਕਸ਼ਮੀਰ ਵਿਚ ਭੇਜਦਾ ਰਹਿੰਦਾ ਹੈ ਜਿਸ ਕਾਰਨ ਉੱਥੇ ਨਿੱਤ ਕਤਲੋ-ਗਾਰਤ ਹੁੰਦੀ ਰਹਿੰਦੀ ਹੈ। ਪਾਕਿਸਤਾਨ ਦੀਆਂ ਮਾੜੀਆਂ ਚਾਲਾਂ ਕਾਰਨ ਬੇਗੁਨਾਹ ਲੋਕਾਂ ਤੇ ਸੁਰੱਖਿਆ ਬਲਾਂ ਦੀਆਂ ਜਾਨਾਂ ਜਾ ਰਹੀਆਂ ਹਨ। ਇਹੀ ਨਹੀਂ, ਪਾਕਿਸਤਾਨ ਭਾਰਤ ਦੇ ਕੱਟੜ ਦੁਸ਼ਮਣ ਚੀਨ ਦਾ ਪਿੱਠੂ ਬਣ ਕੇ ਉਸ ਦੀਆਂ ਉਂਗਲਾਂ 'ਤੇ ਨੱਚ ਰਿਹਾ ਹੈ। ਭਾਰਤ ਨੂੰ ਇੱਕੋ ਵੇਲੇ ਦੋ ਮੁਹਾਜ਼ਾਂ-ਚੀਨ ਤੇ ਪਾਕਿਸਤਾਨ ਦੀ ਸਰਹੱਦ 'ਤੇ ਲੜਨਾ ਪੈ ਰਿਹਾ ਹੈ। ਹੁਣ ਜਿਸ ਸੰਕਟ ਵਿਚ ਪਾਕਿਸਤਾਨ ਫਸ ਚੁੱਕਾ ਹੈ, ਉਸ ਤੋਂ ਜੇ ਉਸ ਨੇ ਬਾਹਰ ਨਿਕਲਣਾ ਹੈ ਤਾਂ ਅਮਰੀਕਾ ਅਤੇ ਚੀਨ ਦਾ ਖਹਿੜਾ ਛੱਡ ਕੇ ਪੂਰੀ ਇਮਾਨਦਾਰੀ ਨਾਲ ਭਾਰਤ ਦਾ ਪੱਲਾ ਫੜਨਾ ਚਾਹੀਦਾ ਹੈ। ਇਸੇ ਵਿਚ ਉਸ ਦੀ ਭਲਾਈ ਹੈ। ਨਹੀਂ ਤਾਂ ਉਸ ਦਾ ਤਬਾਹ ਹੋਣਾ ਤੈਅ ਹੈ।

# ਜੇਸਿੰਡਾ ਆਰਡਰਨ ਤੋਂ ਨੈਤਿਕ ਸਬਕ ਸਿੱਖਣ ਦੀ ਲੋੜ

ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੇਸਿੰਡਾ ਆਰਡਰਨ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਦੇ ਇਸ ਅਸਤੀਫ਼ੇ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ ਹੈ। ਅਜਿਹਾ ਇਸ ਕਰਕੇ ਨਹੀਂ ਹੋਇਆ ਕਿ ਕੋਈ ਜੱਗੋਂ ਤੇਰ੍ਹਵੀਂ ਗੱਲ ਵਾਪਰ ਗਈ ਹੈ, ਸਗੋਂ ਉਨ੍ਹਾਂ ਦੇ ਅਸਤੀਫ਼ੇ ਦੀ ਸ਼ਬਦਾਵਲੀ ਤੋਂ ਸੂਝਵਾਨ ਤਬਕਾ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਆਪਣਾ ਇਹ ਵੱਕਾਰੀ ਅਹੁਦਾ ਛੱਡਣ ਵਾਲੇ ਰਸਮੀ ਪੱਤਰ 'ਚ ਲਿਖਿਆ ਹੈ ਕਿ ''ਵੱਡੇ ਤੇ ਮਰਿਆਦਾ-ਪੂਰਨ ਅਹੁਦੇ ਨੂੰ ਜ਼ਿੰਮੇਵਾਰੀ ਨਾਲ ਸੰਭਾਲਣਾ ਪੈਂਦਾ ਹੈ। ਅਜਿਹੇ ਵੇਲੇ ਤੁਹਾਨੂੰ ਇਹ ਪਤਾ ਹੁੰਦਾ ਹੈ ਕਿ ਤੁਸੀਂ ਅਜਿਹਾ ਅਹੁਦਾ ਸੰਭਾਲਣ ਦੇ ਯੋਗ ਹੋ ਜਾਂ ਨਹੀਂ। ਮੈਨੂੰ ਪਤਾ ਹੈ ਕਿ ਇਸ ਅਹੁਦੇ 'ਤੇ ਰਹਿੰਦਿਆਂ ਕੀ ਕੁਝ ਕਰਨਾ ਚਾਹੀਦਾ ਹੈ ਅਤੇ ਮੈਨੂੰ ਇਹ ਵੀ ਪਤਾ ਹੈ ਕਿ ਮੇਰੇ ਵਿਚ ਹੁਣ ਇਸ ਅਹੁਦੇ ਨਾਲ ਇਨਸਾਫ਼ ਕਰਨ ਦੀ ਸਮਰੱਥਾ ਨਹੀਂ ਬਚੀ। ਬਸ ਇੰਨੀ ਕੁ ਗੱਲ ਹੈ।''



ਅਸਤੀਫ਼ੇ ਦਾ ਮੂਲ-ਪਾਠ ਕਾਫ਼ੀ ਲੰਬਾ ਹੈ ਤੇ ਉਸ 'ਚ ਉਨ੍ਹਾਂ ਨੇ ਇਹੋ ਸਮਝਾਇਆ ਹੈ ਕਿ ਉਹ ਹੁਣ ਦੁਬਾਰਾ ਚੋਣ ਵੀ ਨਹੀਂ ਲੜਨਗੇ ਤੇ ਸਿਰਫ਼ 7 ਫਰਵਰੀ ਤਕ ਆਪਣਾ ਅਹੁਦਾ ਸੰਭਾਲਣਗੇ। ਉਹ ਦੁਨੀਆ ਦੇ ਦੂਜੇ ਅਜਿਹੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਕਿਸੇ ਦੇਸ਼ ਦਾ ਸਰਬਉੱਚ ਅਹੁਦਾ ਸੰਭਾਲਦਿਆਂ ਬੱਚੇ ਨੂੰ ਜਨਮ ਦਿੱਤਾ ਸੀ। ਅਜਿਹੀ ਪਹਿਲੀ ਪ੍ਰਧਾਨ ਮੰਤਰੀ ਪਾਕਿਸਤਾਨ ਦੀ ਬੇਨਜ਼ੀਰ ਭੁੱਟੋ ਸੀ ਜਿਸ ਨੇ 1990 'ਚ ਬੱਚੇ ਨੂੰ ਪੈਦਾ ਕੀਤਾ ਸੀ। ਜੇਸਿੰਡਾ ਦੀ ਲੇਬਰ ਪਾਰਟੀ ਨੇ ਦੋ ਵਰ੍ਹੇ ਪਹਿਲਾਂ ਚੋਣਾਂ ਦੌਰਾਨ ਦੂਜੀ ਵਾਰ ਸ਼ਾਨਦਾਰ ਜਿੱਤ ਦਰਜ ਕੀਤੀ ਸੀ ਤੇ ਤਦ 24 ਸਾਲਾਂ ਪਿੱਛੋਂ ਦੇਸ਼ ਦੇ ਕਿਸੇ ਲੀਡਰ ਨੂੰ ਪੂਰਨ ਬਹੁਮੱਤ ਹਾਸਲ ਹੋਇਆ ਸੀ। ਦਰਅਸਲ, 1996 'ਚ ਅਨੁਪਾਤਕ ਵੋਟਿੰਗ ਪ੍ਰਣਾਲੀ ਅਪਨਾਉਣ ਤੋਂ ਬਾਅਦ ਕੋਈ ਵੀ ਨੇਤਾ ਅਜਿਹਾ ਬਹੁਮੱਤ ਹਾਸਲ ਹੀ ਨਹੀਂ ਸੀ ਕਰ ਸਕਿਆ। ਅਗਲੇ ਮਹੀਨੇ ਤੋਂ ਪਹਿਲਾਂ ਇਹ ਵੀ ਪਤਾ ਨਹੀਂ ਲੱਗ ਸਕਦਾ ਕਿ ਨਿਊਜ਼ੀਲੈਂਡ ਦਾ ਅਗਲੇਰਾ ਪ੍ਰਧਾਨ ਮੰਤਰੀ ਕੌਣ ਹੋਵੇਗਾ ਪਰ ਦੱਸਿਆ ਇਹੋ ਜਾ ਰਿਹਾ ਹੈ ਕਿ ਚਾਰ ਸਭ ਤੋਂ ਵੱਧ ਹਰਮਨਪਿਆਰੇ ਮੰਤਰੀਆਂ ਕ੍ਰਿਸ ਹਿਪਕਿਨਜ਼, ਨਾਨੱਈਆ ਮਾਹੂਤਾ, ਮਾਈਕਲ ਵੁੱਡ ਤੇ ਕਿਰੀ ਐਲਨ 'ਚੋਂ ਕੋਈ ਇਕ ਹੋ ਸਕਦਾ ਹੈ। ਹੁਣ ਤਾਜ਼ਾ ਸਰਵੇਖਣਾਂ ਅਨੁਸਾਰ ਇਹ ਸੱਤਾਧਾਰੀ ਪਾਰਟੀ ਇਸ ਵੇਲੇ ਆਪਣੀ ਵਿਰੋਧੀ ਕੰਜ਼ਰਵੇਟਿਵ ਪਾਰਟੀ ਤੋਂ ਪਿੱਛੇ ਚੱਲ ਰਹੀ ਹੈ। ਮਾਰਚ 2019 'ਚ ਜਦੋਂ ਇਕ 'ਸਿਰਫਿਰੇ ਗੋਰੇ' ਨੇ ਕ੍ਰਾਈਸਟਚਰਚ ਨਗਰ ਦੀਆਂ ਦੋ ਮਸਜਿਦਾਂ 'ਚ ਅੰਨ੍ਹੇਵਾਹ ਗੋਲ਼ੀਆਂ ਚਲਾ ਕੇ 51 ਜਾਨਾਂ ਲੈ ਲਈਆਂ ਸਨ ਤਦ ਵੀ ਜੇਸਿੰਡਾ ਨੇ ਜਿੰਨੇ ਠਰ੍ਹੰਮੇ ਨਾਲ ਆਪਣੇ ਪ੍ਰਸ਼ਾਸਕੀ ਕਮਾਲ ਵਿਖਾਏ ਸਨ, ਉਹ ਆਪਣੀ ਮਿਸਾਲ ਆਪ ਸਨ। ਉਨ੍ਹਾਂ ਨੇ ਮੁਸਲਿਮ ਭਾਈਚਾਰੇ ਨਾਲ ਹਮਦਰਦੀ ਪ੍ਰਗਟਾਈ ਸੀ ਤੇ ਟੀਵੀ 'ਤੇ ਭਾਸ਼ਣਾਂ ਦੌਰਾਨ ਇਸਲਾਮਿਕ ਹਿਜਾਬ ਵਾਂਗ ਸਿਰ 'ਤੇ ਸਕਾਰਫ ਵੀ ਬੰਨ੍ਹਿਆ ਸੀ ਤਾਂ ਜੋ ਪੀੜਤ ਲੋਕ ਉਸ ਅੱਤਵਾਦੀ ਹਮਲੇ ਪਿੱਛੋਂ ਖ਼ੁਦ ਨੂੰ ਇਕੱਲੇ-ਕਾਰੇ ਨਾ ਸਮਝਣ। ਜੇਸਿੰਡਾ ਨੇ ਤਦ ਤੁਰਤ-ਫੁਰਤ ਕਾਰਵਾਈ ਕਰਦਿਆਂ ਆਪਣੇ ਦੇਸ਼ ਦੇ ਗੰਨ-ਕਾਨੂੰਨਾਂ 'ਚ ਸੁਧਾਰ ਲਿਆਂਦਾ ਸੀ। ਕੋਵਿਡ-19 ਮਹਾਮਾਰੀ ਵੇਲੇ ਵੀ ਉਨ੍ਹਾਂ ਨੇ ਜਿੰਨੇ ਵਧੀਆ ਤਰੀਕੇ ਨਾਲ ਆਪਣੇ ਦੇਸ਼ ਵਾਸੀਆਂ ਨੂੰ ਸੰਭਾਲਿਆ ਸੀ, ਉਹ ਆਪਣੀ ਮਿਸਾਲ ਆਪ ਸੀ। ਉਨ੍ਹਾਂ ਨੇ ਵਿਦੇਸ਼ੀਆਂ ਲਈ ਆਪਣੀਆਂ ਸਰਹੱਦਾਂ ਅਗਸਤ 2022 'ਚ ਜਾ ਕੇ ਖੋਲ੍ਹੀਆਂ ਸਨ; ਇਹੋ ਕਾਰਨ ਹੈ ਕਿ ਇਹ ਵਾਇਰਸ ਨਿਊਜ਼ੀਲੈਂਡ ਦੇ ਕੇਵਲ 2,437 ਕੋਵਿਡ ਮਰੀਜ਼ਾਂ ਦੀਆਂ ਜਾਨਾਂ ਲੈ ਸਕਿਆ। ਕੁਝ ਵੀ ਹੋਵੇ, ਦੁਨੀਆ ਦੇ ਸਾਰੇ ਸਿਆਸੀ ਲੀਡਰਾਂ ਨੂੰ ਜੇਸਿੰਡਾ ਆਰਡਰਨ ਤੋਂ ਇਮਾਨਦਾਰਾਨਾ ਨੈਤਿਕ ਸਬਕ ਲੈਣ ਦੀ ਜ਼ਰੂਰਤ ਹੈ।

# ਗਵਰਨਰ ਅਤੇ ਮੁੱਖ ਮੰਤਰੀ ਵਿਚਕਾਰ ਟਕਰਾਅ ਕਿਉਂ ਹੁੰਦਾ ਹੈ?

ਰਾਧਿਕਾ ਰਾਮਾਸ਼ੇਸ਼ਨ

ਕਿਸੇ ਸੂਬਾਈ ਸਰਕਾਰ ਅਤੇ ਉੱਥੋਂ ਦੇ ਰਾਜਪਾਲ ਵਿਚਕਾਰ ਕਸ਼ਮਕਸ਼ ਅਕਸਰ ਚਲਦੀ ਰਹਿੰਦੀ ਹੈ ਕਿਉਂਕਿ ਰਾਜਪਾਲ ਦੇ ਅਹੁਦੇ 'ਤੇ ਬੈਠੇ ਵਿਅਕਤੀ ਨੂੰ ਰਾਸ਼ਟਰਪਤੀ ਵੱਲੋਂ ਜਿਸ ਸੂਬੇ ਵਿੱਚ ਥਾਪਿਆ ਜਾਂਦਾ ਹੈ, ਉਸ ਨੂੰ 'ਦਿੱਲੀ ਸਲਤਨਤ' ਦੇ ਵਾਇਸਰਾਏ ਦੇ ਤੌਰ 'ਤੇ ਦੇਖਿਆ ਜਾਂਦਾ ਹੈ ਜਿਸ ਦਾ ਮੰਤਵ ਉਸ ਸੂਬੇ ਨੂੰ 'ਬਸਤੀ' ਬਣਾਉਣਾ ਹੁੰਦਾ ਹੈ। ਰਾਜਪਾਲ ਤੇ ਮੁੱਖ ਮੰਤਰੀ ਦਾ ਰਿਸ਼ਤਾ ਉਨ੍ਹਾਂ ਸੂਬਿਆਂ ਵਿਚ ਖ਼ਾਸ ਤੌਰ 'ਤੇ ਪਰੇਸ਼ਾਨੀ ਦਾ ਸਬੱਬ ਬਣ ਜਾਂਦਾ ਹੈ ਜਿੱਥੇ ਉਨ੍ਹਾਂ ਪਾਰਟੀਆਂ ਜਾਂ ਗੱਠਜੋੜ ਦਾ ਰਾਜ ਹੋਵੇ ਜਿਨ੍ਹਾਂ ਦੀ ਕੇਂਦਰ ਵਿੱਚ ਸੱਤਾਧਾਰੀ ਪਾਰਟੀ ਨਾਲ ਬਹੁਤੀ ਦਾਲ ਨਹੀਂ ਗ਼ਲਦੀ। ਕੇਂਦਰ ਵਿਚ ਭਾਵੇਂ ਸੱਤਾ ਕਿਸੇ ਵੀ ਪਾਰਟੀ ਦੀ ਹੋਵੇ, ਅਕਸਰ ਇਹੋ ਜਿਹੇ ਹਾਲਾਤ ਟਕਰਾਅ ਦਾ ਰੂਪ ਧਾਰਨ ਕਰ ਲੈਂਦੇ ਹਨ।

ਜਦੋਂ ਦਿੱਲੀ ਦੀ ਸੱਤਾ ਕਾਂਗਰਸ ਦੀ ਅਗਵਾਈ ਵਾਲੇ ਸਾਂਝੇ ਪ੍ਰਗਤੀਸ਼ੀਲ ਮੋਰਚੇ ਯੂਪੀਏ ਦੇ ਹੱਥਾਂ ਵਿਚ ਸੀ ਤਦ ਝਾਰਖੰਡ ਦੇ ਰਾਜਪਾਲ ਸੱਯਦ ਸਿਬਤੇ ਰਾਜ਼ੀ ਜੋ ਬਜ਼ੁਰਗ ਕਾਂਗਰਸ ਆਗੂ ਰਹੇ ਸਨ, ਨੇ 2005 ਦੀਆਂ ਵਿਧਾਨ ਸਭਾ ਚੋਣਾਂ ਵਿਚ ਕਿਸੇ ਵੀ ਪਾਰਟੀ ਨੂੰ ਸਪੱਸ਼ਟ ਬਹੁਮਤ ਨਾ ਮਿਲਣ ਤੋਂ ਬਾਅਦ ਭਾਜਪਾ ਵੱਲੋਂ ਸਰਕਾਰ ਬਣਾਉਣ ਦੇ ਦਾਅਵੇ ਨੂੰ ਨਾਮਨਜ਼ੂਰ ਕਰ ਦਿੱਤਾ ਸੀ, ਹਾਲਾਂਕਿ ਭਾਜਪਾ ਸਭ ਤੋਂ ਵੱਡੀ ਧਿਰ ਬਣ ਕੇ ਉੱਭਰੀ ਸੀ ਤੇ ਉਹ ਪੰਜ ਵਿਧਾਇਕਾਂ ਦੀ ਹਮਾਇਤ ਜੁਟਾਉਣ ਲਈ ਆਜ਼ਾਦ ਵਿਧਾਇਕਾਂ ਨਾਲ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰ ਰਹੀ ਸੀ। ਉਂਜ, ਸਾਬਕਾ ਰਾਸ਼ਟਰਪਤੀ ਏਪੀਜੇ ਅਬਦੁਲ ਕਲਾਮ ਅਤੇ ਅਦਾਲਤ ਦੇ ਸਮੇਂ ਸਿਰ ਦਖ਼ਲ ਦੇਣ ਸਦਕਾ ਰਾਜਪਾਲ ਵੱਲੋਂ ਜੇਐੱਮਐੱਮ ਕਾਂਗਰਸ ਗੱਠਜੋੜ ਦੀ ਸਰਕਾਰ ਕਾਇਮ ਕਰਨ ਦੇ ਮਨਸੂਬਿਆਂ 'ਤੇ ਪਾਣੀ ਫਿਰ ਗਿਆ ਸੀ।

ਇਸੇ ਤਰ੍ਹਾਂ ਕਰਨਾਟਕ ਦੇ ਮੁੱਖ ਮੰਤਰੀ ਬੀਐੱਸ ਯੇਡੂਰੱਪਾ ਨੇ ਸ਼ਿਕਾਇਤ ਕੀਤੀ ਸੀ ਕਿ ਉੱਥੋਂ ਦੇ ਰਾਜਪਾਲ ਹੰਸ ਰਾਜ ਭਾਰਦਵਾਜ 'ਕੇਂਦਰ ਦੇ ਏਜੰਟ' ਵਜੋਂ ਕੰਮ ਕਰ ਰਹੇ ਹਨ। ਜਦੋਂ ਗੁਜਰਾਤ ਵਿਚ ਨਰਿੰਦਰ ਮੋਦੀ ਮੁੱਖ ਮੰਤਰੀ ਸਨ ਤਾਂ ਤਤਕਾਲੀ ਰਾਜਪਾਲ ਕਮਲਾ ਬੈਣੀਵਾਲ ਵਿਧਾਨ ਸਭਾ ਵੱਲੋਂ ਪਾਸ ਕੀਤੀ ਗਈ ਕਾਰਵਾਈ ਦੱਬ ਕੇ ਬੈਠ ਗਏ ਸਨ।

ਭਾਜਪਾ ਆਪਣੇ ਆਪ ਨੂੰ ਹਮੇਸ਼ਾਂ 'ਵੱਖਰੀ ਤਰ੍ਹਾਂ ਦੀ ਪਾਰਟੀ' ਵਜੋਂ ਪੇਸ਼ ਕਰਦੀ ਰਹੀ ਹੈ, ਪਰ ਇਸ ਨੇ ਨਾ ਕੇਵਲ ਕਾਂਗਰਸ ਵੱਲੋਂ ਸਥਾਪਤ ਕੀਤੀਆਂ ਪਿਰਤਾਂ ਨੂੰ ਹੀ ਅਪਣਾ ਲਿਆ ਸਗੋਂ ਇਸ ਖੇਡ ਨੂੰ ਇੱਕ ਵੱਖਰੇ ਹੀ ਮੁਕਾਮ 'ਤੇ ਪਹੁੰਚਾ ਦਿੱਤਾ ਹੈ ਜਿਸ ਤੋਂ ਸਮਝ ਪੈਂਦੀ ਹੈ ਕਿ ਭਾਜਪਾ ਰਾਜਪਾਲਾਂ ਤੋਂ ਇਹ ਤਵੱਕੋ ਕਰਦੀ ਹੈ ਕਿ ਉਹ ਵਿਰੋਧੀ ਪਾਰਟੀਆਂ ਦੇ ਮੁੱਖ ਮੰਤਰੀਆਂ ਨਾਲ ਹਰ ਵੇਲੇ ਆਢਾ ਲਾ ਕੇ ਰੱਖਣ। ਕੇਰਲਾ ਦੇ ਰਾਜਪਾਲ ਆਰਿਫ਼ ਮੁਹੰਮਦ ਖ਼ਾਨ ਨੇ ਜਿਵੇਂ ਖੱਬੇ ਮੋਰਚੇ ਦੀ ਸਰਕਾਰ ਨਾਲ ਟਕਰਾਅ ਵਿੱਢਿਆ ਹੋਇਆ ਹੈ, ਵਿਧਾਨਕ ਇਤਿਹਾਸ ਵਿਚ ਉਸ ਦੀ ਮਿਸਾਲ ਮਿਲਣੀ ਮੁਸ਼ਕਿਲ ਹੈ। ਯੂਨੀਵਰਸਿਟੀਆਂ ਦੇ ਉਪ ਕੁਲਪਤੀਆਂ ਦੀਆਂ ਨਿਯੁਕਤੀਆਂ ਹੋਣ ਜਾਂ ਇੱਕ ਮੰਤਰੀ ਦੇ ਆਚਰਣ ਬਾਰੇ ਉਨ੍ਹਾਂ ਦੀ ਜਨਤਕ ਟੀਕਾ ਟਿੱਪਣੀ ਦਾ ਮਾਮਲਾ ਹੋਵੇ, ਰਾਜਪਾਲ ਖ਼ਾਨ ਹਮੇਸ਼ਾਂ ਰਾਜ ਸਰਕਾਰ ਨਾਲ ਸਿੰਗ ਫਸਾਈਂ ਰੱਖਦੇ ਹਨ। ਮਹਾਰਾਸ਼ਟਰ ਵਿਚ ਜਦੋਂ ਮਹਾਵਿਕਾਸ ਅਗਾੜੀ ਗੱਠਜੋੜ ਦੀ ਸਰਕਾਰ ਚੱਲ ਰਹੀ ਸੀ ਤਾਂ ਰਾਜਪਾਲ ਬੀ ਐੱਸ ਕੋਸ਼ਿਆਰੀ ਸਰਕਾਰ ਨੂੰ ਠਿੱਠ ਕਰਨ ਦਾ ਕੋਈ ਮੌਕਾ ਸੁੱਕਾ ਨਹੀਂ ਜਾਣ ਦਿੰਦੇ ਸਨ, ਪਰ ਜਿਉਂ ਹੀ ਭਾਜਪਾ ਦੀ ਅਗਵਾਈ ਵਾਲੇ ਮੋਰਚੇ ਨੇ ਸੱਤਾ ਸੰਭਾਲ ਲਈ ਤਾਂ ਰਾਜਪਾਲ ਸ਼ਾਂਤ ਹੋ ਕੇ ਬੈਠ ਗਏ।

ਇਸੇ ਸੰਦਰਭ ਵਿਚ ਤਾਮਿਲ ਨਾਡੂ ਦੇ ਰਾਜਪਾਲ ਆਰਐੱਨ ਰਵੀ ਨੇ ਜਿਵੇਂ ਡੀਐੱਮਕੇ ਦੀ ਸਰਕਾਰ ਨੂੰ ਜਿੱਚ ਕਰਨ ਦੀ ਕੋਸ਼ਿਸ਼ ਕੀਤੀ ਹੈ, ਉਸ ਤੋਂ ਪਤਾ ਚੱਲਦਾ ਹੈ ਕਿ ਹਾਲਾਤ ਕਿਸ ਹੱਦ ਤੱਕ ਨਿੱਘਰ ਚੁੱਕੇ ਹਨ। ਰਵੀ ਕੇਂਦਰ ਸਰਕਾਰ ਅਤੇ ਨੈਸ਼ਨਲ ਸੋਸ਼ਲਿਸਟ ਕੌਂਸਿਲ ਆਫ ਨਾਗਾਲੈਂਡ (ਆਇਜ਼ੈਕ ਮੁਈਵਾਹ) ਵਿਚਕਾਰ ਵਾਰਤਾਕਾਰ ਰਹੇ ਸਨ ਅਤੇ ਫਿਰ ਨਾਗਾਲੈਂਡ ਦੇ ਰਾਜਪਾਲ ਵੀ ਰਹੇ ਹਨ। ਉਹ ਇਸ ਸਿਆਸੀ ਯੁੱਧ ਵਿਚ ਡੀਐੱਮਕੇ ਦੇ ਪ੍ਰਮੁੱਖ ਵਿਰੋਧੀ ਬਣ ਕੇ ਉੱਤਰੇ ਹਨ ਤਾਂ ਕਿ ਪਾਰਟੀ ਦੇ ਮੁਹਾਂਦਰੇ ਅਤੇ ਦ੍ਰਾਵਿੜ ਵਿਚਾਰਧਾਰਾ ਨੂੰ ਜੜੋਂ ਉਖੇੜਿਆ ਜਾ ਸਕੇ ਜਿਸ ਦੇ ਸੰਕਲਪ ਦੀ ਬੁਨਿਆਦ 1916 ਵਿਚ ਜਸਟਿਸ ਪਾਰਟੀ ਨੇ ਰੱਖੀ ਸੀ।



ਸ੍ਰੀ ਰਵੀ ਨੇ ਸਤੰਬਰ 2021 ਵਿਚ ਚੇਨਈ ਦੀ ਆਪਣੀ ਪਾਰੀ ਦੀ ਸ਼ੁਰੂਆਤ ਕੀਤੀ ਸੀ। ਉਨ੍ਹਾਂ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਇਕ ਬਿੱਲ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ ਜਿਸ ਵਿਚ ਅੰਡਰਗ੍ਰੈਜੂਏਟ ਮੈਡੀਕਲ ਅਤੇ ਡੈਂਟਲ ਕੋਰਸਾਂ ਵਿਚ ਸਰਕਾਰੀ ਸੀਟਾਂ ਨੂੰ ਕੌਮੀ ਯੋਗਤਾ-ਕਮ-ਦਾਖਲਾ ਪ੍ਰੀਖਿਆ (ਨੀਟ) ਤੋਂ ਛੋਟ ਦੇਣ ਦਾ ਪ੍ਰਾਵਧਾਨ ਕੀਤਾ ਗਿਆ ਸੀ।

ਤਾਜ਼ਾ ਘਟਨਾਕ੍ਰਮ 9 ਜਨਵਰੀ ਨੂੰ ਵਾਪਰਿਆ ਜਦੋਂ ਵਿਧਾਨ ਸਭਾ ਸੈਸ਼ਨ ਸ਼ੁਰੂ ਹੁੰਦੇ ਸਾਰ ਹੀ, ਰਾਜਪਾਲ ਰਵੀ ਨੇ ਰਾਜ ਸਰਕਾਰ ਵੱਲੋਂ ਤਿਆਰ ਕੀਤੇ ਗਏ ਭਾਸ਼ਣ ਦਾ ਇੱਕ ਪੈਰ੍ਹਾ ਪੜ੍ਹਨ ਤੋਂ ਮਨ੍ਹਾ ਕਰ ਦਿੱਤਾ। 1993-95 ਦੇ ਪੁਰਾਣੇ ਵੇਲਿਆਂ ਵਿਚ ਜਦੋਂ ਮੁੱਖ ਮੰਤਰੀ ਜੇ ਜੈਲਲਿਤਾ ਅਤੇ ਤਤਕਾਲੀ ਰਾਜਪਾਲ ਐੱਮ ਚੇਨਾ ਰੈਡੀ ਦਰਮਿਆਨ ਅਣ ਬਣ ਹੋ ਗਈ ਸੀ ਤਦ ਵੀ ਇਹੋ ਜਿਹੇ ਹਾਲਾਤ ਦੇਖਣ ਨੂੰ ਨਹੀਂ ਮਿਲੇ ਸਨ। ਰਾਜਪਾਲ ਵੱਲੋਂ ਜਿਹੜਾ ਕੁੰਜੀਵਤ ਪੈਰ੍ਹਾ ਪੜ੍ਹਨ ਤੋਂ ਛੱਡ ਦਿੱਤਾ ਸੀ, ਉਸ ਵਿਚ ਹੀ ਦ੍ਰਾਵਿੜ ਵਿਚਾਰਧਾਰਾ ਦਾ ਨਿਚੋੜ ਹੈ ਅਤੇ ਇਸ ਦੀ ਬੁਨਿਆਦ "ਸਮਾਜਿਕ ਨਿਆਂ, ਆਤਮ ਸਨਮਾਨ, ਸਰਬਸਾਂਝੇ ਵਿਕਾਸ, ਸਮਾਨਤਾ, ਔਰਤਾਂ ਦੇ ਅਧਿਕਾਰਾਂ, ਧਰਮਨਿਰਪੱਖਤਾ ਅਤੇ ਸਭਨਾਂ ਨਾਲ ਕਰੁਣਾ ਦੇ ਆਦਰਸ਼ਾਂ 'ਤੇ ਟਿਕੀ ਹੋਈ ਹੈ।" ਡੀਐੱਮਕੇ ਦੇ ਸਮਾਜਿਕ ਨਿਆਂ ਦੇ ਸੰਕਲਪ ਨੇ ਮੱਧ ਵਰਗੀ ਅਤੇ ਪੱਛੜੀਆਂ ਜਾਤੀਆਂ ਦੇ ਬਹੁਤ ਸਾਰੇ ਹਿੱਸਿਆਂ ਨੂੰ ਤਾਂ ਮਜ਼ਬੂਤ ਬਣਾਇਆ ਹੈ, ਪਰ ਇਸ ਵਿਚ ਦਲਿਤਾਂ ਲਈ ਬਹੁਤੀ ਜਗ੍ਹਾ ਨਹੀਂ ਹੈ। ਇਸ ਦੇ ਪੁਰਸ਼ਵਾਦੀ ਅਨਸਰਾਂ ਵੱਲੋਂ ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਇਸੇ ਪੈਰ੍ਹੇ ਵਿਚ ਪੇਰੀਆਰ ਈਵੀ ਰਾਮਾਸਾਮੀ, ਬਾਬਾ ਸਾਹਿਬ ਅੰਬੇਡਕਰ, ਕੇ ਕਾਮਰਾਜ, ਸੀਐੱਨ ਅੰਨਾਦੁਰਾਈ ਅਤੇ ਐੱਮ ਕਰੁਣਾਨਿਧੀ ਦੀਆਂ ਘਾਲਣਾਵਾਂ ਨੂੰ ਉਭਾਰਿਆ ਗਿਆ ਸੀ ਜਿਨ੍ਹਾਂ ਦੀਆਂ ਨੀਤੀਆਂ ਤੇ ਯੋਜਨਾਵਾਂ ਨੇ ਬਿਨਾਂ ਸ਼ੱਕ ਸਮਾਜ ਦੇ ਦੱਬੇ ਕੁਚਲੇ ਲੋਕਾਂ ਦੀ ਜ਼ਿੰਦਗੀ ਵਿਚ ਸੁਧਾਰ ਲਿਆਂਦਾ ਹੈ। ਸ੍ਰੀ ਰਵੀ 'ਤਾਮਿਲ ਨਾਡੂ ਦੇ ਲੋਕਾਂ ਲਈ ਸ਼ਾਸਨ ਦੇ ਦ੍ਰਾਵਿੜੀ ਮਾਡਲ' ਬਾਰੇ ਸਤਰਾਂ ਪੜ੍ਹੇ ਬਗੈਰ ਹੀ ਲੰਘ ਗਏ।

ਇਸ ਤੋਂ ਪਹਿਲਾਂ ਚਾਰ ਜਨਵਰੀ ਨੂੰ ਰਾਜ ਭਵਨ ਵਿਖੇ ਕਰਵਾਏ ਗਏ ਇੱਕ ਸਮਾਗਮ ਵਿਚ ਰਾਜਪਾਲ ਨੇ ਪ੍ਰਸਤਾਵ ਦਿੱਤਾ ਸੀ ਕਿ 'ਤਮਿਝਗਾਮ' ਤਾਮਿਲ ਨਾਡੂ ਲਈ ਜ਼ਿਆਦਾ ਢੁੱਕਵਾਂ ਨਾਂ ਹੈ ਜਿਸ ਤੋਂ ਡੀਐੱਮਕੇ ਭੜਕ ਗਈ। ਸ਼ਾਇਦ ਰਾਜਪਾਲ ਨੂੰ 'ਨਾਡੂ' ਸ਼ਬਦ ਜ਼ਿਆਦਾ ਅੱਖੜਦਾ ਸੀ ਜਿਸ ਦਾ ਅਰਥ ਹੁੰਦਾ ਹੈ ਭੂਮੀ ਜਾਂ ਵਤਨ ਜਿਸ ਦਾ ਭਾਵ ਦੇਸ਼ ਜਾਂ ਇੱਕ ਰਾਸ਼ਟਰੀ ਰਾਜ ਵਜੋਂ ਲਿਆ ਜਾ ਸਕਦਾ ਹੈ।

ਇਹ ਗੱਲ ਸਹੀ ਹੈ ਕਿ ਦ੍ਰਾਵਿੜ ਲਹਿਰ ਦੌਰਾਨ ਰਾਸ਼ਟਰਵਾਦ ਅਤੇ ਅਰਧ ਰਾਸ਼ਟਰਵਾਦ ਬਾਰੇ ਬਹਿਸ ਮੁਬਾਹਿਸੇ ਹੁੰਦੇ ਰਹੇ ਹਨ ਅਤੇ ਇੱਕ ਸਮੇਂ ਡੀਐੱਮਕੇ ਨੇ ਸ਼੍ਰੀਲੰਕਾ ਦੇ ਲਿਬਰੇਸ਼ਨ ਟਾਈਗਰਜ਼ ਆਫ ਤਮਿਲ ਈਲਮ (ਲਿੱਟੇ) ਨਾਲ ਸਾਂਝ ਪਾ ਲਈ ਸੀ ਜਿਸ ਦੀ ਉਸ ਨੂੰ ਭਾਰੀ ਕੀਮਤ ਵੀ ਤਾਰਨੀ ਪਈ ਸੀ। ਕੇਰਲਾ ਤੇ ਪੱਛਮੀ ਬੰਗਾਲ ਦੀ ਤਰ੍ਹਾਂ ਤਾਮਿਲ ਨਾਡੂ ਦੇ ਲੋਕਾਂ ਨੇ ਅਜੇ ਤਾਈਂ ਆਰਐੱਸਐੱਸ-ਭਾਜਪਾ ਦੇ ਅਜਾਰੇਦਾਰ ਹਿੰਦੂ ਰਾਸ਼ਟਰ ਦੀ ਸੋਚ ਨੂੰ ਮੂੰਹ ਨਹੀਂ ਲਾਇਆ ਅਤੇ ਕਾਫ਼ੀ ਸਮਾਂ ਪਹਿਲਾਂ ਹੀ ਇਸ ਨੂੰ ਵੱਖਵਾਦੀ ਮੰਗ ਦੀ ਪੈਰਵੀ ਕਰਨ ਦੀ ਨਿਰਾਰਥਕਤਾ ਦਾ ਅਹਿਸਾਸ ਹੋ ਗਿਆ ਸੀ ਅਤੇ ਇਸ ਨੇ ਫੈਡਰਲ ਭਾਰਤ ਦੇ ਵਿਚਾਰ ਨੂੰ ਪ੍ਰਵਾਨ ਕਰ ਲਿਆ ਸੀ ਅਤੇ ਜਦੋਂ ਤਾਮਿਲਾਂ ਉੱਪਰ ਹਿੰਦੀ ਠੋਸਣ ਦੇ ਕੇਂਦਰਵਾਦੀ ਏਜੰਡੇ ਨੂੰ ਡੱਕਣ ਦਾ ਸਵਾਲ ਉਠਿਆ ਸੀ ਤਾਂ ਇਸ ਵਿਚਾਰ 'ਤੇ ਉਦੋਂ ਡਟ ਕੇ ਪਹਿਰਾ ਵੀ ਦਿੱਤਾ ਸੀ।

ਡੀਐੱਮਕੇ ਦੀ ਪੱਤ੍ਰਿਕਾ 'ਮੁਰਾਸੋਲੀ' ਵਿਚ ਰਵੀ ਦੇ ਤਮਿਝਗਾਮ ਵਿਚਾਰ ਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਵਿਚ ਲਿਖਿਆ ਗਿਆ ਹੈ ਕਿ ਤਾਮਿਲ ਨਾਡੂ ਦਾ ਨਾਂ ਇੱਕ ਸੰਪ੍ਰਭੂਤਾ ਦਾ ਭਾਵ ਰੱਖਦਾ ਹੈ। ਕੀ ਤੁਹਾਨੂੰ ਰਾਜਸਥਾਨ ਦੀ ਧੁਨੀ ਪਾਕਿਸਤਾਨ, ਅਫ਼ਗਾਨਿਸਤਾਨ, ਉਜ਼ਬੇਕਿਸਤਾਨ ਜਾਂ ਤੁਰਕਮੇਨਿਸਤਾਨ ਨਾਲ ਮੇਲ ਖਾਂਦੀ ਲੱਗਦੀ ਹੈ? ਕੀ ਤੁਹਾਨੂੰ ਤੇਲਗੂ ਦੇਸਮ ਪਾਰਟੀ ਦੇ ਨਾਂ ਵਿਚ 'ਦੇਸਮ' ਸ਼ਬਦ ਹੋਣ 'ਤੇ ਕੋਈ ਪਰੇਸ਼ਾਨੀ ਮਹਿਸੂਸ ਹੁੰਦੀ ਹੈ?

ਹਾਲਾਂਕਿ, ਪਿਛਲੇ ਕਈ ਦਹਾਕਿਆਂ ਤੋਂ ਤਾਮਿਲ ਨਾਡੂ ਭਾਜਪਾ ਲਈ ਦੂਰ ਦੀ ਕੌੜੀ ਬਣਿਆ ਹੋਇਆ ਹੈ, ਪਰ ਪਿਛਲੇ ਕੁਝ ਸਮੇਂ ਤੋਂ ਪਾਰਟੀ ਦੀਆਂ ਨਜ਼ਰਾਂ ਇਸ 'ਤੇ ਲੱਗੀਆਂ ਹੋਈਆਂ ਹਨ ਜਿਸ ਕਰ ਕੇ ਇਹ ਸਮਝ ਨਹੀਂ ਪੈ ਰਹੀ ਕਿ ਰਾਜਪਾਲ ਨੂੰ ਐਨੀ ਤੱਦੀ ਕਿਉਂ ਪਈ ਸੀ? ਪ੍ਰਧਾਨ ਮੰਤਰੀ ਮੋਦੀ ਪਰਵਾਸੀ ਭਾਈਚਾਰੇ ਸਾਹਮਣੇ ਅਤੇ ਕੌਮਾਂਤਰੀ ਮੰਚਾਂ 'ਤੇ ਸੰਗਮ ਕਵਿਤਾ ਦੀਆਂ ਸਤਰਾਂ ਪੜ੍ਹਦੇ ਹਨ ਅਤੇ ਮੁਕਾਮੀ ਮੀਟਿੰਗਾਂ ਤੇ ਰੈਲੀਆਂ ਵਿਚ ਵੇਸ਼ਤੀ ਪੁਸ਼ਾਕ ਪਹਿਨਦੇ ਹਨ। ਪਿਛਲੇ ਸਾਲ ਨਵੰਬਰ ਮਹੀਨੇ ਕਰਵਾਏ ਗਏ 'ਕਾਸ਼ੀ ਤਮਿਲ ਸੰਗਮਮ' ਸਮਾਗਮ ਵਿਚ ਤਾਮਿਲ ਨਾਡੂ ਨਾਲ ਮੋਦੀ ਦੇ ਰਾਬਤੇ ਨੂੰ ਉਭਾਰਿਆ ਗਿਆ ਸੀ। ਇਸ ਸਮਾਗਮ ਨੂੰ ਭਾਜਪਾ ਵੱਲੋਂ ਮੋੜਵਾਂ ਬਿਰਤਾਂਤ ਘੜਨ ਦੀ ਕੋਸ਼ਿਸ਼ ਵਜੋਂ ਦੇਖਿਆ ਗਿਆ ਸੀ ਜਿਸ ਦਾ ਆਧਾਰ ਦ੍ਰਾਵਿੜੀ ਜਾਤੀਵਾਦੀ ਤੇ ਵੰਡਪਾਊ ਦ੍ਰਿਸ਼ਟੀਕੋਣ ਦੇ ਟਾਕਰੇ 'ਤੇ ਹਿੰਦੂਮਤ ਨੂੰ ਉੱਤਰ ਤੇ ਦੱਖਣ ਨੂੰ ਇਕਜੁੱਟ ਕਰਨ ਦੀ ਤਾਕਤ ਦੇ ਰੂਪ ਵਿਚ ਪੇਸ਼ ਕੀਤਾ ਗਿਆ। ਰਾਜਪਾਲ ਦੀ ਇਸ ਦਖ਼ਲਅੰਦਾਜ਼ੀ ਕਰ ਕੇ ਭਾਜਪਾ ਦੀ ਸਾਰੀ ਬਿਸਾਤ ਹੀ ਵਿਗੜ ਸਕਦੀ ਹੈ।

# ਅਮਰੀਕਾ 'ਚ ਦਿਖਾਈ ਦੇਣ ਲਗਾ ਆਰਥਿਕ ਮੰਦੀ ਦਾ ਅਸਰ?

## ਤਕਨੀਕੀ ਕੰਪਨੀਆਂ ਤੋਂ ਬਾਅਦ ਸ਼ੁਰੂ ਹੋਈ ਮੀਡੀਆ ਸੰਸਥਾਵਾਂ 'ਚ ਛਾਂਟੀ

ਨਵੀਂ ਦਿੱਲੀ- ਯੂਐੱਸ ਮੀਡੀਆ 2023 ਵਿੱਚ ਛਾਂਟੀ ਅਮਰੀਕਾ ਵਿੱਚ ਆਰਥਿਕ ਮੰਦੀ ਦੀ ਸੰਭਾਵਨਾ ਹੈ, ਜਿਸ ਕਾਰਨ ਕਈ ਵੱਡੀਆਂ ਕੰਪਨੀਆਂ ਛਾਂਟੀ ਕਰ ਰਹੀਆਂ ਹਨ।



ਹੁਣ ਅਮਰੀਕੀ ਵੱਡੀਆਂ ਮੀਡੀਆ ਸੰਸਥਾਵਾਂ ਨੇ ਵੀ ਛਾਂਟੀ ਦਾ ਐਲਾਨ ਕੀਤਾ ਹੈ, ਜਿਸ ਵਿੱਚ ਸੀਐਨਐਨ, ਵੌਕਸ ਅਤੇ ਵਾਸ਼ਿੰਗਟਨ ਪੋਸਟ ਸ਼ਾਮਲ ਹਨ।

ਇਕ ਮੀਡੀਆ ਰਿਪੋਰਟ ਮੁਤਾਬਕ ਵੌਕਸ ਮੀਡੀਆ, ਨਿਊਯਾਰਕ ਟਾਈਮਜ਼ ਮੈਗਜ਼ੀਨ ਅਤੇ ਆਨਲਾਈਨ ਪਲੇਟਫਾਰਮ ਨੇ ਸ਼ੁੱਕਰਵਾਰ ਨੂੰ ਆਪਣੇ ਕਰਮਚਾਰੀਆਂ ਦੀ ਸੱਤ ਫੀਸਦੀ ਦੀ ਕਟੌਤੀ ਦਾ ਐਲਾਨ ਕੀਤਾ। ਇਸ ਤੋਂ ਪਹਿਲਾਂ, CNN, NBC, MSNBC aqy BuzzFeed ਅਤੇ ਹੋਰ ਮੀਡੀਆ ਆਉਟਲੈਟਾਂ ਨੇ ਛਾਂਟੀ ਦਾ ਐਲਾਨ ਕੀਤਾ ਹੈ।

ਵੌਕਸ ਮੀਡੀਆ ਦੇ ਸੀਈਓ ਜਿਮ ਬੈਂਕੋਫ ਨੇ ਇੱਕ ਦਫਤਰ ਦੇ ਮੀਮੋ ਵਿੱਚ ਕਿਹਾ ਕਿ ਮੌਜੂਦਾ ਸਮੇਂ ਦੀਆਂ ਸਖ਼ਤ ਚੁਣੌਤੀਆਂ ਦੇ ਕਾਰਨ, ਕੰਪਨੀ ਨੇ ਸਾਰੇ ਵਿਭਾਗਾਂ ਵਿੱਚ ਕਰਮਚਾਰੀਆਂ ਦੀ ਗਿਣਤੀ 7 ਪ੍ਰਤੀਸ਼ਤ ਘਟਾਉਣ ਦਾ ਫੈਸਲਾ ਕੀਤਾ ਹੈ।

ਵੌਕਸ ਇਸ ਸਮੇਂ ਲਗਭਗ 1,900 ਕਰਮਚਾਰੀ ਹਨ ਅਤੇ ਇਸ ਫੈਸਲੇ ਨਾਲ 130 ਕਰਮਚਾਰੀ ਪ੍ਰਭਾਵਿਤ ਹੋਣਗੇ। ਇਸ ਦੇ ਨਾਲ ਹੀ ਵੌਕਸ ਮੀਡੀਆ ਦੇ ਬੁਲਾਰੇ ਨੇ ਇਸ 'ਤੇ ਕੁਝ ਵੀ ਕਹਿਣ ਤੋਂ ਇਨਕਾਰ ਕਰ ਦਿੱਤਾ ਪਰ ਕਿਹਾ ਕਿ ਕੁਝ ਲੋਕਾਂ ਨੂੰ ਵਿਸ਼ੇਸ਼ ਪੈਕੇਜ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਵਿੱਚ ਉਨ੍ਹਾਂ ਲੋਕਾਂ ਦੇ ਨਾਮ ਵੀ ਸ਼ਾਮਲ ਹਨ ਜੋ ਮਾਪਿਆਂ ਦੀ ਛੁੱਟੀ ਲਈ ਛੁੱਟੀ ਦੀ ਮੰਗ ਕਰ ਰਹੇ ਹਨ। ਇਸ ਦੇ ਨਾਲ ਹੀ ਇੱਕ ਹੋਰ ਵੱਡੀ ਮੀਡੀਆ ਸੰਸਥਾ ਛ" ਨੇ ਵੀ ਕੁਝ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਹੈ। ਹਾਲਾਂਕਿ ਅਜੇ ਤੱਕ ਸਹੀ ਗਿਣਤੀ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ। ਇਸ ਦੇ ਨਾਲ ਹੀ ਭਛ ਅਤੇ "ਭਛ ਤੋਂ ਕਈ ਪੱਤਰਕਾਰਾਂ ਦੀ ਛਾਂਟੀ ਦੀਆਂ ਖਬਰਾਂ ਹਨ।


Are you planning to go to Lahore (Pakistan) by Wagah Border or to Gurdwaras in Pakistan

Good/Reliable Taxi Driver will be available at Wagah Border



Please Call MALIK RAZA

ਕੀ ਤੁਸੀਂ ਵਾਘਾ ਬਾਰਡਰ ਰਾਹੀਂ ਲਾਹੌਰ ਤੇ ਗੁਰਧਾਮਾਂ ਦੀ ਯਾਤਰਾ ਕਰਨ ਜਾ ਰਹੇ ਹੋ

ਵਾਘਾ ਬਾਰਡਰ ਤੇ ਤੁਹਾਡੀ ਉਡੀਕ 'ਚ ਹਮੇਸ਼ਾ ਇਕ ਚੰਗਾ ਤੇ ਹਰ ਇਲਾਕੇ ਤੋਂ ਜਾਣੂ ਡਰਾਈਵਰ ਟੈਕਸੀ ਸਮੇਤ ਤਿਆਰ ਹੈ

ਫੋਨ ਕਰੋ: ਮਲਿਕ ਰਜ਼ਾ (ਵਾਘਾ ਬਾਰਡਰ)

ਕੋਡ 092- 309 8241032

# ਨਾਨਕਸ਼ਾਹੀ ਇੱਟ ਵਾਲੀ 350 ਸਾਲਾ ਪੁਰਾਤਨ ਹਵੇਲੀ

ਸੁਰਿੰਦਰ ਸਿੰਘ ਸੋਨੀ

ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਜਿਸ ਨੂੰ ਗੁਰੂ ਤੇਗ ਬਹਾਦਰ ਜੀ ਵਲੋਂ ਜ਼ਮੀਨ ਮੁੱਲ ਲੈ ਕੇ ਵਸਾਇਆ ਗਿਆ ਸੀ ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇੱਥੇ 32 ਸਾਲ ਦੇ ਕਰੀਬ ਰਹੇ ਸਨ। ਇਸ ਨਗਰੀ ਵਿਚ ਹੀ ਸੋਢੀ ਖ਼ਾਨਦਾਨ ਵੀ ਰਹਿੰਦੇ ਹਨ ਤੇ ਅੱਜ ਇਸੇ ਖ਼ਾਨਦਾਨ 'ਚੋਂ ਸੋਢੀ ਵਿਕਰਮ ਸਿੰਘ ਹਨ ਜੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀ ਬਾਰ੍ਹਵੀਂ ਪੀੜ੍ਹੀ 'ਚੋਂ ਹਨ।

ਸ਼ਹੀਦਾਂ ਦੇ ਸਿਰਤਾਜ ਗੁਰਦੁਆਰਾ ਸੀਸ ਗੰਜ ਸਾਹਿਬ ਦੇ ਬਿਲਕੁਲ ਨਜ਼ਦੀਕ ਸੋਢੀ ਖ਼ਾਨਦਾਨ ਦੀ ਪੁਰਾਤਨ ਹਵੇਲੀ ਹੈ ਜਿਸ ਦੀ ਸੰਭਾਲ ਸੋਢੀ ਵਿਕਰਮ ਸਿੰਘ ਵਲੋਂ ਕੀਤੀ ਜਾ ਰਹੀ ਹੈ। ਦੋ ਏਕੜ ਦੇ ਕਰੀਬ ਰਕਬੇ ਵਿਚ ਨਾਨਕਸ਼ਾਹੀ ਇੱਟ ਨਾਲ ਤਿਆਰ ਹੋਈ ਇਸ ਹਵੇਲੀ ਦੀ ਸਮੁੱਚੀ ਬਿਲਡਿੰਗ, ਦਰਵਾਜ਼ੇ, ਬਾਰੀਆਂ ਆਦਿ ਗੁਰੂ ਸਾਹਿਬ ਦੇ ਸਮੇਂ ਦੀਆਂ ਹਨ ਤੇ ਇੱਥੇ ਨੌਵੇਂ ਤੇ ਦਸਵੇਂ ਪਾਤਸ਼ਾਹ ਜੀ ਦੇ ਮੁਬਾਰਕ ਚਰਨ ਵੀ ਪਏ ਹੋਏ ਹਨ। ਹਵੇਲੀ ਦੀਆਂ ਚੌੜੀਆਂ ਕੰਧਾਂ, ਵੱਡੇ ਦਰਵਾਜ਼ੇ ਦੇਖ ਕੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਇਹ ਹਵੇਲੀ ਪੁਰਾਤਨ ਹੈ। ਹਵੇਲੀ ਦੇ ਬਾਹਰ ਦਾ ਵੱਡਾ ਦਰਵਾਜ਼ਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਹੈ ਜੋ ਹਾਥੀਆਂ ਦੇ ਲੰਘਣ ਲਈ ਤਿਆਰ ਕੀਤਾ ਗਿਆ ਸੀ ਤੇ ਅੱਜ ਵੀ ਇਸ ਦੀ ਬਨਾਵਟ ਇਸ ਗੱਲ ਦੀ ਗਵਾਹ ਹੈ ਕਿ ਇੱਥੇ ਹਾਥੀ, ਘੋੜੇ ਰੱਖੇ ਗਏ ਸਨ। ਸੋਢੀ ਵਿਕਰਮ ਸਿੰਘ ਨੇ ਦੱਸਿਆ ਕਿ ਸਾਡੇ ਬਜ਼ੁਰਗ ਹਾਥੀਆਂ ਦੀ ਸਵਾਰੀ ਕਰਦੇ ਸਨ ਤੇ ਉਨ੍ਹਾਂ ਦੇ ਨਾਲ ਹਰ ਸਮੇਂ ਘੋੜ ਸਵਾਰ ਹੁੰਦੇ ਸਨ। ਇਸ ਹਵੇਲੀ ਵਿਚ ਜਿੱਥੇ ਸੋਢੀ ਖ਼ਾਨਦਾਨ ਦੀ ਰਿਹਾਇਸ਼ ਰਹਿੰਦੀ ਸੀ ਉੱਥੇ 50 ਘੋੜਿਆਂ ਦੇ ਤਬੇਲੇ, 100 ਦੇ ਕਰੀਬ ਸੇਵਾਦਾਰਾਂ ਦੀ ਰਿਹਾਇਸ਼ ਵੀ ਹੁੰਦੀ ਸੀ। ਉਨ੍ਹਾਂ ਦੱਸਿਆ ਕਿ ਸਾਡੇ ਬਜ਼ੁਰਗ ਇੱਥੇ ਕਚਹਿਰੀਆਂ ਲਗਾਉਂਦੇ ਸਨ ਤੇ ਦੂਰ ਦੁਰਾਡੇ ਤੋਂ ਲੋਕ ਇੱਥੇ ਪੁੱਜਦੇ ਸਨ। ਹਵੇਲੀ ਵਿਚ ਗੁਰੂ ਸਾਹਿਬ ਦੇ ਸਮੇ ਦਾ ਇਕ ਖੂਹ ਵੀ ਹੈ ਜਿਸ 'ਚੋਂ ਅੱਜ ਵੀ ਪਾਣੀ ਮਿਲਦਾ ਹੈ।

ਸੋਢੀ ਵਿਕਰਮ ਸਿੰਘ ਨੇ ਦੱਸਿਆ ਕਿ ਮੇਰਾ ਜਨਮ ਇਸੇ ਹਵੇਲੀ ਦਾ ਹੈ ਤੇ ਮੈਂ ਹੁਣ ਵੀ ਇੱਥੇ ਰਹਿੰਦਾ ਹਾਂ। ਉਨ੍ਹਾਂ ਦੱਸਿਆ ਕਿ ਜਦੋਂ ਸੀਮੈਂਟ ਦੀ ਸ਼ੁਰੂਆਤ ਹੋਈ ਸੀ ਤਾਂ ਬਜ਼ੁਰਗਾਂ ਵਲੋਂ ਹਵੇਲੀ ਦੀਆਂ ਕੁੱਝ ਥਾਵਾਂ 'ਤੇ ਸੀਮੈਂਟ ਲਗਾ ਦਿੱਤਾ ਗਿਆ ਸੀ ਪਰ ਮੈਂ ਹੁਣ ਸੀਮੈਂਟ ਉਤਰਵਾ ਕੇ ਦੁਬਾਰਾ ਉਸ ਜਗ੍ਹਾ ਦੀ ਪੁਰਾਤਨ ਦਿੱਖ ਬਹਾਲ ਕਰਵਾ ਰਿਹਾ ਹਾਂ ਤਾਂ ਜੋ ਇਸ ਦੀ ਪੁਰਾਤਨਤਾ ਨੂੰ ਦੇਖ ਕੇ ਸਾਨੂੰ ਗੁਰੂ ਸਾਹਿਬ ਦੇ ਸਮੇਂ ਦੀ ਯਾਦ ਤਾਜ਼ਾ ਹੁੰਦੀ ਰਹੇ। ਭਾਵੇਂ ਇਸ ਖ਼ਾਨਦਾਨ ਵਿਚ ਜਨਮ ਹੋਣ ਕਾਰਨ ਇਸ ਬਿਲਡਿੰਗ ਦੀ ਸੰਭਾਲ ਮੇਰੀ ਜ਼ਿੰਮੇਵਾਰੀ ਹੈ ਪਰ ਅਸੀਂ ਸਾਰੇ ਸਿੱਖ ਪਰਿਵਾਰ ਦੇ ਮੈਂਬਰ ਹਾਂ ਤੇ ਇਸ ਦੀ ਪੁਰਾਤਨਤਾ ਨੂੰ ਕਾਇਮ ਰੱਖਣਾ ਸਾਡੀ ਸਾਰਿਆਂ ਦੀ ਸਾਂਝੀ ਜ਼ਿੰਮੇਵਾਰੀ ਹੈ। ਇਸ ਦੀ ਸੰਭਾਲ ਕਰੀਏ ਤਾਂ ਜੋ ਸਾਡੇ ਬੱਚੇ ਇਸ ਨੂੰ ਦੇਖ ਕੇ ਪੁਰਾਤਨਤਾ ਦਾ ਅਹਿਸਾਸ ਕਰਨ ਤੇ ਆਪਣੇ ਅਮੀਰ ਵਿਰਸੇ ਨਾਲ ਜੁੜ ਸਕਣ।



ਸੋਢੀ ਵਿਕਰਮ ਸਿੰਘ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਗੁਰੂ ਸਾਹਿਬਾਨ ਦੇ ਸਮੇਂ ਦੀਆਂ ਪੁਰਾਤਨ ਬਿਲਡਿੰਗਾਂ ਦਾ ਖ਼ਾਤਮਾ ਕਰ ਦਿੱਤਾ ਗਿਆ ਹੈ। ਅੱਜ ਹਰ ਪਾਸੇ ਇਕੋ ਤਰ੍ਹਾਂ ਦੇ ਗੁਰਦੁਆਰਿਆਂ ਦਾ ਨਿਰਮਾਣ ਹੋ ਗਿਆ ਹੈ ਜਿਸ ਕਰਕੇ ਇਤਿਹਾਸਕ ਅਸਥਾਨਾਂ ਦੀ ਪੁਰਾਤਨ ਦਿੱਖ ਖ਼ਤਮ ਹੋ ਗਈ ਹੈ। ਉਨ੍ਹਾਂ ਕਿਹਾ ਕਾਰ ਸੇਵਾ ਦੇ ਨਾਂ 'ਤੇ ਜਿਸ ਤਰ੍ਹਾਂ ਪੁਰਾਤਨ ਬਿਲਡਿੰਗਾਂ ਖ਼ਤਮ ਕਰ ਦਿੱਤੀਆਂ ਗਈਆਂ ਹਨ ਉਹ ਬਹੁਤ ਦੁਖਦਾਈ ਹੈ।

ਸੋਢੀ ਵਿਕਰਮ ਸਿੰਘ ਨੇ ਦੱਸਿਆ ਕਿ ਉਹ ਸਮੁੱਚੀ ਬਿਲਡਿੰਗ ਨੂੰ ਦੁਬਾਰਾ ਸਹੀ ਕਰਵਾ ਰਹੇ ਹਨ ਤੇ ਬਹੁਤ ਜਲਦ ਇਸ ਨੂੰ ਪੁਰਾਤਨ ਰੂਪ ਵਿਚ ਪੂਰਾ ਪੰਜਾਬ ਦੇਖੇਗਾ। ਉਨ੍ਹਾਂ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਇਸ ਬਿਲਡਿੰਗ ਦੇ ਦੀਦਾਰ ਕਰ ਕੇ ਗੁਰੂ ਸਾਹਿਬ ਦੇ ਸਮੇਂ ਦੀ ਯਾਦ ਤਾਜ਼ਾ ਕਰੇਗੀ ਤੇ ਗੁਰੂ ਸਾਹਿਬ ਦੇ ਨੇੜੇ ਹੋਣ ਦਾ ਅਹਿਸਾਸ ਕਰੇਗੀ। ਇਸ ਲਈ ਅਸੀਂ ਇਸ ਸਮੁੱਚੀ ਬਿਲਡਿੰਗ ਦਾ ਕੰਮ ਕਰਵਾ ਰਹੇ ਹਾਂ ਤਾਂ ਕਿ ਹੋਲੇ ਮਹੱਲੇ ਅਤੇ ਹੋਰ ਮੁਬਾਰਕ ਮੌਕਿਆਂ 'ਤੇ ਦੂਰ ਦੁਰਾਡੇ ਤੋਂ ਆਉਣ ਵਾਲੇ ਸ਼ਰਧਾਲੂਆਂ ਲਈ ਇਹ ਬਿਲਡਿੰਗ ਪ੍ਰਚਾਰ ਦਾ ਕੰਮ ਕਰੇ।

ਸੋਢੀ ਵਿਕਰਮ ਸਿੰਘ ਨੇ ਸਰਕਾਰ 'ਤੇ ਗਿਲਾ ਕਰਦਿਆਂ ਕਿਹਾ ਕਿ ਇਸ ਪੁਰਾਤਨ ਤੇ ਇਤਿਹਾਸਕ ਬਿਲਡਿੰਗ ਦੀ ਸੰਭਾਲ ਵੱਲ ਸਰਕਾਰ ਵਲੋਂ ਕੋਈ ਧਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਬਿਲਡਿੰਗ ਬਹੁਤ ਵੱਡੀ ਹੈ ਤੇ ਇਸ ਦੀ ਪੁਰਾਤਨ ਦਿੱਖ ਕਾਇਮ ਰੱਖਣ ਲਈ ਖ਼ਰਚਾ ਵੀ ਕਾਫ਼ੀ ਕਰਨਾ ਪੈਂਦਾ ਹੈ, ਇਸ ਲਈ ਹੌਲੀ- ਹੌਲੀ ਜਿੰਨਾ ਹੋ ਸਕੇ ਕੰਮ ਕਰਵਾਇਆ ਜਾ ਰਿਹਾ ਹੈ।

ਸੋਢੀ ਵਿਕਰਮ ਸਿੰਘ ਨੇ ਦੱਸਿਆ ਕਿ ਸ਼ਹਿਰ ਦੇ ਮੁੱਖ ਬਜ਼ਾਰ ਵਿਚ ਹੋਣ ਕਰਕੇ ਕਈ ਵਾਰ ਇੱਥੇ ਮਾਲ ਅਤੇ ਦੁਕਾਨਾਂ ਆਦਿ ਬਣਾਉਣ ਲਈ ਅਰਬ ਰੁਪਏ ਦੇ ਆਫਰ ਵੀ ਆਏ ਪਰ ਮੇਰੀ ਦਿਲੀਂ ਤਮੰਨਾ ਹੈ ਕਿ ਸ਼ਹਿਰ 'ਚ ਗੁਰੂ ਸਾਹਿਬ ਦੇ ਸਮੇਂ ਦੀ ਇਹ ਇਕੋ ਇਕ ਬਿਲਡਿੰਗ ਹੈ ਜਿਸ ਦੀ ਪੁਰਾਤਨਤਾ ਕਾਇਮ ਰੱਖਣੀ ਚਾਹੀਦੀ ਹੈ। ਇਸ ਲਈ ਮੈਂ ਇਸ ਦੀ ਸੰਭਾਲ ਕਰ ਰਿਹਾ ਹਾਂ ਤੇ ਮੈਂ ਚਾਹੁੰਦਾ ਹਾਂ ਕਿ ਪੰਜਾਬ ਹੀ ਨਹੀਂ ਸਗੋਂ ਸਮੁੱਚਾ ਭਾਰਤ ਗੁਰੂ ਨਗਰੀ ਦੀ ਇਸ ਪੁਰਾਤਨ ਹਵੇਲੀ ਨੂੰ ਦੇਖ ਕੇ ਗੁਰੂ ਸਾਹਿਬ ਦੇ ਸਮੇਂ ਦੀ ਯਾਦ ਤਾਜ਼ਾ ਕਰੇ।

# ਚੀਨ 'ਚੋਂ ਉਦਯੋਗਾਂ ਦੇ ਨਿਕਲਣ ਦਾ ਰੁਝਾਨ

ਟੀਐੱਨ ਨੈਨਾਨ

ਚੀਨ ਆਪਣੇ ਦਹਾਕੇ ਭਰ ਦੇ ਮੰਦਵਾੜੇ ਤੋਂ ਬਾਅਦ ਹੁਣ ਵਿਕਾਸ ਵਿਚ ਆਈ ਖੜੋਤ ਕਾਰਨ ਸੁਰਖ਼ੀਆਂ ਵਿਚ ਹੈ। ਇਨ੍ਹਾਂ ਸੁਰਖ਼ੀਆਂ ਲਈ ਜੋ ਕਾਰਨ ਜ਼ਿੰਮੇਵਾਰ ਹਨ, ਉਨ੍ਹਾਂ ਵਿਚੋਂ ਇਕ ਹੈ ਵੱਡੀ ਗਿਣਤੀ ਫੈਕਟਰੀਆਂ/ਕਾਰਖ਼ਾਨਿਆਂ ਅਤੇ ਸਪਲਾਈ-ਚੇਨ ਨਿਰਭਰਤਾ ਦਾ ਚੀਨ ਤੋਂ ਬਾਹਰ ਚਲੇ ਜਾਣਾ। ਪਰ ਚੀਨ ਦੀ ਮਾਲ ਤਿਆਰ ਕਰਨ (ਮੈਨੂਫੈਕਚਿੰਗ) ਦੇ ਸੈਕਟਰ ਅਤੇ ਵਪਾਰ ਵਿਚ ਚਾਰ ਦਹਾਕਿਆਂ ਲੰਬੀ ਸਫਲਤਾ ਦਾ ਪਸਾਰ ਤੇ ਡੂੰਘਾਈ ਇੰਨੀ ਜ਼ਿਆਦਾ ਹੈ ਕਿ ਦੁਨੀਆ ਭਰ ਦੇ ਕਾਰਪੋਰੇਟ ਕੇਂਦਰਾਂ ਵਿਚ ਵਹਿ ਰਹੀ ਹਵਾ ਵੱਲੋਂ ਇਸ ਦੇ 'ਸੰਸਾਰ ਦੀ ਫੈਕਟਰੀ' ਅਤੇ ਵਪਾਰ ਦੇ ਮੋਹਰੀ ਵਾਲੇ ਰੁਤਬੇ ਨੂੰ ਕੋਈ ਠੇਸ ਪਹੁੰਚਾਉਣ ਦੇ ਬਹੁਤੇ ਆਸਾਰ ਨਹੀਂ ਹਨ। ਇਸ ਦੇ ਬਾਵਜੂਦ, ਇਹ ਗੱਲ ਗ਼ੌਰ ਕਰਨ ਵਾਲੀ ਹੈ ਕਿ ਸਨਅਤੀ ਨੀਤੀ ਨੇ ਕਿਵੇਂ ਨਾਟਕੀ ਵਾਪਸੀ ਕੀਤੀ ਹੈ ਕਿ ਵੱਖ-ਵੱਖ ਮੁਲਕ ਕੰਪਨੀਆਂ ਨੂੰ ਚੀਨ ਤੋਂ ਬਾਹਰ ਖਿੱਚਣ ਸਬੰਧੀ ਆਪਸੀ ਮੁਕਾਬਲਾ ਕਰ ਰਹੇ ਹਨ।

ਟੋਕੀਓ ਵੱਲੋਂ ਜਪਾਨੀ ਕੰਪਨੀਆਂ ਨੂੰ ਆਪਣੀਆਂ ਫੈਕਟਰੀਆਂ ਚੀਨ ਅਤੇ ਖਿੱਤੇ ਵਿਚ ਹੋਰਨਾਂ ਥਾਵਾਂ ਤੋਂ ਬਦਲ ਕੇ ਜਪਾਨ ਅੰਦਰ ਲਾਉਣ ਲਈ ਰਕਮਾਂ ਦਿੱਤੀਆਂ ਜਾ ਰਹੀਆਂ ਹਨ। ਜਪਾਨ ਨੇ ਬੀਤੇ ਸਾਲ ਨਵਾਂ ਆਰਥਿਕ ਸੁਰੱਖਿਆ ਕਾਨੂੰਨ ਵੀ ਲਿਆਂਦਾ, ਜਿਸ ਵਿਚ 14 ਸੈਕਟਰਾਂ ਨੂੰ ਲਿਆ ਗਿਆ ਹੈ, ਜਿਹੜੇ ਸਮਾਜਿਕ ਬੁਨਿਆਦੀ ਢਾਂਚੇ ਦਾ ਹਿੱਸਾ ਮੰਨੇ ਜਾਣਗੇ। ਦੱਖਣੀ ਕੋਰੀਆ ਤੇ ਤਾਈਵਾਨ ਦੇ ਵੀ ਲਗਪਗ ਅਜਿਹੇ ਹੀ 'ਵਤਨ ਵਾਪਸੀ' (ਮੁਲਕ ਤੋਂ ਬਾਹਰ ਗਏ ਕਾਰੋਬਾਰਾਂ ਨੂੰ ਵਾਪਸ ਵਤਨ ਲਿਆਉਣਾ) ਪ੍ਰੋਗਰਾਮ ਹਨ, ਜਿਨ੍ਹਾਂ ਦਾ ਨਿਸ਼ਾਨਾ ਮੁੱਖ ਤੌਰ 'ਤੇ ਚੀਨ ਹੈ। ਇਸ ਤਰ੍ਹਾਂ ਏਸ਼ੀਆ ਦੇ ਤਿੰਨ ਸਭ ਤੋਂ ਵੱਡੇ ਸਨਅਤੀ ਮੁਲਕਾਂ ਵੱਲੋਂ ਆਪਣੀਆਂ ਕੰਪਨੀਆਂ/ਕਾਰੋਬਾਰੀਆਂ ਨੂੰ ਚੀਨ ਤੋਂ ਬਾਹਰ ਨਿਕਲਣ ਅਤੇ ਆਪਣੇ ਘਰੇਲੂ ਟਿਕਾਣਿਆਂ 'ਤੇ ਪਰਤਣ ਲਈ ਮਾਲੀ ਪ੍ਰੇਰਕ ਦਿੱਤੇ ਜਾ ਰਹੇ ਹਨ।

ਵਤਨ ਵਾਪਸੀ ਲਈ ਜਪਾਨ ਦਾ ਬਜਟ 2.5 ਅਰਬ ਡਾਲਰ ਹੈ। ਜਾਣਕਾਰੀ ਮੁਤਾਬਕ ਹਾਲੀਆ ਸਾਲਾਂ ਦੌਰਾਨ ਕਰੀਬ 250 ਜਪਾਨੀ ਕੰਪਨੀਆਂ ਚੀਨ ਤੋਂ ਬਾਹਰ ਦਾ ਰੁਖ਼ ਕਰ ਚੁੱਕੀਆਂ ਹਨ ਤੇ ਇਹ ਰੁਝਾਨ ਤੇਜ਼ੀ 'ਤੇ ਹੈ।

ਇਹ ਰੁਝਾਨ ਮਹਿਜ਼ ਜਪਾਨ ਵਿਚ ਹੀ ਵਾਪਸ ਨਹੀਂ ਆਇਆ, ਸਗੋਂ ਅਜਿਹਾ ਖ਼ਿੱਤੇ ਦੇ ਹੋਰਨਾਂ ਮੁਲਕਾਂ ਵਿਚ ਵੀ ਦੇਖਣ 'ਚ ਆ ਰਿਹਾ ਹੈ। ਮਿਸਾਲ ਵਜੋਂ ਜਪਾਨ ਦੇ ਮੋਹਰੀ ਅਖ਼ਬਾਰ 'ਅਸਾਹੀ ਸ਼ਿੰਬੁਨ' ਦੀ ਰਿਪੋਰਟ ਮੁਤਾਬਕ ਬੀਤੇ ਸਾਲ ਹੀ 135 ਕੰਪਨੀਆਂ ਚੀਨ ਤੋਂ ਬਾਹਰ ਨਿਕਲੀਆਂ ਹਨ ਤੇ ਉਨ੍ਹਾਂ ਸੈਮੀ-ਕੰਡਕਟਰ, ਮੋਟਰ ਵਾਹਨ, ਉਪਕਰਨ ਅਤੇ ਲਿਬਾਸ ਬਣਾਉਣ ਦੇ ਆਪਣੇ ਪਲਾਂਟ ਹੋਰਨੀਂ ਥਾਈਂ ਲਾ ਲਏ ਹਨ। ਸੋਨੀ ਨੇ ਆਪਣਾ ਸਮਾਰਟ ਫੋਨ ਉਤਪਾਦਨ ਅੰਸ਼ਕ ਤੌਰ 'ਤੇ ਥਾਈਲੈਂਡ ਤਬਦੀਲ ਕਰ ਦਿੱਤਾ ਹੈ। ਇਸ ਮੁਲਕ ਵਿਚ 2021 ਦੌਰਾਨ ਵਿਦੇਸ਼ੀ ਨਿਵੇਸ਼ ਵਿਚ ਕਾਫ਼ੀ ਉਛਾਲ ਦੇਖਣ ਨੂੰ ਮਿਲਿਆ (ਜਿਸ ਦਾ ਇਕ ਹਿੱਸਾ ਚੀਨੀ ਕੰਪਨੀਆਂ ਤੋਂ ਵੀ ਆ ਰਿਹਾ ਹੈ)।

ਇਸੇ ਤਰ੍ਹਾਂ ਦੱਖਣੀ ਕੋਰੀਆਈ ਕੰਪਨੀਆਂ ਵੀ ਸਿਰਫ਼ ਵਤਨ ਵਾਪਸੀ ਹੀ ਨਹੀਂ ਕਰ ਰਹੀਆਂ, ਸਗੋਂ 'ਦੋਸਤ-ਵਾਪਸੀ' (ਭਾਵ ਦੋਸਤਾਨਾ ਰਿਸ਼ਤਿਆਂ ਵਾਲੇ ਅਜਿਹੇ ਮੁਲਕ ਵਿਚ ਸਪਲਾਈ-ਲੜੀਆਂ ਲਿਜਾਣਾ, ਜਿੱਥੇ ਸਿਆਸੀ ਹਿਲਜੁਲ ਕਾਰਨ ਨੁਕਸਾਨ ਦਾ ਖ਼ਤਰਾ ਨਾ ਹੋਵੇ) ਵੀ ਕਰ ਰਹੀਆਂ ਹਨ। ਸੈਮਸੰਗ ਨੇ ਇਸ ਸੰਬਧੀ ਵੀਅਤਨਾਮ ਨੂੰ ਚੁਣਿਆ ਹੈ। ਵੀਅਤਨਾਮ ਨੇ ਗੂਗਲ ਨੂੰ ਵੀ ਆਪਣੇ ਪਿਕਸਲ ਫੋਨਜ਼ ਦੀ ਪੈਦਾਵਾਰ ਲਈ, ਐਪਲ ਨੂੰ ਆਪਣੀਆਂ ਮੈਕਬੁਕਸ ਤੇ ਆਈਫੋਨਜ਼ ਦੀ ਪੈਦਾਵਾਰ ਲਈ ਅਤੇ ਨਾਲ ਹੀ ਨਾਇਕੀ ਤੇ ਐਡੀਡਾਸ ਨੂੰ ਵੀ ਆਪਣੇ ਵੱਲ ਖਿੱਚਿਆ ਹੈ। ਮਲੇਸ਼ੀਆ ਨੂੰ ਵੀ ਚੀਨ ਤੋਂ ਬਾਹਰ ਜਾਣ ਵਾਲੇ 32 ਪ੍ਰਾਜੈਕਟਾਂ ਦਾ ਫਾਇਦਾ ਹੋਇਆ। ਇਸੇ ਤਰ੍ਹਾਂ ਅਮਰੀਕੀ ਸਦਰ ਜੋਅ ਬਾਇਡਨ ਦੇ ਏਸ਼ੀਆ ਦੇ ਵੱਡੇ ਸਨਅਤੀ ਮੁਲਕਾਂ ਤੋਂ ਬਾਹਰ ਆਉਣ ਵਾਲੀਆਂ ਕੰਪਨੀਆਂ ਨੂੰ ਮਾਲੀ ਪ੍ਰੇਰਕ ਦੇਣ ਦੇ ਐਲਾਨ ਪ੍ਰਤੀ ਹੁੰਗਾਰਾ ਭਰਦਿਆਂ ਹਿਉਂਦਈ ਨੇ ਜੌਰਜੀਆ ਵਿਚ ਇਲੈਕਟ੍ਰਿਕ ਵਾਹਨ ਤੇ ਬੈਟਰੀ ਪਲਾਂਟ ਲਾਉਣ ਦਾ ਐਲਾਨ ਕੀਤਾ ਹੈ। ਐੱਲਜੀ ਨੇ ਵੀ ਓਹਾਈਓ ਵਿਚ ਨਵੀਂ ਬੈਟਰੀ ਫੈਕਟਰੀ ਲਈ ਹੌਂਡਾ ਨਾਲ ਭਾਈਵਾਲੀ ਦਾ ਫ਼ੈਸਲਾ ਕੀਤਾ ਹੈ।



ਚੀਨ ਨੂੰ ਆਪਣੇ ਹਮਲਾਵਰ ਰਵੱਈਏ ਤੋਂ ਕੋਈ ਫ਼ਾਇਦਾ ਨਹੀਂ ਹੋਇਆ। ਇਸੇ ਤਰ੍ਹਾਂ (ਦੋ-ਤਰਫ਼ਾ) ਵੀਜ਼ਾ ਪਾਬੰਦੀ ਤੋਂ ਦੋਵਾਂ ਜਪਾਨ ਤੇ ਦੱਖਣੀ ਕੋਰੀਆ ਨੂੰ ਨੁਕਸਾਨ ਪੁੱਜਾ ਹੈ, ਜਿਹੜਾ ਸਿਆਸੀ ਤਣਾਵਾਂ ਵਜੋਂ ਜ਼ਾਹਰ ਹੋਇਆ। ਕੋਰੀਆ ਦੀ ਲੌਟੇ ਪਰਚੂਨ ਲੜੀ, ਸਵੀਡਨ ਦੀ ਐਰਿਕਸਨ, ਆਸਟਰੇਲੀਆ ਦੇ ਸ਼ਰਾਬ ਨਿਰਮਾਤਾ, ਤਾਈਵਾਨ ਦੇ ਅਨਾਨਾਸ ਉਤਪਾਦਕ ਅਤੇ ਲਿਥੁਆਨੀਆ ਦੀਆਂ ਕੰਪਨੀਆਂ ਉਨ੍ਹਾਂ ਧਿਰਾਂ ਵਿਚ ਸ਼ਾਮਲ ਹਨ ਜਿਨ੍ਹਾਂ ਨੂੰ ਡਰੈਗਨ ਦੇ ਫੁੰਕਾਰਿਆਂ ਦਾ ਸੇਕ ਲੱਗਾ। ਕੁਦਰਤੀ ਤੌਰ 'ਤੇ ਆਲਮੀ ਕੰਪਨੀਆਂ ਚੀਨ ਵਿਚ ਵਧਿਆ ਹੋਇਆ ਸਿਆਸੀ ਖ਼ਤਰਾ ਦੇਖਦੀਆਂ ਹਨ ਤੇ ਨਾਲ ਹੀ ਵਿਤਕਰੇ, ਵਧਦੀਆਂ ਹੋਈਆਂ ਪੈਦਾਵਾਰੀ ਲਾਗਤਾਂ (ਵੀਅਤਨਾਮ ਵਿਚ ਦਾਖਲਾ-ਪੱਧਰੀ ਫੈਕਟਰੀ ਉਜਰਤਾਂ 60 ਫ਼ੀਸਦੀ ਤੱਕ ਘੱਟ ਹਨ), ਵਾਤਾਵਰਨ ਸਬੰਧੀ ਸਖ਼ਤ ਨਿਯਮਾਂ ਅਤੇ ਲਗਾਤਾਰ ਸਪਲਾਈ ਵਿਚ ਵਿਘਨ ਆਦਿ ਦੀ ਸ਼ਿਕਾਇਤ ਕਰਦੀਆਂ ਹਨ। ਇਕ ਯੂਰਪੀ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ 23 ਫ਼ੀਸਦੀ ਕੰਪਨੀਆਂ ਚੀਨ ਤੋਂ ਬਾਹਰ ਨਿਕਲਣ ਦੀ ਸੋਚ ਰਹੀਆਂ ਹਨ।

ਇਸ ਸਭ ਕਾਸੇ ਦਾ ਮਤਲਬ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਚੀਨ ਨੂੰ ਉਦਪਾਦਨ ਦੇ ਆਧਾਰ ਜਾਂ ਬਾਜ਼ਾਰ ਵਜੋਂ ਤੱਜ ਦਿੱਤਾ ਜਾਵੇ। ਅਸਲ ਵਿਚ 2022 ਦੌਰਾਨ ਚੀਨ ਵਿਚ ਸਿੱਧਾ ਵਿਦੇਸ਼ੀ ਨਿਵੇਸ਼ ਵਧਿਆ ਹੈ। ਮਿਸਾਲ ਵਜੋਂ ਜਰਮਨੀ ਦੀ ਬੀਏਐੱਸਐੱਫ ਚੀਨ ਵਿਚ ਪਲਾਂਟ ਲਾ ਰਹੀ ਹੈ। ਪਿਛਲੇ ਹਫ਼ਤੇ 'ਫਾਈਨੈਂਸ਼ੀਅਲ ਟਾਈਮਜ਼' ਵਿਚ ਦੋ ਕਿਸ਼ਤਾਂ ਵਿਚ ਛਪੀ ਲੜੀ ਵਿਚ ਇਸ ਗੱਲ ਦੀ ਤਫ਼ਸੀਲ ਦਿੱਤੀ ਗਈ ਹੈ ਕਿ ਐਪਲ ਦਾ ਉਤਪਾਦਨ ਢਾਂਚਾ ਕਿਵੇਂ ਚੀਨੀ ਆਲੇ-ਦੁਆਲੇ ਨਾਲ ਘਿਉ-ਖਿਚੜੀ ਹੈ। ਚੀਨ ਤੋਂ ਦਰਾਮਦਾਂ ਨੂੰ ਰੋਕਣ ਲਈ ਕੋਸ਼ਿਸ਼ ਕਰਨ ਵਾਲੇ ਅਮਰੀਕਾ ਤੇ ਭਾਰਤ ਵਰਗੇ ਮੁਲਕਾਂ ਨੂੰ ਉਲਟਾ ਚੀਨ ਨਾਲ ਆਪਣੇ ਵਪਾਰ ਘਾਟੇ ਵਿਚ ਇਜ਼ਾਫੇ ਦਾ ਹੀ ਸਾਹਮਣਾ ਕਰਨਾ ਪਿਆ ਹੈ। ਤਾਂ ਵੀ ਰਉਂ ਵਿਚ ਤਬਦੀਲੀ ਨਕਾਰੀ ਨਹੀਂ ਜਾ ਸਕਦੀ। ਸੀਐੱਨਬੀਸੀ ਦੀ ਇਕ ਸਪਲਾਈ ਚੇਨ 'ਹੀਟ ਮੈਪ' ਵਿਚ ਦਿਖਾਇਆ ਗਿਆ ਹੈ ਕਿ ਚੀਨ ਨੂੰ ਵੀਅਤਨਾਮ, ਮਲੇਸ਼ੀਆ, ਬੰਗਲਾਦੇਸ਼, ਭਾਰਤ ਤੇ ਤਾਈਵਾਨ ਦੇ ਮੁਕਾਬਲੇ ਮਾਤ ਖਾਣੀ ਪੈ ਰਹੀ ਹੈ।

ਇਸ ਲਈ ਸਨਅਤੀ ਨੀਤੀ ਦੀ ਮੁੜ-ਸੁਰਜੀਤੀ, ਜਿਸ ਦਾ ਵਿਸ਼ਵੀਕਰਨ ਦੇ ਦੌਰ ਵਿਚ ਕਾਫ਼ੀ ਮਜ਼ਾਕ ਉਡਾਇਆ ਜਾਂਦਾ ਹੈ, ਕਾਫ਼ੀ ਹਕੀਕੀ ਹੈ। ਇਹ ਕੌਮੀ ਸਲਾਮਤੀ ਸਬੰਧੀ ਸਰੋਕਾਰਾਂ, ਸਪਲਾਈ-ਲੜੀਆਂ ਦੀਆਂ ਕਮਜ਼ੋਰੀਆਂ ਅਤੇ ਸਿਆਸੀ ਤਣਾਵਾਂ ਤੋਂ ਪ੍ਰੇਰਿਤ ਹੈ ਤੇ ਇਹ ਸਾਰਾ ਕੁਝ ਮਿਲ ਕੇ ਸਿੱਧੀ ਮੁਕਾਬਲੇਬਾਜ਼ੀ ਨੂੰ ਪ੍ਰਭਾਵਿਤ ਕਰਦਾ ਹੈ।

ਚੀਨ ਨੇ ਖ਼ੁਦ ਬੀਤੇ ਸਤੰਬਰ ਵਿਚ (ਕੋਈ ਤਫ਼ਸੀਲ ਦੇਣ ਤੋਂ ਬਿਨਾਂ) ਵਿਆਪਕ ਕੌਮੀ ਸੁਰੱਖਿਆ ਸਿਸਟਮ ਦੀ ਕਾਇਮੀ ਦਾ ਐਲਾਨ ਕੀਤਾ ਸੀ, ਜਿਸ ਨੂੰ 'ਸਭ ਕਾਸੇ ਦਾ ਸਕਿਉਰਿਟੀਕਰਨ' (ਸ਼ੇਅਰੀਕਰਨ) ਕਰਨਾ ਕਰਾਰ ਦਿੱਤਾ ਗਿਆ ਸੀ।

ਇਸ ਤਸਵੀਰ ਤੋਂ ਦਿਖਾਈ ਦਿੰਦਾ ਹੈ ਕਿ ਭਾਰਤ ਦੀ ਮੌਜੂਦਾ ਨੀਤੀ (ਉਤਪਾਦਨ ਨਾਲ ਜੁੜੇ ਹੋਏ ਪ੍ਰੇਰਕ, ਪੂੰਜੀ ਸਬਸਿਡੀਆਂ ਆਦਿ) ਦਾ ਜ਼ੋਰ, ਸਹੀ ਹੋਵੇ ਜਾਂ ਗ਼ਲਤ, ਜੇ ਆਲਮੀ ਰੁਝਾਨ ਮੁਤਾਬਕ ਨਹੀਂ ਵੀ ਹੈ, ਤਾਂ ਵੀ ਕਾਫ਼ੀ ਹੱਦ ਤੱਕ ਪੂਰਬੀ ਏਸ਼ੀਆਈ ਲੀਹ ਨਾਲ ਮੇਲ ਖਾਂਦਾ ਹੈ। ਪਰ ਸੰਯੁਕਤ ਰਾਸ਼ਟਰ ਦੀ 2021 ਦੀ ਵਿਦੇਸ਼ੀ ਨਿਵੇਸ਼ ਸਬੰਧੀ ਸੂਚੀ ਵਿਚ ਭਾਰਤ ਦਾ ਸਥਾਨ ਸੱਤਵਾਂ ਸੀ ਅਤੇ ਮੁਲਕ ਆਲਮੀ ਕੰਪਨੀਆਂ ਲਈ ਚੀਨ ਦਾ ਸਹਿਜ ਬਦਲ ਨਹੀਂ ਹੈ। ਇਸ ਹਾਲਾਤ ਨੂੰ ਬਦਲਣ ਲਈ ਭਾਰਤ ਨੂੰ ਖੇਤਰੀ ਵਪਾਰ ਢਾਂਚਿਆਂ ਵਿਚ ਸ਼ਾਮਲ ਹੋ ਕੇ ਲਾਜ਼ਮੀ ਤੌਰ 'ਤੇ ਪੂਰਬੀ ਏਸ਼ੀਆ ਨਾਲ ਇਕਜੁੱਟ ਹੋਣਾ ਚਾਹੀਦਾ ਹੈ ਅਤੇ ਨਾਲ ਹੀ ਆਪਣੀਆਂ ਕਰ ਵਲਗਣਾਂ ਨੂੰ ਘਟਾਉਣਾ ਤੇ ਆਪਣੀ ਕਿਰਤ ਸ਼ਕਤੀ ਦਾ ਮਿਆਰ ਵਧਾਉਣਾ ਚਾਹੀਦਾ ਹੈ।

# ਸਿਲੀਕਾਨ ਵੈਲੀ- ਕੰਪਿਊਟਰ ਤੇ ਸਾਫਟਵੇਅਰ ਦੇ ਬਾਦਸ਼ਾਹਾਂ ਦਾ ਟਿਕਾਣਾ



ਬਲਰਾਜ ਸਿੰਘ ਸਿੱਧੂ

ਸਿਲੀਕਾਨ ਵੈਲੀ ਉੱਤਰੀ ਕੈਲੀਫੋਰਨੀਆਂ ਦਾ ਉਹ ਇਲਾਕਾ ਹੈ ਜਿੱਥੇ ਸੰਸਾਰ ਦੀਆਂ ਤਕਰੀਬਨ ਸਾਰੀਆਂ ਸਾਫਟਵੇਅਰ ਅਤੇ ਕੰਪਿਊਟਰ ਕੰਪਨੀਆਂ ਦੇ ਹੈਡਕਵਾਟਰ ਅਤੇ ਖੋਜਸ਼ਾਲਾਵਾਂ ਸਥਿੱਤ ਹਨ। ਇਹ ਸਾਨ ਮੈਟੀਉ ਅਤੇ ਸਾਂਤਾ ਕਲਾਰਾ ਜ਼ਿਲ੍ਹਿਆਂ ਵਿੱਚ ਫੈਲਿਆ ਹੋਇਆ ਹੈ। ਅਮਰੀਕਾ ਦਾ ਦਸਵਾਂ ਸਭ ਤੋਂ ਵੱਡਾ ਸ਼ਹਿਰ ਸਾਨ ਜੋਸ ਇਸ ਖੇਤਰ ਵਿੱਚ ਹੀ ਆਉਂਦਾ ਹੈ।

ਇਸ ਤੋਂ ਇਲਾਵਾ ਸਿਲੀਕਾਨ ਵੈਲੀ ਵਿੱਚ ਸੰਨੀਵੇਲ, ਰੈਡਵੁੱਡ ਸਿਟੀ, ਮਾਊਂਟੇਨ ਵਿਊ, ਪਾਊਲੋ ਆਲਟੋ, ਮੈਨਲੋ ਪਾਰਕ ਅਤੇ ਕਿਊਪਰੋਟੀਨੋ ਸ਼ਹਿਰ ਆਉਂਦੇ ਹਨ। ਸਾਨ ਜੋਸ ਮੈਟਰੋਪਾਲੀਟਨ ਏਰੀਆ ਦੀ ਪ੍ਰਤੀ ਵਿਅਕਤੀ ਆਮਦਨ ਸੰਸਾਰ ਵਿੱਚ ਤੀਸਰੇ (ਜਿਊਰਿਚ ਸਵਿਟਜ਼ਰਲੈਂਡ ਪਹਿਲੇ ਅਤੇ ਉਸਲੋ ਨਾਰਵੇ ਦੂਸਰੇ) ਸਥਾਨ 'ਤੇ ਆਉਂਦੀ ਹੈ। ਇੱਥੇ ਘਰਾਂ ਦੀ ਕੀਮਤ ਅਮਰੀਕਾ ਵਿੱਚ ਸਭ ਤੋਂ ਵੱਧ ਹੈ। 2021 ਦੇ ਸਰਵੇ ਮੁਤਾਬਕ ਸਿਲੀਕਾਨ ਵੈਲੀ ਵਿੱਚ 5 ਲੱਖ ਦੇ ਕਰੀਬ ਇੰਜੀਨੀਅਰ ਅਤੇ ਟੈਕਨੀਸ਼ੀਨੀਅਨ ਆਈਟੀ ਸੈਕਟਰ ਵਿੱਚ ਕੰਮ ਕਰ ਰਹੇ ਹਨ। ਸਿਲੀਕਾਨ ਵੈਲੀ ਸੰਸਾਰ ਦੀਆਂ ਜ਼ਿਆਦਾਤਰ ਹਾਈ ਟੈਕ ਕਾਰਪੋਰੇਸ਼ਨਾਂ ਦਾ ਘਰ ਹੈ ਤੇ ਸੰਸਾਰ ਦੀਆਂ 1000 ਟਾਪ ਕੰਪਨੀਆਂ ਵਿੱਚੋਂ 40 ਦਾ ਹੈਡਕਵਾਟਰ ਇੱਥੇ ਹੈ। ਸਿਲੀਕਾਨ ਵੈਲੀ ਦੇ ਇਸ ਛੋਟੇ ਜਿਹੇ ਖਿੱਤੇ ਵਿੱਚ ਅਮਰੀਕਾ ਦੀ ਕੁੱਲ ਵੈਂਚਰ ਕੈਪੀਟਲ ਇਨਵੈਸਟਮੈਂਟ (ਉਧਿਅਮ ਪੂੰਜੀ) ਵਿੱਚ ਇੱਕ ਤਿਹਾਈ ਹਿੱਸਾ ਹੈ। ਵੈਂਚਰ ਕੈਪੀਟਲ ਇਨਵੈਸਟਮੈਂਟ ਨਵੀਆਂ ਉੱਭਰਦੀਆਂ ਹੋਈਆਂ ਫਰਮਾਂ ਅਤੇ ਕੰਪਨੀਆਂ ਵਿੱਚ ਸਥਾਪਿਤ ਕੰਪਨੀਆਂ ਅਤੇ ਨਿਵੇਸ਼ਕਾਂ ਦੁਆਰਾ ਕੀਤਾ ਜਾਣ ਵਾਲਾ ਨਿਵੇਸ਼ ਹੈ ਜਿਨ੍ਹਾਂ ਵਿੱਚ ਕੁਝ ਕਰ ਵਿਖਾਉਣ ਦੀ ਸਮਰੱਥਾ ਹੋਵੇ। ਦੁਨੀਆਂ ਦੇ ਪਹਿਲੇ ਸਿਲੀਕਾਨ ਮਾਈਕਰੋ ਚਿੱਪ, ਮਾਈਕਰੋ ਪ੍ਰੋਸੈਸਰ ਅਤੇ ਮਾਈਕਰੋ ਕੰਪਿਊਟਰ ਦੀ ਖੋਜ ਸਿਲੀਕਾਨ ਵੈਲੀ ਵਿੱਚ ਹੀ ਹੋਈ ਸੀ। ਮਾਈਕਰੋ ਕੰਪਿਊਟਰ ਦੀ ਖੋਜ ਕਾਰਨ ਹੀ ਡੈਸਕ ਟਾਪ ਕੰਪਿਊਟਰ, ਲੈਪਟਾਪ, ਸਮਾਰਟ ਫੋਨ, ਨੋਟਬੁੱਕ, ਬੱਚਿਆਂ ਦੀਆਂ ਖੇਡਾਂ ਦੇ ਕੰਨਸੋਲ ਅਤੇ ਟੇਬਲਟ ਆਦਿ ਦੀ ਖੋਜ ਸੰਭਵ ਹੋ ਸਕੀ ਹੈ।

ਸਿਲੀਕਾਨ ਵੈਲੀ ਦਾ ਨਾਮ ਇੱਥੇ ਸਿਲੀਕਾਨ ਅਧਾਰਿਤ ਟਰਾਂਜ਼ਿਸਟਰ ਅਤੇ ਇੰਟੀਗਰੇਟਡ ਸਰਕਿਟ ਚਿੱਪ (ਆਈ।ਸੀ।) ਦੀ ਖੋਜ ਕਰਨ ਦੇ ਸਨਮਾਨ ਵਜੋਂ ਰੱਖਿਆ ਗਿਆ ਸੀ। ਇਸ ਨਾਮ ਨੂੰ ਪ੍ਰਸਿੱਧ ਵਿਗਿਆਨ ਲੇਖਕ ਡਾਨ ਹੈਫਲਰ ਨੇ ਪਹਿਲੀ ਵਾਰ 11 ਜਨਵਰੀ 1971 ਨੂੰ ਚੋਟੀ ਦੇ ਬਿਜ਼ਨਸ ਮੈਗਜ਼ੀਨ ਇਲੈਕਟਰੌਨਿਕ ਨਿਊਜ਼ ਲਈ ਲਿਖੇ ਗਏ ਇੱਕ ਲੇਖ ਵਿੱਚ ਵਰਤਿਆ ਸੀ ਜੋ ਵਿਸ਼ਵ ਪ੍ਰਸਿੱਧ ਹੋ ਗਿਆ। ਇਸ ਖਿੱਤੇ ਨੂੰ ਸਥਾਪਿਤ ਕਰਨ ਲਈ ਅਮਰੀਕਾ ਦੇ ਰੱਖਿਆ ਵਿਭਾਗ ਅਤੇ ਸਟੈਨਫੋਰਡ ਯੂਨੀਵਰਸਿਟੀ ਦੀ ਮੈਨੇਜਮੈਂਟ ਨੇ ਬਹੁਤ ਵੱਡਾ ਯੋਗਦਾਨ ਪਾਇਆ ਹੈ। 1933 ਵਿੱਚ ਅਮਰੀਕੀ ਨੇਵੀ ਨੇ ਸਨੀਵੇਲ ਵਿਖੇ ਇੱਕ ਨੇਵਲ ਬੇਸ ਤਿਆਰ ਕੀਤੀ ਅਤੇ ਨੇਵੀ ਦੀਆਂ ਤਕਨੀਕੀ ਜ਼ਰੂਰਤਾਂ ਨੂੰ ਪੂਰੀਆਂ ਕਰਨ ਵਾਸਤੇ ਯੋਗ ਕੰਪਨੀਆਂ ਨੂੰ ਮੁਫ਼ਤ ਦੇ ਰੇਟ ਵਿੱਚ ਜ਼ਮੀਨ ਵੰਡੀ ਸੀ। ਕੁਝ ਸਾਲਾਂ ਬਾਅਦ ਨੇਵੀ ਆਪਣਾ ਬੇਸ ਸਾਨ ਡੀਆਗੋ ਲੈ ਗਈ ਪਰ ਕੰਪਨੀਆਂ ਇੱਥੇ ਹੀ ਕੰਮ ਕਰਦੀਆਂ ਰਹੀਆਂ ਸਗੋਂ ਅਨੇਕਾਂ ਨਵੀਆਂ ਕੰਪਨੀਆਂ ਤੇਜ਼ੀ ਨਾਲ ਵਿਕਸਤ ਹੋ ਰਹੇ ਇਸ ਇਲਾਕੇ ਵਿੱਚ ਪਹੁੰਚ ਗਈਆਂ। ਇਨ੍ਹਾਂ ਕੰਪਨੀਆਂ ਵਿੱਚ ਸਭ ਤੋਂ ਪ੍ਰਸਿੱਧ ਅਤੇ ਵੱਡੀ ਕੰਪਨੀ ਬੋਇੰਗ ਜਹਾਜ਼ ਬਣਾਉਣ ਵਾਲੀ ਲਾਕਹੀਡ ਸੀ। ਇਸ ਤੋਂ ਬਾਅਦ ਹਿਉਲੈਟ ਪੈਕਰਡ, ਕੋਡਕ, ਜਨਰਲ ਇਲੈਕਟਰਿੱਕ ਅਤੇ ਵੇਰੀਅਨ ਐਸੋਸੀਏਟ ਆਦਿ ਵਰਗੀਆਂ ਵੱਡੀਆਂ ਕੰਪਨੀਆਂ ਨੇ ਵੀ ਇੱਥੇ ਕਾਰੋਬਾਰ ਸਥਾਪਿਤ ਕਰ ਲਿਆ।



ਸਿਲੀਕਾਨ ਵੈਲੀ ਵਿੱਚ ਕੰਮ ਕਰਦੇ ਹੋਏ ਸੈਂਕੜੇ ਕੰਪਨੀਆਂ ਨੇ ਸਫਲਤਾ ਦੇ ਝੰਡੇ ਗੱਡੇ ਹਨ ਤੇ ਵਿਗਿਆਨਕ ਚਮਤਕਾਰ ਕੀਤੇ ਹਨ। ਕੰਪਿਊਟਰ ਕੰਪਨੀ ਹਿਉਲੈਟ ਪੈਕਰਡ ਦੀ ਕਹਾਣੀ ਵੀ ਇਸ ਪ੍ਰਕਾਰ ਦੀ ਹੈ। ਇਹ ਕੰਪਨੀ (ਐਚ।ਪੀ) 1939 ਵਿੱਚ ਡੇਵਿਡ ਪੈਕਰਡ ਅਤੇ ਬਿੱਲ ਹਿਊਲੈਟ ਨੇ ਪੈਕਰਡ ਦੇ ਗੈਰਾਜ ਵਿੱਚ ਸ਼ੁਰੂ ਕੀਤੀ ਸੀ ਜੋ ਤਰੱਕੀ ਦੀਆਂ ਪੌੜੀਆਂ ਚੜ੍ਹਦੀ ਹੋਈ ਜਲਦੀ ਹੀ ਦੁਨੀਆ ਦੀ ਨੰਬਰ ਵਨ ਕੰਪਿਊਟਰ ਕੰਪਨੀ ਬਣ ਗਈ। ਘਰਾਂ ਵਿੱਚ ਡਾਕੂਮੈਂਟ ਪ੍ਰਿੰਟ ਕਰਨ ਵਾਲੇ ਇੱਕ ਜੈਟ ਪ੍ਰਿੰਟਰ ਦੀ ਖੋਜ 1984 ਵਿੱਚ ਇਸ ਕੰਪਨੀ ਨੇ ਹੀ ਕੀਤੀ ਸੀ। ਸਿਲੀਕਾਨ ਵੈਲੀ ਨੂੰ ਸੰਸਾਰ 'ਚ ਪ੍ਰਸਿੱਧ ਕਰਨ ਵਾਲੇ ਤੇ ਇਹ ਨਾਮ ਹਾਸਲ ਕਰਨ ਦੇ ਸਮਰੱਥ ਬਣਾਉਣ ਦਾ ਸਿਹਰਾ ਦੋ ਵਿਗਿਆਨੀਆਂ ਮੁਹੰਮਦ ਅਤਾਲਾ ਅਤੇ ਡਾਵੌਨ ਕਾਹੰਗ ਦੇ ਸਿਰ ਬੱਝਦਾ ਹੈ। ਉਨ੍ਹਾਂ ਨੇ 1959 ਵਿੱਚ ਸਿਲੀਕਾਨ ਸੈਮੀਕੰਡਕਟਰ ਦੀ ਖੋਜ ਕੀਤੀ ਸੀ। ਇਸ ਖੋਜ ਨੇ ਸਾਫਟਵੇਅਰ ਖੇਤਰ ਵਿੱਚ ਕ੍ਰਾਂਤੀ ਲਿਆ ਦਿੱਤੀ ਜਿਸ ਕਾਰਨ ਅੱਜ ਦਾ ਕੰਪਿਊਟਰ ਤੇ ਹੋਰ ਇਲੈਕਟਰੌਨਿਕ ਦਾ ਸਾਮਾਨ ਬਣਨਾ ਸੰਭਵ ਹੋਇਆ। ਇਨ੍ਹਾਂ ਦੀ ਖੋਜ ਨੂੰ ਅੱਗੇ ਵਧਾਉਂਦੇ ਹੋਏ ਇੰਟੈਲ ਕੰਪਨੀ ਨੇ 1974 ਵਿੱਚ ਸੰਸਾਰ ਦਾ ਪਹਿਲਾ ਮਾਈਕਰੋ ਪ੍ਰੋਸੈਸਰ, ਇੰਟੈਲ 8080 ਪੇਸ਼ ਕੀਤਾ ਸੀ ਜਿਸ ਨੂੰ ਕੰਪਿਊਟਰ ਆਨ ਏ ਚਿੱਪ ਐਲਾਨਿਆ ਗਿਆ। ਫਿਰ ਤਾਂ ਕੰਪਿਊਟਰ ਉਦਯੋਗ ਵਿੱਚ ਕ੍ਰਾਂਤੀ ਹੀ ਆ ਗਈ। ਅਨੇਕਾਂ ਕੰਪਨੀਆਂ ਇਸ ਕੰਮ ਵਿੱਚ ਕੁੱਦ ਪਈਆਂ। ਐਪਲ ਕੰਪਨੀ ਦੀ ਸਥਾਪਨਾ ਵੀ 1 ਅਪਰੈਲ 1976 ਨੂੰ ਸਟੀਵ ਜੌਬਜ਼, ਸਟੀਵ ਵਾਜ਼ਨਿਕ ਅਤੇ ਰੋਨਾਲਡ ਵੇਨ ਦੁਆਰਾ ਸਿਲੀਕਾਨ ਵੈਲੀ ਵਿੱਚ ਹੀ ਕੀਤੀ ਗਈ ਸੀ।

ਸੂਚਨਾ ਤਕਨੀਕ, ਸਾਫਟਵੇਅਰ ਅਤੇ ਕੰਪਿਊਟਰ ਦੀ ਦੁਨੀਆ ਵਿੱਚ ਕ੍ਰਾਂਤੀ ਲਿਆ ਦੇਣ ਵਾਲੀ ਮਨੁੱਖੀ ਇਤਿਹਾਸ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਖੋਜ ਇੰਟਰਨੈਟ ਦੀ ਸ਼ੁਰੂਆਤ ਵੀ ਸਿਲੀਕਾਨ ਵੈਲੀ ਵਿੱਚ ਹੀ ਹੋਈ ਸੀ। 23 ਅਪਰੈਲ 1963 ਨੂੰ ਅਮਰੀਕਾ ਦੀ ਸੁਰੱਖਿਆ ਏਜੰਸੀ ਪੈਂਟਾਗਨ ਦੇ ਸੂਚਨਾ ਤਕਨੀਕ ਵਿਭਾਗ ਦੇ ਡਾਇਰੈਕਟਰ ਜੇ ਸੀ ਆਰ ਲਿਕਲਾਈਡਰ ਨੇ ਸਿਲੀਕਾਨ ਵੈਲੀ ਵਿੱਚ ਉਸ ਸਮੇਂ ਦੀਆਂ ਚੋਟੀ ਦੀਆਂ ਕੰਪਨੀਆਂ ਦੇ ਨੁਮਾਇੰਦਿਆਂ ਦੀ ਇੱਕ ਮੀਟਿੰਗ ਕੀਤੀ। ਉਸ ਨੇ ਇੱਕ ਅਨੋਖਾ ਤੇ ਬਿਲਕੁਲ ਨਵੀਨ ਵਿਚਾਰ ਸਭ ਦੇ ਸਾਹਮਣੇ ਰੱਖਿਆ ਕਿ ਕੋਈ ਅਜਿਹਾ ਤਰੀਕਾ ਲੱਭਿਆ ਜਾਵੇ, ਜੋ ਹਰ ਆਮ ਖ਼ਾਸ ਲਈ ਖੁੱਲ੍ਹਾ ਹੋਵੇ ਅਤੇ ਜਿਸ ਦੁਆਰਾ ਸਰਕਾਰੀ, ਕਾਰਪੋਰੇਟ ਅਤੇ ਆਮ ਜਨਤਾ ਦੇ ਕੰਪਿਊਟਰ ਆਪਸ ਵਿੱਚ ਜੁੜ ਸਕਣ ਅਤੇ ਸੂਚਨਾ ਦਾ ਅਦਾਨ-ਪ੍ਰਦਾਨ ਆਸਾਨੀ ਨਾਲ ਘਰ ਦਫਤਰ ਵਿੱਚ ਬੈਠਿਆਂ ਕੀਤਾ ਜਾ ਸਕੇ। ਇਸ ਵਿਚਾਰ ਨੂੰ ਸਟੈਨਫੋਰਡ ਯੂਨੀਵਰਸਿਟੀ ਦੇ ਰਿਸਰਚ ਇੰਸਟੀਚਿਊਟ ਨੇ ਚੁਣੌਤੀ ਦੇ ਰੂਪ ਵਿੱਚ ਲਿਆ ਤੇ ਮਹਾਨ ਸਾਫਟਵੇਅਰ ਇੰਜੀਨੀਅਰ ਡਗਲਸ ਐਂਗਲਬਰਟ ਦੀ ਟੀਮ ਨੇ ਦੋ ਸਾਲ ਦੀ ਕਰੜੀ ਮਿਹਨਤ ਤੋਂ ਬਾਅਦ ਇੰਟਰਨੈਟ ਦੇ ਪਿਤਾਮਾ, ਆਰਪਨੈਟ ਦੀ ਖੋਜ ਦੁਨੀਆ ਦੀ ਝੋਲੀ ਵਿੱਚ ਪਾ ਦਿੱਤੀ। ਹੌਲੀ-ਹੌਲੀ ਆਰਪਨੈਟ ਵਿੱਚ ਸੁਧਾਰ ਹੁੰਦਾ ਗਿਆ ਤੇ ਇਹ ਮੌਜੂਦਾ ਇੰਟਰਨੈਟ ਦੇ ਰੂਪ ਵਿੱਚ ਸਾਡੇ ਸਾਹਮਣੇ ਆਇਆ। ਸ਼ੁਰੂਆਤ ਵਿੱਚ ਸਾਫਟਵੇਅਰ ਦੀਆਂ ਸਭ ਤੋਂ ਵੱਧ ਖੋਜਾਂ ਕਰਨ ਦਾ ਸਿਹਰਾ ਜ਼ੀਰੋਕਸ ਕੰਪਨੀ ਨੂੰ ਜਾਂਦਾ ਹੈ। ਇਸ ਦੀਆਂ ਖੋਜਾਂ ਦੇ ਫਲਸਰੂਪ ਹੀ ਅੱਜ ਦੀਆਂ ਪ੍ਰਸਿੱਧ ਕੰਪਨੀਆਂ ਅਬੋਡ ਸਿਸਟਮ, ਸਿਸਕੋ, ਐਪਲ ਕੰਪਿਊਟਰ ਅਤੇ ਮਾਈਕਰੋਸਾਫਟ ਆਦਿ ਹੋਂਦ ਵਿੱਚ ਆਈਆਂ। ਅੱਜ ਦੇ ਨੌਜਵਾਨਾਂ ਨੂੰ ਭਾਵੇਂ ਇਹ ਗੱਲ ਅਜੀਬ ਲੱਗੇ, ਪਰ ਕਿਸੇ ਜ਼ਮਾਨੇ ਵਿੱਚ ਸਿਲੀਕਾਨ ਵੈਲੀ ਦੀ ਖੋਜ ਕੰਪਿਊਟਰ ਮਾਊਸ ਅਤੇ ਲੇਜ਼ਰ ਪ੍ਰਿੰਟਰ ਨੇ ਵੀ ਹਲਚਲ ਮਚਾ ਦਿੱਤੀ ਸੀ। ਸਿਰਫ਼ ਮਾਊਸ ਦੇ ਨਿਰਮਾਣ ਵਿੱਚ ਡਗਲਸ ਐਂਗਲਬਰਟ ਦੀ ਟੀਮ ਨੂੰ ਤਿੰਨ ਸਾਲ ਲੱਗ ਗਏ ਸਨ ਤੇ ਇਸ ਲਈ ਨਿਵੇਸ਼ ਨਾਸਾ ਅਤੇ ਅਮਰੀਕੀ ਏਅਰ ਫੋਰਸ ਨੇ ਕੀਤਾ ਸੀ।

ਸਿਲੀਕਾਨ ਵੈਲੀ ਨੂੰ ਸੰਸਾਰ ਵਿੱਚ ਸਭ ਤੋਂ ਵੱਧ ਸਾਫਟਵੇਅਰ ਅਤੇ ਕੰਪਿਊਟਰ ਸਬੰਧੀ ਖੋਜਾਂ ਕਰਨ ਦਾ ਮਾਣ ਹਾਸਲ ਹੈ। ਇਹ ਅਮਰੀਕਾ ਦਾ ਸਭ ਤੋਂ ਅਮੀਰ ਅਤੇ ਮਹਿੰਗਾ ਇਲਾਕਾ ਹੈ ਤੇ ਇੱਥੇ ਸੰਸਾਰ ਦੀਆਂ ਸਭ ਤੋਂ ਵੱਧ ਹਾਈ ਟੈਕ ਕੰਪਨੀਆਂ ਦੇ ਹੈਡਕਵਾਟਰ ਹਨ। ਅਮਰੀਕਾ ਦੀਆਂ 387000 ਹਾਈ ਟੈਕ ਨੌਕਰੀਆਂ ਵਿੱਚੋਂ 225300 ਇਕੱਲੀ ਸਿਲੀਕਾਨ ਵੈਲੀ ਵਿੱਚ ਹਨ। ਸਿਲੀਕਾਨ ਵੈਲੀ ਵਿੱਚ ਸੰਸਾਰ ਦੇ ਕਿਸੇ ਵੀ ਦੇਸ਼ ਨਾਲੋਂ ਵੱਧ ਹਾਈ ਟੈਕ ਵਰਕਰ ਪ੍ਰਤੀ ਵਰਗ ਕਿ।ਮੀ ਹਨ। ਇੱਥੇ ਹਾਈ ਟੈਕ ਵਿਗਿਆਨੀ ਦੀ ਔਸਤ ਤਨਖ਼ਾਹ 144800 ਡਾਲਰ ਸਾਲਾਨਾ ਹੈ ਜੋ ਸੰਸਾਰ ਵਿੱਚ ਸਭ ਤੋਂ ਵੱਧ ਹੈ। ਇੱਥੇ ਅਮਰੀਕਾ ਦੇ ਕਿਸੇ ਵੀ ਇਲਾਕੇ ਨਾਲੋਂ ਵੱਧ ਕਰੋੜਪਤੀ ਵੱਸਦੇ ਹਨ ਜਿਸ ਕਾਰਨ ਮਕਾਨਾਂ ਦੀਆਂ ਕੀਮਤਾਂ ਅਤੇ ਕਿਰਾਏ ਵੀ ਸੰਸਾਰ ਵਿੱਚ ਸਭ ਤੋਂ ਵੱਧ ਹਨ।

ਸਿਲੀਕਾਨ ਵੈਲੀ ਵਿੱਚ ਕੰਮ ਕਰ ਰਹੀਆਂ ਸੈਂਕੜੇ ਕੰਪਨੀਆਂ ਵਿੱਚੋਂ ਕੁਝ ਪ੍ਰਮੁੱਖ ਕੰਪਨੀਆਂ ਇਸ ਪ੍ਰਕਾਰ ਹਨ, ਅਬੋਡ, ਐਪਲ, ਸਿਸਕੋ, ਈ ਬੇਅ, ਐਚ ਪੀ ਕੰਪਿਊਟਰ, ਇੰਟੈਲ, ਮੇਟਾ (ਫੇਸਬੁੱਕ), ਨੈਟਫਲਿਕਸ, ਪੇਅ ਪਾਲ, ਟਵਿੱਟਰ, ਅਮੇਜ਼ਾਨ ਡਾਟ ਕਾਮ, ਹਿਟਾਚੀ, ਹਿਊਲੈਟ ਪੈਕਰਡ (ਐਚ।ਪੀ), ਲਿਲਕੇਡਨ, ਲਾਕਹੀਡ (ਬੋਇੰਗ ਜਹਾਜ਼), ਲੌਗੀਟੈਕ, ਮੈਕਫੀ, ਕੌਰਾ, ਸੈਨਡਿਸਕ, ਟੈਸਲਾ, ਊਬਰ, ਵਾਲਮਾਰਟ ਅਤੇ ਯੂ ਟਿਊਬ ਆਦਿ।

# 26 ਜਨਵਰੀ- 1950 ਤੋਂ ਲੈ ਕੇ ਹੁਣ ਤੱਕ ਮੁੱਖ ਮਹਿਮਾਨ ਕੌਣ-ਕੌਣ ਰਹੇ

26 ਜਨਵਰੀ 2023 ਨੂੰ, ਭਾਰਤ ਆਪਣਾ 74ਵਾਂ ਗਣਤੰਤਰ ਦਿਵਸ ਮਨਾਏਗਾ। ਇਸ ਮੌਕੇ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਰਾਜਧਾਨੀ ਦਿੱਲੀ ਦੇ ਡਿਊਟੀ ਮਾਰਗ 'ਤੇ ਦੇਸ਼ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਰੱਖਿਆ ਮੰਤਰੀ ਅਤੇ ਹੋਰ ਪਤਵੰਤਿਆਂ ਦੀ ਮੌਜੂਦਗੀ 'ਚ ਦੇਸ਼ ਦੀ ਤਾਕਤ ਅਤੇ ਸੱਭਿਆਚਾਰ ਦੀ ਸ਼ਾਨਦਾਰ ਪਰੇਡ (ਗਣਤੰਤਰ ਦਿਵਸ ਪਰੇਡ) ਦਾ ਆਯੋਜਨ ਕੀਤਾ ਗਿਆ। ਪਰੇਡ ਦੇਖਣ ਲਈ ਮੁੱਖ ਮਹਿਮਾਨ ਵਜੋਂ ਰਾਜ ਦੇ ਮੁਖੀਆਂ ਅਤੇ ਦੂਜੇ ਦੇਸ਼ਾਂ ਦੇ ਪਤਵੰਤਿਆਂ ਨੂੰ ਸੱਦਾ ਦੇਣ ਦੀ ਪਰੰਪਰਾ ਵੀ ਹੈ।



ਆਰਟੀਆਈ ਤਹਿਤ ਇੱਕ ਅਰਜ਼ੀ ਦੇ ਜਵਾਬ ਵਿੱਚ, ਵਿਦੇਸ਼ ਮੰਤਰਾਲੇ ਨੇ ਗਣਤੰਤਰ ਦਿਵਸ ਪਰੇਡ ਦੇ 'ਮੁੱਖ ਮਹਿਮਾਨ' ਬਾਰੇ ਕੁਝ ਦਿਲਚਸਪ ਅੰਕੜੇ ਸਾਂਝੇ ਕੀਤੇ ਹਨ, ਜੋ ਤੁਹਾਡੇ ਲਈ ਜਾਣਨਾ ਵੀ ਬਹੁਤ ਜ਼ਰੂਰੀ ਹੈ। ਤੁਸੀਂ ਸ਼ਾਇਦ ਇਸ ਗੱਲ ਤੋਂ ਜਾਣੂ ਨਾ ਹੋਵੋਗੇ, ਪਰ ਦੇਸ਼ ਵਿਚ ਇਨ੍ਹਾਂ 10 ਮੌਕਿਆਂ 'ਤੇ ਗਣਤੰਤਰ ਦਿਵਸ 'ਤੇ 'ਮੁੱਖ ਮਹਿਮਾਨ' ਵਜੋਂ ਕਿਸੇ ਨੇ ਸ਼ਿਰਕਤ ਨਹੀਂ ਕੀਤੀ। ਇਸ ਪਿੱਛੇ ਕੀ ਕਾਰਨ ਸੀ?

ਭਾਰਤ ਸਰਕਾਰ ਹਰ ਸਾਲ ਗਣਤੰਤਰ ਦਿਵਸ ਪਰੇਡ ਮੌਕੇ ਕਿਸੇ ਵਿਦੇਸ਼ੀ ਨੇਤਾ ਨੂੰ ਸੱਦਾ ਦਿੰਦੀ ਹੈ। ਜਾਣਕਾਰੀ ਲਈ ਦੱਸ ਦੇਈਏ ਕਿ ਪਾਕਿਸਤਾਨ ਦੇ ਗਵਰਨਰ ਜਨਰਲ ਮਲਿਕ ਗੁਲਾਮ ਮੁਹੰਮਦ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ ਰਾਜਪਥ, ਨਵੀਂ ਦਿੱਲੀ ਵਿਖੇ ਗਣਤੰਤਰ ਦਿਵਸ ਪਰੇਡ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਸੀ। ਗਣਤੰਤਰ ਦਿਵਸ ਪਰੇਡ ਵਿੱਚ 10 ਮੌਕਿਆਂ ਨੂੰ ਛੱਡ ਕੇ, ਭਾਰਤ ਵਿੱਚ ਹਮੇਸ਼ਾ ਇੱਕ ਜਾਂ ਦੂਜੇ ਮੁੱਖ ਮਹਿਮਾਨ ਹੁੰਦੇ ਰਹੇ ਹਨ। ਪਰ ਇਨ੍ਹਾਂ ਸਾਲਾਂ ਵਿੱਚ, 1952, 1953, 1956, 1957, 1959, 1962, 1964, 1966, 1967 ਅਤੇ 1970 ਭਾਰਤ ਵਿੱਚ ਆਰਡੀ ਪਰੇਡ ਲਈ ਕੋਈ ਮੁੱਖ ਮਹਿਮਾਨ ਨਹੀਂ ਸੀ।

ਗਣਤੰਤਰ ਦਿਵਸ ਦੀ ਪਰੇਡ ਦੇਖਣ ਲਈ ਏਸ਼ੀਆ, ਯੂਰਪ, ਅਫਰੀਕਾ ਅਤੇ ਅਮਰੀਕਾ ਦੇ ਜ਼ਿਆਦਾਤਰ ਦੇਸ਼ਾਂ ਤੋਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਦੇ ਨਾਲ ਹੀ ਜੇਕਰ ਕੋਈ ਦੇਸ਼ ਮੁੱਖ ਮਹਿਮਾਨ ਦੇ ਤੌਰ 'ਤੇ ਜ਼ਿਆਦਾਤਰ ਵਾਰ ਹਿੱਸਾ ਲੈਂਦਾ ਹੈ, ਤਾਂ ਉਹ ਫਰਾਂਸ ਹੈ।

ਵਰਣਨਯੋਗ ਹੈ ਕਿ ਗਣਤੰਤਰ ਦਿਵਸ 'ਤੇ ਫ੍ਰੈਂਚ ਦੀ ਇਕ ਪਤਵੰਤੀ ਪੰਜ ਵਾਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਈ ਸੀ। ਫਰਾਂਸ ਤੋਂ ਬਾਅਦ ਭੂਟਾਨ (ਚਾਰ) ਅਤੇ ਮਾਰੀਸ਼ਸ (ਤਿੰਨ) ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਬ੍ਰਾਜ਼ੀਲ, ਇੰਡੋਨੇਸ਼ੀਆ, ਨੇਪਾਲ, ਨਾਈਜੀਰੀਆ, ਪਾਕਿਸਤਾਨ, ਬ੍ਰਿਟੇਨ ਅਤੇ ਪੁਰਾਣੇ ਯੂਗੋਸਲਾਵੀਆ ਦੇ ਪਤਵੰਤੇ ਦੋ-ਦੋ ਮੌਕਿਆਂ 'ਤੇ ਮੁੱਖ ਮਹਿਮਾਨ ਸਨ। ਜਦੋਂ ਕਿ ਦੋ ਮੌਕਿਆਂ 'ਤੇ ਪਾਕਿਸਤਾਨ ਤੋਂ ਇੱਕ ਪਤਵੰਤੇ ਮੁੱਖ ਮਹਿਮਾਨ ਸਨ।

**ਮੁੱਖ ਮਹਿਮਾਨ ਦੁਨੀਆ ਦੇ ਕਿਹੜੇ ਹਿੱਸੇ ਵਿੱਚ ਸਭ ਤੋਂ ਵੱਧ ਆਏ?**

1950 ਦੇ ਦਹਾਕੇ ਵਿੱਚ ਸਿਰਫ਼ ਏਸ਼ੀਆ ਦੇ ਪਤਵੰਤਿਆਂ ਨੂੰ ਹੀ ਸੱਦਾ ਦਿੱਤਾ ਗਿਆ ਸੀ। 1960 ਦੇ ਦਹਾਕੇ ਤੋਂ ਯੂਰਪੀਅਨ ਪਤਵੰਤਿਆਂ ਨੂੰ ਸੱਦਿਆ ਜਾਣ ਲੱਗਾ। 1960, 1970 ਅਤੇ 1980 ਦੇ ਦਹਾਕੇ ਵਿੱਚ ਯੂਰਪੀਅਨ ਪਤਵੰਤਿਆਂ ਨੂੰ ਅਕਸਰ ਮੁੱਖ ਮਹਿਮਾਨ ਵਜੋਂ ਬੁਲਾਇਆ ਜਾਂਦਾ ਸੀ।


**ਜਦੋਂ ਈਰਾਨ ਦੇ ਰਾਸ਼ਟਰਪਤੀ ਮੁੱਖ ਮਹਿਮਾਨ ਬਣੇ**

ਸਾਲ 2003 ਵਿੱਚ ਪਹਿਲੀ ਵਾਰ ਈਰਾਨ ਦੇ ਰਾਸ਼ਟਰਪਤੀ ਸੱਯਦ ਮੁਹੰਮਦ ਖ਼ਾਤਮੀ ਨੂੰ ਮੁੱਖ ਮਹਿਮਾਨ ਵਜੋਂ ਇੱਕ ਸਨ-ਮਾਨਯੋਗ ਵਜੋਂ ਸੱਦਿਆ ਗਿਆ ਸੀ। ਫਰਾਂਸ ਦੇ ਸਾਬਕਾ ਰਾਸ਼ਟਰਪਤੀ ਜੈਕ ਸ਼ਿਰਾਕ, ਭੂਟਾਨ ਦੇ ਚੌਥੇ ਰਾਜਾ ਜਿਗਮੇ ਸਿੰਗੇ ਵਾਂਗਚੱਕ ਅਤੇ ਸਾਬਕਾ ਯੂਗੋਸਲਾਵੀਆ ਦੇ ਰਾਸ਼ਟਰਪਤੀ ਜੋਸਿਪ ਟੀਟੋ ਉਨ੍ਹਾਂ ਪਤਵੰਤਿਆਂ ਵਿੱਚ ਸ਼ਾਮਲ ਹਨ ਜਿਨ੍ਹਾਂ ਨੂੰ ਮੁੱਖ ਮਹਿਮਾਨ ਵਜੋਂ ਆਰਡੀ ਪਰੇਡ ਵਿੱਚ ਦੋ ਵਾਰ ਸੱਦਾ ਦਿੱਤਾ ਗਿਆ ਹੈ।

ਚੀਨ ਇਕਲੌਤਾ ਅਜਿਹਾ ਦੇਸ਼ ਹੈ ਜਿਸ ਨੂੰ 1958 ਤੋਂ ਬਾਅਦ ਮੁੱਖ ਮਹਿਮਾਨ ਵਜੋਂ ਸੱਦਾ ਨਹੀਂ ਦਿੱਤਾ ਗਿਆ ਹੈ।

# ਫਿਨਲੈਂਡ ਨੇ ਸਵੀਡਨ ਤੋਂ ਬਿਨਾਂ ਨਾਟੋ 'ਚ ਸ਼ਾਮਲ ਹੋਣ ਦੇ ਦਿੱਤੇ ਸੰਕੇਤ

ਸਟਾਕਹੋਮ- ਫਿਨਲੈਂਡ ਦੇ ਚੋਟੀ ਦੇ ਡਿਪਲੋਮੈਟ ਨੇ ਮੰਗਲਵਾਰ ਨੂੰ ਸਵੀਡਨ ਤੋਂ ਬਿਨਾਂ ਨਾਟੋ ਵਿੱਚ ਸ਼ਾਮਲ ਹੋਣ ਦਾ ਸੰਕੇਤ ਦਿੱਤਾ। ਉਨ੍ਹਾਂ ਕਿਹਾ ਕਿ ਤੁਰਕੀ ਦੇ ਰਾਸ਼ਟਰਪਤੀ ਵੱਲੋਂ ਫੌਜੀ ਗਠਜੋੜ ਦੇ ਵਿਸਤਾਰ 'ਤੇ ਸ਼ੱਕ ਪ੍ਰਗਟਾਏ ਜਾਣ ਤੋਂ ਬਾਅਦ ਦੇਸ਼ ਨੂੰ ਇਹ ਫੈਸਲਾ ਲੈਣਾ ਪੈ ਸਕਦਾ ਹੈ। ਫਿਨਲੈਂਡ ਦੇ ਵਿਦੇਸ਼ ਮੰਤਰੀ ਨੇ ਕਿਹਾ ਕਿ "ਜੇ ਇਹ ਪਤਾ ਚਲਦਾ ਹੈ ਕਿ ਸਵੀਡਨ ਦੀ ਅਰਜ਼ੀ ਭਵਿੱਖ ਵਿੱਚ ਰੁਕ ਰਹੀ ਹੈ, ਤਾਂ ਸਾਨੂੰ ਸਥਿਤੀ ਦਾ ਮੁਲਾਂਕਣ ਕਰਨਾ ਪਏਗਾ," ਫਿਨਿਸ਼ ਵਿਦੇਸ਼ ਮੰਤਰੀ ਪੇਕਾ ਹਾਵਿਸਟੋ ਨੇ ਫਿਨਿਸ਼ ਪ੍ਰਸਾਰਕ ਊ ਨੂੰ ਦੱਸਿਆ।



ਦੂਜੇ ਪਾਸੇ ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਨੇ ਸਵੀਡਨ ਨੂੰ ਚੇਤਾਵਨੀ ਦਿੱਤੀ ਹੈ। ਉਸ ਨੇ ਕਿਹਾ ਕਿ ਅਗਲੇ ਹਫ਼ਤੇ ਸਟਾਕਹੋਮ ਵਿੱਚ ਤੁਰਕੀ ਦੇ ਦੂਤਾਵਾਸ ਦੇ ਬਾਹਰ ਪ੍ਰਦਰਸ਼ਨਾਂ ਤੋਂ ਬਾਅਦ ਉਸ ਨੂੰ ਨਾਟੋ ਦੀ ਮੈਂਬਰਸ਼ਿਪ ਲਈ ਤੁਰਕੀ ਦੇ ਸਮਰਥਨ ਦੀ ਉਮੀਦ ਨਹੀਂ ਕਰਨੀ ਚਾਹੀਦੀ। ਗਠਜੋੜ ਵਿੱਚ ਸ਼ਾਮਲ ਹੋਣ ਲਈ ਸਵੀਡਨ ਅਤੇ ਫਿਨਲੈਂਡ ਦੀ ਇਤਿਹਾਸਕ ਬੋਲੀ ਲਈ ਤੁਰਕੀ ਸਮੇਤ ਸਾਰੇ ਮੌਜੂਦਾ ਨਾਟੋ ਮੈਂਬਰਾਂ ਦੀ ਮਨਜ਼ੂਰੀ ਦੀ ਲੋੜ ਹੈ, ਜਿਸ ਨੇ ਹੁਣ ਤੱਕ ਵਿਸਥਾਰ ਨੂੰ ਰੋਕਿਆ ਹੋਇਆ ਹੈ। ਹੁਣ ਤੱਕ, ਸਵੀਡਨ ਅਤੇ ਫਿਨਲੈਂਡ ਨੇ ਮਿਲ ਕੇ ਗੱਠਜੋੜ ਵਿੱਚ ਸ਼ਾਮਲ ਹੋਣ ਲਈ ਵਚਨਬੱਧ ਕੀਤਾ ਹੈ, ਪਰ ਫਿਨਲੈਂਡ ਦੇ ਵਿਦੇਸ਼ ਮੰਤਰੀ ਹਾਵਿਸਟੋ ਦੀਆਂ ਟਿੱਪਣੀਆਂ ਨੇ ਸੁਝਾਅ ਦਿੱਤਾ ਕਿ ਫਿਨਲੈਂਡ ਆਪਣੇ ਨੋਰਡਿਕ ਗੁਆਂਢੀ ਤੋਂ ਬਿਨਾਂ ਅੱਗੇ ਵਧਣ ਬਾਰੇ ਵਿਚਾਰ ਕਰ ਰਿਹਾ ਹੈ। ਇਸ ਦੇ ਨਾਲ ਹੀ ਸਵੀਡਨ ਦੇ ਵਿਦੇਸ਼ ਮੰਤਰੀ ਟੋਬੀਅਸ ਬਿਲਸਟ੍ਰੋਮ ਦਾ ਬਿਆਨ ਵੀ ਸਾਹਮਣੇ ਆਇਆ ਹੈ। ਉਸ ਨੇ ਫਿਨਲੈਂਡ ਦੇ ਮੀਡੀਆ ਨੂੰ ਦੱਸਿਆ, "ਅਸੀਂ ਫਿਨਲੈਂਡ ਦੇ ਨਾਲ ਸੰਪਰਕ ਵਿੱਚ ਹਾਂ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਇਸਦਾ ਕੀ ਅਰਥ ਹੈ।"

# ਆਲਮੀ ਢਾਂਚੇ ’ਚ ਭਾਰਤ ਦੀ ਭੂਮਿਕਾ ਮਹੱਤਵਪੂਰਨ ਕਿਵੇਂ ਹੋਈ

ਸ੍ਰੀਰਾਮ ਚੌਲੀਆ

ਤੇਜ਼ੀ ਨਾਲ ਬਦਲ ਰਹੇ ਆਲਮੀ ਢਾਂਚੇ ’ਚ ਭਾਰਤ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਜਾ ਰਹੀ ਹੈ। ਭਾਰਤ ਵੀ ਇਸ ਭੂਮਿਕਾ ਨੂੰ ਵਿਸਥਾਰ ਅਤੇ ਗਹਿਰਾਈ ਦੇਣ ’ਚ ਜੁਟਿਆ ਹੈ। ਇਸੇ ਉਦੇਸ਼ ਦੀ ਪੂਰਤੀ ਲਈ ਪਿਛਲੇ ਦਿਨੀਂ ਨਵੀਂ ਦਿੱਲੀ ’ਚ ‘ਵੁਆਇਸ ਆਫ ਦਿ ਗਲੋਬਲ ਸਾਊਥ ਸਮਿਟ’ ਦਾ ਵਰਚੂਅਲ ਸਮਾਗਮ ਹੋਇਆ। ਭਾਰਤ ਦੇ ਸੱਦੇ ’ਤੇ ਕਰੀਬ 125 ਦੇਸ਼ਾਂ ਦੇ ਪ੍ਰਤੀਨਿਧ ਇਸ ’ਚ ਸ਼ਾਮਲ ਹੋਏ। ਇਹ ਇਸ ਗੱਲ ਦਾ ਵੀ ਸਬੂਤ ਹੈ ਕਿ ਆਲਮੀ ਪੱਧਰ ’ਤੇ ਭਾਰਤ ਦਾ ਵੱਕਾਰ ਤੇ ਮਾਨਤਾ ਲਗਾਤਾਰ ਵਧ ਰਹੀ ਹੈ।

ਇਸ ਮੌਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸੰਬੋਧਨ ’ਚ ਮੁੜ ਸਪੱਸ਼ਟ ਹੋਇਆ ਕਿ ਭਾਰਤ ਆਲਮੀ ਪੱਧਰ ’ਤੇ ਉਨ੍ਹਾਂ ਦੇਸ਼ਾਂ ਦੀ ਆਵਾਜ਼ ਉਠਾਉਣਾ ਚਾਹੁੰਦਾ ਹੈ, ਜਿਨ੍ਹਾਂ ਨੂੰ ਅਕਸਰ ਅਣਸੁਣਿਆ ਕਰ ਦਿੱਤਾ ਜਾਂਦਾ ਹੈ। ਸੰਮੇਲਨ ’ਚ ਜੁਟੇ ਵਿਕਾਸਸ਼ੀਲ ਤੇ ਘੱਟ ਵਿਕਸਿਤ ਦੇਸ਼ਾਂ ਦੇ ਪ੍ਰਤੀਨਿਧੀਆਂ ਨੂੰ ਪ੍ਰਧਾਨ ਮੰਤਰੀ ਨੇ ਸੰਦੇਸ਼ ਦਿੱਤਾ ਕਿ ‘ਤੁਹਾਡੀ ਆਵਾਜ਼ ਹੀ ਭਾਰਤ ਦੀ ਆਵਾਜ਼ ਹੈ ਅਤੇ ਤੁਹਾਡੀਆਂ ਤਰਜੀਹਾਂ ਭਾਰਤ ਦੀਆਂ ਤਰਜੀਹਾਂ ਹਨ।’ ਉੱਥੇ ਹੀ ਵਿਦੇਸ਼ ਸਕੱਤਰ ਵੀਐੱਮ ਕਵਾਤਰਾ ਨੇ ਕਿਹਾ ਕਿ ਭਾਰਤ ਦੀ ਜੀ-20 ਮੇਜ਼ਬਾਨੀ ਦੌਰਾਨ ਇਹ ਦਾਅਵਾ ਜ਼ਰੂਰ ਕੀਤਾ ਜਾ ਸਕਦਾ ਹੈ ਕਿ ਉਸ ਨੇ ਨਾ ਸਿਰਫ਼ ਵੱਡੇ ਅਰਥਚਾਰਿਆਂ ਨਾਲ ਚਰਚਾ ਕੀਤੀ ਸਗੋਂ ਸੰਪੂਰਨ ਵਿਕਾਸਸ਼ੀਲ ਦੁਨੀਆ ਦੀਆਂ ਭਾਵਨਾਵਾਂ ਅਤੇ ਵਿਚਾਰਾਂ ਦੀ ਵੀ ਪ੍ਰਤੀਨਿਧਤਾ ਕੀਤੀ।

ਸਪੱਸ਼ਟ ਹੈ ਕਿ ਇਨ੍ਹਾਂ ਗੱਲਾਂ ਨਾਲ ਜੀ-20 ’ਚ ਸ਼ਾਮਲ ਦੇਸ਼ਾਂ ’ਚ ਭਾਰਤ ਪ੍ਰਤੀ ਭਰੋਸੇ ਦੀ ਭਾਵਨਾ ਵਧੀ ਹੋਵੇਗੀ। ਇਸ ਦੀ ਪੁਸ਼ਟੀ ਆਲਮੀ ਬੁਲਾਰਿਆਂ ਦੇ ਬਿਆਨਾਂ ਨਾਲ ਵੀ ਹੋਈ, ਜਿਨ੍ਹਾਂ ਨੇ ਸਵੀਕਾਰ ਕੀਤਾ ਕਿ ਗ਼ਰੀਬ ਤੇ ਵਾਂਝੇ ਦੇਸ਼ਾਂ ਨੂੰ ਇਸੇ ਤਰ੍ਹਾਂ ਇਕਜੁੱਟ ਹੋ ਕੇ ਮੰਚ ’ਤੇ ਲਿਆਂਦਾ ਜਾਵੇ ਤਾਂ ਉਹ ਖ਼ੁਸ਼ਹਾਲੀ ਦੇ ਸੁਪਨੇ ਨੂੰ ਸਾਕਾਰ ਕਰ ਸਕਣਗੇ। ਸੰਯੁਕਤ ਰਾਸ਼ਟਰ ਮਹਾਸਭਾ ’ਚ ਵੀ ਇਹੋ ਸਹਿਮਤੀ ਬਣੀ ਸੀ ਕਿ ਵਿਕਾਸਸ਼ੀਲ ਦੇਸ਼ਾਂ (ਜੀ-77) ਦੀ ‘ਸਾਂਝੀ ਸਮਝੌਤਾ ਗੱਲਬਾਤ ਸਮਰੱਥਾ’ ’ਚ ਵਾਧਾ ਹੋਵੇ ਅਤੇ ਆਪਣੇ ਸੰਖਿਆ ਬਲ ਦੇ ਆਧਾਰ ’ਤੇ ਉਹ ਆਪਣੇ ਹਿੱਤਾਂ ਦੀ ਰੱਖਿਆ ਕਰ ਸਕਣ।

ਇਸ ਸੂਰਤ ’ਚ ਇਹ ਤਸੱਲੀ ਵਾਲੀ ਗੱਲ ਹੀ ਕਹੀ ਜਾਵੇਗੀ ਕਿ ਭਾਰਤ ਨੇ ਇਸ ਸਮੂਹ ਦੇ ਜ਼ਿਆਦਾਤਰ ਦੇਸ਼ਾਂ ਲਈ ਇਹ ਆਯੋਜਨ ਕੀਤਾ ਤੇ ਇਨ੍ਹਾਂ ਦੇਸ਼ਾਂ ਨੇ ਇਸ ਨੂੰ ਸਫ਼ਲ ਬਣਾਇਆ। ਸੰਮੇਲਨ ’ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਤਿਹਾਸਕ ਕੜੀਆਂ ਨੂੰ ਜੋੜਦਿਆਂ ਕਿਹਾ ਕਿ ‘ਵੀਹਵੀਂ ਸਦੀ ’ਚ ਅਸੀਂ ਇਕ ਦੂਜੇ ਦੀ ਸਹਾਇਤਾ ਕੀਤੀ ਅਤੇ ਸਾਮਰਾਜਵਾਦੀ ਉਪਨਿਵੇਸ਼ਵਾਦ ਵਿਰੁੱਧ ਸੰਘਰਸ਼ ਕੀਤਾ ਸੀ’ ਅਤੇ ਆਸ਼ਾ ਪ੍ਰਗਟਾਈ ਕਿ ‘ਅਸੀਂ ਇਹ ਮੁਹਿੰਮ ਦੁਬਾਰਾ ਚਲਾ ਕੇ ਇੱਕੀਵੀਂ ਸਦੀ ’ਚ ਨਵੇਂ ਆਲਮੀ ਢਾਂਚੇ ਦਾ ਨਿਰਮਾਣ ਕਰ ਸਕਦੇ ਹਾਂ, ਜੋ ਸਾਡੇ ਨਾਗਰਿਕਾਂ ਦੀ ਭਲਾਈ ਯਕੀਨੀ ਬਣਾਵੇਗੀ।’

ਅਸਲ ’ਚ ਨਵਾਂ ਆਲਮੀ ਢਾਂਚਾ ਦਹਾਕਿਆਂ ਤੋਂ ਵਿਕਾਸਸ਼ੀਲ ਦੇਸ਼ਾਂ ਦੀ ਮੰਗ ਰਿਹਾ ਹੈ। ਵਿਕਸਿਤ ਦੇਸ਼ਾਂ ਵੱਲੋਂ ਗ਼ਰੀਬ ਮੁਲਕਾਂ ਦਾ ਆਰਥਿਕ ਸ਼ੋਸ਼ਣ, ਉਨ੍ਹਾਂ ਦੇ ਅੰਦਰੂਨੀ










ਮਾਮਲਿਆਂ ’ਚ ਫ਼ੌਜੀ ਦਖ਼ਲ ਅਤੇ ਆਲਮੀ ਵਪਾਰ ਅਤੇ ਨਿਵੇਸ਼ ਨੀਤੀਆਂ ’ਚ ਉਨ੍ਹਾਂ ਨੂੰ ਲਾਭ ਤੋਂ ਵਾਂਝੇ ਰੱਖਣ ਦੀਆਂ ਸੰਸਥਾਗਤ ਚਾਲਾਂ ਨਾਲ ਅਮੀਰ ਅਤੇ ਗ਼ਰੀਬ ਦੇਸ਼ਾਂ ਵਿਚਲਾ ਪਾੜਾ ਲਗਾਤਾਰ ਚੌੜਾ ਹੁੰਦਾ ਗਿਆ ਹੈ। ਭਾਰਤ ਨੇ ਆਜ਼ਾਦੀ ਤੋਂ ਬਾਅਦ ਹਮੇਸ਼ਾ ਹੀ ਗ਼ਰੀਬ ਦੇਸ਼ਾਂ ਦੀ ਆਵਾਜ਼ ਉਠਾਈ ਹੈ।

ਹਾਲਾਂਕਿ ਮੌਜੂਦਾ ਪਰਿਪੇਖ ’ਚ ‘ਗਲੋਬਲ ਸਾਊਥ’ ਯਾਨੀ ਆਲਮੀ ਦੱਖਣ ਦੀਆਂ ਜ਼ਰੂਰਤਾਂ ਵੱਖਰੀਆਂ ਹਨ। ਪਹਿਲਾਂ ਦੀ ਤਰ੍ਹਾਂ ਹੁਣ ਪੱਛਮੀ ਸਾਮਰਾਜਵਾਦ ਅਤੇ ਸਿੱਧਾ ਕਬਜ਼ਾ ਨਹੀਂ ਰਿਹਾ। ਦੂਜੇ ਪਾਸੇ ਚੀਨ ਮਹਾਸ਼ਕਤੀ ਬਣਨ ਦੇ ਰਾਹ ’ਤੇ ਹੈ। ਵਿਕਾਸਸ਼ੀਲ ਦੇਸ਼ਾਂ ’ਚ ਉਸ ਦਾ ਬੋਲਬਾਲਾ ਪੱਛਮ ਤੋਂ ਜ਼ਿਆਦਾ ਹੈ। ਵਿਕਾਸਸ਼ੀਲ ਦੇਸ਼ਾਂ ਅੰਦਰ ਵੀ ਭਿੰਨਤਾ ਦਿਸ ਰਹੀ ਹੈ ਕਿਉਂਕਿ ‘ਗ਼ਰੀਬ ਦੇਸ਼’ ਤੇ ‘ਉੱਭਰਦੇ ਅਰਥਚਾਰੇ’ ਵੱਖ-ਵੱਖ ਦਿਸ਼ਾ ’ਚ ਹਨ।

ਚੀਨ ਆਪਣੀ ਸੁਵਿਧਾ ਨਾਲ ਕਦੇ ਖ਼ੁਦ ਨੂੰ ‘ਵਿਕਾਸਸ਼ੀਲ’ ਦੇਸ਼ਾਂ ’ਚ ਰੱਖਦਾ ਹੈ ਤਾਂ ਕਦੇ ਉਨ੍ਹਾਂ ਦੇ ਵਿਰੁੱਧ ਹੀ ਮੋਰਚਾ ਖੋਲ੍ਹ ਲੈਂਦਾ ਹੈ। ਚੀਨ ’ਚ ਪ੍ਰਤੀ ਵਿਅਕਤੀ ਆਮਦਨ ਤਕਰੀਬਨ 13 ਹਜ਼ਾਰ ਡਾਲਰ ਹੈ ਪਰ ਉਹ ਗਲੋਬਲ ਸਾਊਥ ਦੀ ਆੜ ਲੈ ਕੇ ਵਿਕਾਸਸ਼ੀਲ ਦੇਸ਼ਾਂ ਦੇ ਨਾਂ ’ਤੇ ਅਮਰੀਕਾ ਅਤੇ ਯੂਰਪ ਨਾਲ ਟਕਰਾਅ ਮੁੱਲ ਲੈ ਕੇ ਆਪਣੇ ਹਿੱਤ ਸਾਧਦਾ ਹੈ। ਉੱਥੇ ਹੀ ਭਾਰਤ ਜਿਹੀਆਂ ਉੱਭਰਦੀਆਂ ਸ਼ਕਤੀਆਂ ਪੱਛਮੀ ਸ਼ਕਤੀਆਂ ਨਾਲ ਗਠਜੋੜ ਕਰ ਕੇ ਚੀਨੀ ਵਿਸਥਾਰਵਾਦ ਨੂੰ ਰੋਕਣ ’ਚ ਲੱਗੀਆਂ ਹਨ। ਅਜਿਹੇ ਹਾਲਾਤ ’ਚ ਤਾਂ ਆਲਮੀ ਦੱਖਣ ਦੀਆਂ ਗੁੰਝਲਾਂ ਹੋਰ ਵਧ ਜਾਂਦੀਆਂ ਹਨ।

ਚੀਨ ਦੇ ਉਲਟ ਭਾਰਤ ਦਾ ਰਵੱਈਆ ਵਿਕਾਸਸ਼ੀਲ ਦੇਸ਼ਾਂ ਨੂੰ ਹਥਿਆਰ ਦੇ ਰੂਪ ’ਚ ਇਸਤੇਮਾਲ ਨਾ ਕਰ ਕੇ ਉਨ੍ਹਾਂ ਨੂੰ ਸਮਰੱਥ ਬਣਾਉਣ ਦਾ ਹੈ। ਇਸ ਦਾ ਕਾਰਨ ਭਾਰਤ ਦੀਆਂ ਰਵਾਇਤਾਂ ਤੇ ਮੁੱਲਾਂ ਦੇ ਨਾਲ ਹੀ ਉਹ ਨਜ਼ਰੀਆ ਵੀ ਹੈ, ਜਿਸ ’ਚ ਭਾਰਤ ਆਪਣੀ ਪ੍ਰਗਤੀ ਨੂੰ ਵਿਕਾਸਸ਼ੀਲ ਦੇਸ਼ਾਂ ਦੀ ਨੀਤੀ ਨਾਲ ਜੋੜ ਕੇ ਦੇਖਦਾ ਹੈ। ਅੱਜ ਭਾਰਤ-ਅਫਰੀਕਾ ਵਪਾਰ ਤਕਰੀਬਨ 90 ਅਰਬ ਡਾਲਰ ਤੱਕ ਪਹੁੰਚ ਗਿਆ ਹੈ ਤਾਂ ਭਾਰਤ-ਦੱਖਣੀ ਅਮਰੀਕਾ ਵਪਾਰ 50 ਅਰਬ ਡਾਲਰ ਦੇ ਪੱਧਰ ਤੱਕ ਪਹੁੰਚ ਗਿਆ ਹੈ। ਜਿੱਥੇ ਪੱਛਮੀ ਸ਼ਕਤੀਆਂ ਅਤੇ ਚੀਨ ਨੇ ਪੱਛੜੇ ਦੇਸ਼ਾਂ ਤੋਂ ਬੇਹਿਸਾਬ ਕੁਦਰਤੀ ਖਣਿਜ ਲੁੱਟਣ ਅਤੇ ਉਨ੍ਹਾਂ ਦੀ ਅੰਦਰੂਨੀ ਰਾਜਨੀਤੀ ’ਚ ਅੱਗ ਲਾ ਕੇ ਉਸ ’ਤੇ ਆਪਣੇ ਸਵਾਰਥ ਦੀਆਂ ਰੋਟੀਆਂ ਸੇਕਣ ਤੋਂ ਪਰਹੇਜ਼ ਨਹੀਂ ਕੀਤਾ, ਉੱਥੇ ਹੀ ਭਾਰਤ ਦਾ ਰਵੱਈਆ ਉੱਥੇ ਮਨੁੱਖੀ ਵਸੀਲਿਆਂ ਦੇ ਵਿਕਾਸ ਅਤੇ ਆਮ ਲੋਕਾਂ ਦੇ ਜੀਵਨ ’ਚ ਸੁਧਾਰ ਕੇਂਦਰਤ ਪ੍ਰਾਜੈਕਟਾਂ ’ਤੇ ਆਧਾਰਤ ਰਿਹਾ ਹੈ। ‘ਗਲੋਬਲ ਸਾਊਥ’ ’ਚ ਅਜਿਹਾ ਇਕ ਵੀ ਦੇਸ਼ ਨਹੀਂ, ਜਿਸ ਨੂੰ ਭਾਰਤ ਨੇ ਤੰਗ ਕੀਤਾ ਹੋਵੇ।

ਦੂਜੇ ਪਾਸੇ ਚੀਨ ਵੱਲੋਂ ਕੀਤੇ ਜਾ ਰਹੇ ਸ਼ੋਸ਼ਣ ਦਾ ਰਵੱਈਆ ਜੱਗ ਜ਼ਾਹਿਰ ਹੈ। ਦੁਨੀਆ ਨੂੰ ਹੁਣ ਚੀਨੀ ਕਰਜ਼ ਜਾਲ ਦਾ ਫਾਹਾ ਸਮਝ ਆਉਣ ਲੱਗਿਆ ਹੈ ਕਿ ਇਸ ਰਾਹੀਂ ਡਰੈਗਨ ਇਨ੍ਹਾਂ ਦੇਸ਼ਾਂ ਨੂੰ ਨਿਗਲਣ ’ਤੇ ਉਤਾਰੂ ਹੈ। ਚੀਨ ਦੀ ਇਸੇ ਰਣਨੀਤੀ ’ਤੇ ਸਿੱਧੇ ਰੂਪ ’ਚ ਨਿਸ਼ਾਨਾ ਸਾਧਦਿਆਂ ਵਿਦੇਸ਼ ਮੰਤਰੀ ਐੱਸ। ਜੈਸ਼ੰਕਰ ਨੇ ‘ਕਰਜ਼ੇ ਦਾ ਬੋਝ ਵਧਾਉਣ ਵਾਲੇ ਪ੍ਰਾਜੈਕਟਾਂ ਤੋਂ ਮੰਗ-ਸੰਚਾਲਿਤ ਪ੍ਰਾਜੈਕਟਾਂ ਵੱਲ ਪਰਿਵਰਤਨ’ ਦਾ ਪ੍ਰਸਤਾਵ ਰੱਖਿਆ ਤੇ ‘ਕੇਂਦਰੀਕ੍ਰਿਤ ਵਿਸ਼ਵੀਕਰਨ’ ਦਾ ਸੱਦਾ ਦਿੱਤਾ।

ਭਾਰਤ ਵੀ ਆਪਣੀ ਕਿਫ਼ਾਇਤੀ ਅਤੇ ਵਾਤਾਵਰਨ ਅਨੁਕੂਲ ਤਕਨੀਕ ਵਿਕਾਸਸ਼ੀਲ ਅਤੇ ਘੱਟ ਵਿਕਸਿਤ ਦੇਸ਼ਾਂ ਨਾਲ ਸਾਂਝਾ ਕਰਨ ਲਈ ਤੱਤਪਰ ਹੈ। ਇਸੇ ਸਿਲਸਿਲੇ ’ਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਸੰਮੇਲਨ ’ਚ ਸ਼ਾਮਲ ਦੇਸ਼ਾਂ ਨੂੰ ‘ਇੰਡੀਆ ਸਟੈਕ’ ਜਿਹੇ ਸ਼ਾਨਦਾਰ ‘ਡਿਜੀਟਲ ਪਬਲਿਕ ਗੁੱਡਜ਼’ ਦੀ ਪੇਸ਼ਕਸ਼ ਕੀਤੀ, ਜੋ ਇਨ੍ਹਾਂ ਦੇਸ਼ਾਂ ਲਈ ਮੁਫ਼ਤ ਮੁਹੱਈਆ ਹੋਣਗੇ ਅਤੇ ਜਿਨ੍ਹਾਂ ਨਾਲ ਉਹ ਆਪਣੀਆਂ ਸਥਾਨਕ ਸਮਾਜਿਕ ਅਤੇ ਆਰਥਿਕ ਯੋਜਨਾਵਾਂ ਨੂੰ ਮੁਹਾਰਤ ਨਾਲ ਲਾਗੂ ਕਰ ਕੇ ਸੁਸ਼ਾਸਨ ਵੱਲ ਕਦਮ ਵਧਾ ਸਕਦੇ ਹਨ।

ਇਸ ਗੱਲ ’ਚ ਕੋਈ ਸ਼ੱਕ ਨਹੀਂ ਕਿ ਆਲਮੀ ਮਹਾਸ਼ਕਤੀਆਂ ਵੱਲੋਂ ਗ਼ਰੀਬ ਦੇਸ਼ਾਂ ਦੇ ਮੂੰਹ ’ਤੇ ਪੈਸਾ ਸੁੱਟਣ ਅਤੇ ਉਨ੍ਹਾਂ ਨੂੰ ਨਿਰਭਰਤਾ ਦੇ ਜਾਲ ’ਚ ਫਸਾਉਣ ਦੀ ਖੇਡ ਇਕਦਮ ਖ਼ਤਮ ਤਾਂ ਨਹੀਂ ਕੀਤੀ ਜਾ ਸਕਦੀ ਪਰ ਭਾਰਤ ਦੀ ‘ਮਨੁੱਖ ਕੇਂਦਰਤ’ ਸੋਚ ਅਤੇ ਪ੍ਰਸਤਾਵ ‘ਗਲੋਬਲ ਸਾਊਥ’ ਨੂੰ ਨਵੀਂ ਦਿਸ਼ਾ ਜ਼ਰੂਰ ਦੇ ਸਕਦੇ ਹਨ। ਇਸ ਨਜ਼ਰੀਏ ਤੋਂ ਦੇਖੀਏ ਤਾਂ ‘ਵੁਆਇਸ ਆਫ ਗਲੋਬਲ ਸਾਊਥ ਸਮਿਟ’ ਨੂੰ ਭਾਰਤੀ ਵਿਦੇਸ਼ ਨੀਤੀ ’ਚ ਇਕ ਹੋਰ ਮੀਲ ਦਾ ਪੱਥਰ ਕਿਹਾ ਜਾ ਸਕਦਾ ਹੈ। ਇਸ ਦੌਰਾਨ ਗ਼ਰੀਬ ਦੇਸ਼ਾਂ ਲਈ ਇਕ ਅਨੋਖਾ ਭਾਰਤੀ ਮਾਡਲ ਉੱਭਰਿਆ ਹੈ, ਜੋ ਭਵਿੱਖ ’ਚ ਭਾਰਤ ਨੂੰ ਦੁਨੀਆ ਦੇ ਤੀਜੇ ਸ਼ਕਤੀ ਕੇਂਦਰ ਦੇ ਰੂਪ ’ਚ ਸਥਾਪਿਤ ਕਰਨ ’ਚ ਸਹਾਇਕ ਹੋਵੇਗਾ।

# ਦੁਨੀਆਂ ਵਿਚ ਚੱਲ ਰਹੀਆਂ ਮਾਰੂ ਹਨੇਰੀਆਂ ਅਤੇ ਅਰਥਚਾਰੇ ਦਾ ਸੰਕਟ

ਓਪੀ ਵਰਮਾ (ਪ੍ਰੋ.)

ਸੰਸਾਰ ਵਿਚ ਅੱਜ ਮਨੁੱਖਤਾ ਮਾਰੂ ਹਨੇਰੀਆਂ ਚੱਲ ਰਹੀਆਂ ਹਨ ਜੋ ਸਾਡੀ ਹੋਂਦ ਅਤੇ ਆਰਥਿਕਤਾ ਲਈ ਨੁਕਸਾਨਦਾਇਕ ਹਨ। ਇਸ ਲੇਖ ਵਿਚ ਕੇਵਲ ਦੋ ਕੌਮਾਂਤਰੀ ਅਤੇ ਦੋ ਸਾਡੇ ਆਪਣੇ ਦੇਸ਼ ਵਿਚ ਚੱਲ ਰਹੀਆਂ ਹਨੇਰੀਆਂ ਦਾ ਹੀ ਜ਼ਿਕਰ ਹੈ। ਪਤਾ ਹੀ ਹੈ ਕਿ ਹਨੇਰੀ ਨਾਲ ਕਮਜ਼ੋਰ ਟਾਹਣੇ ਅਤੇ ਦਰੱਖਤ ਤੱਕ ਟੁੱਟ ਜਾਂਦੇ ਹਨ ਅਤੇ ਧੂੜ ਦੇ ਕਣ ਹਰ ਉਸ ਵਿਅਕਤੀ ਦੀਆਂ ਅੱਖਾਂ ਵਿਚ ਜ਼ਰੂਰ ਪੈਂਦੇ ਹਨ ਜਿਸ ਨੂੰ ਮਜਬੂਰੀ ਵਿਚ ਬਾਹਰ ਫਿਰਨਾ ਪੈਂਦਾ ਹੈ।

ਪਹਿਲੀ ਖ਼ੂਨੀ ਹਨੇਰੀ ਰੂਸ-ਯੂਕਰੇਨ ਯੁੱਧ ਹੈ ਜੋ 24 ਫਰਵਰੀ 2021 ਤੋਂ ਆਰੰਭ ਹੋਇਆ ਅਤੇ ਅੱਜ ਤੱਕ ਜਾਰੀ ਹੈ। ਇਸ ਨਾਲ ਯੂਕਰੇਨ ਦੀਆਂ ਆਲੀਸ਼ਾਨ ਇਮਾਰਤਾਂ ਰੂਸ ਦੇ ਟੈਂਕਾਂ ਨੇ ਢਹਿ-ਢੇਰੀ ਕਰ ਦਿੱਤੀਆਂ ਅਤੇ ਹਜ਼ਾਰਾਂ ਸੈਨਿਕ ਤੇ ਨਾਗਰਿਕ ਮਾਰੇ ਜਾ ਚੁੱਕੇ ਹਨ। ਉਨ੍ਹਾਂ ਦੇ ਬੱਚੇ ਅਤੇ ਪਰਿਵਾਰ ਦੇਸ਼ ਛੱਡ ਕੇ ਹਾਲੈਂਡ ਵਿਚ ਸ਼ਰਨ ਲੈ ਰਹੇ ਹਨ। ਰੂਸ ਦਾ ਆਪਣਾ ਵੀ ਬਹੁਤ ਨੁਕਸਾਨ ਹੋ ਚੁੱਕਾ ਹੈ। ਜਦ ਇਹ ਦ੍ਰਿਸ਼ ਅਸੀਂ ਟੀਵੀ ’ਤੇ ਦੇਖਦੇ ਹਾਂ ਤਾਂ ਅਸੀਂ ਵੀ ਮਰਨ ਵਰਗੇ ਹੋ ਜਾਂਦੇ ਹਾਂ।

ਇਹ ਹਮਲਾ ਰੂਸ ਦੇ ਰਾਸ਼ਟਰਪਤੀ ਪੂਤਿਨ ਨੇ ਕੀਤਾ ਹੈ। ਬਹੁਗਿਣਤੀ ਲੋਕ ਰੂਸ ਨੂੰ ਹਮਲਾਵਰ ਗਰਦਾਨ ਰਹੇ ਹਨ। ਲੋਕ ਆਪਣੀ ਸਮਝ ਅਨੁਸਾਰ ਸਹੀ ਹਨ ਪਰ ਜਦ ਅਸੀਂ ਇਸ ਯੁੱਧ ਨਾਲ ਜੁੜਿਆ ਰਾਜਨੀਤਕ ਵਿਸ਼ਲੇਸ਼ਣ ਕਰਦੇ ਹਾਂ ਤਾਂ ਰੂਸ ਨਿਰਦੋਸ਼ ਅਤੇ ਇਸ ਵਕਤ ਦੀ ਮਹਾਂਸ਼ਕਤੀ ਬਣੇ ਅਮਰੀਕਾ ਅਤੇ ਉਸ ਦੇ ਪਿੱਛਲੱਗੂ ‘ਨਾਟੋ’ ਨਾਂ ਦੀ ਸੰਸਥਾ ਵਿਚ ਸ਼ਾਮਲ ਦੇਸ਼ ਦਿਸਦੇ ਹਨ। ਇਨ੍ਹਾਂ ਦੇਸ਼ਾਂ ਨੇ ਯੂਕਰੇਨ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦੇ ਕੇ ਰੂਸ ਵਿਰੁੱਧ ਉਕਸਾਹਟ ਪੈਦਾ ਕੀਤਾ ਹੈ ਜੋ ਰੂਸ ਨੂੰ ਖਤਰਨਾਕ ਲੱਗਦੀ ਹੈ। ਹਰ ਦੇਸ਼ ਆਪਣੇ ਗੁਆਂਢੀ ਮੁਲਕ ਵਿਚ ਆਪਣੇ ਵਿਰੋਧੀਆਂ ਦੀ ਘੁਸਪੈਠ ਦੇਖ ਕੇ ਤਰਭਕਦਾ ਹੈ ਅਤੇ ਆਪਣੀ ਰੱਖਿਆ ਕਰਦਾ ਹੈ। ਰੂਸ ਇਹੋ ਕੁਝ ਕਰ ਰਿਹਾ ਹੈ। ਛੇੜਖਾਨੀ ਵਾਲੇ ਇਨ੍ਹਾਂ ਦੇਸ਼ਾਂ ਵੱਲੋਂ ਯੂਕਰੇਨ ਨੂੰ ਹਥਿਆਰ ਦੇਣ ਤੋਂ ਇਲਾਵਾ ਰੂਸ ਵੱਲੋਂ ਨਿਰਯਾਤ ਕੀਤੇ ਜਾਂਦੇ ਪੈਟਰੋਲ ਅਤੇ ਹੋਰ ਵਸਤਾਂ ਖਰੀਦਣ ਦਾ ਬਾਈਕਾਟ ਕਰ ਦਿੱਤਾ ਤਾਂ ਕਿ ਰੂਸ ਆਰਥਿਕ ਪੱਖੋਂ ਕਮਜ਼ੋਰ ਹੋ ਜਾਵੇ। ਭਾਰਤ ਅਤੇ ਚੀਨ ਨੇ ਇਸ ਐਲਾਨ ’ਤੇ ਅਮਲ ਨਹੀਂ ਕੀਤਾ। ਰੂਸ ਸਾਡਾ ਮੁੱਢ ਤੋਂ ਮਿੱਤਰ ਹੈ, ਅਸੀਂ ਇਸ ਔਖੇ ਸਮੇਂ ਆਪਣੀ ਮਿੱਤਰਤਾ ਨਿਭਾਈ ਹੈ। ਚੀਨ ਦਾ ਆਪਣਾ ਦ੍ਰਿਸ਼ਟੀਕੋਣ ਰੂਸ ਪੱਖੀ ਹੈ। ਇਸ ਨਾਲ ਪੈਟਰੋਲ ਦੀ ਕੁੱਲ ਪੂਰਤੀ ਘਟਣ ਨਾਲ ਪੈਟਰੋਲ ਮਹਿੰਗਾ ਹੋ ਗਿਆ ਹੈ ਅਤੇ ਸਾਡਾ ਖਰਚ ਜ਼ਰੂਰ ਵਧ ਗਿਆ ਹੈ।

ਅਸੀਂ ਅਮਨਪਸੰਦ ਭਾਰਤੀ ਇਸ ਜੰਗ ਦੇ ਜਲਦੀ ਖਤਮ ਹੋਣ ਦੇ ਇਛੁੱਕ ਹਾਂ। ਇਸ ਹਨੇਰੀ ਨਾਲ ਦੋਹਾਂ ਪਸਿਆਂ ਦਾ ਨੁਕਸਾਨ ਹੋਇਆ ਹੈ। ਜਦ ਤੀਜਾ ਵਿਸ਼ਵ ਯੁੱਧ



ਹੋਣ ਦੀ ਸੰਭਾਵਨਾ, ਪਰਮਾਣੂ ਹਥਿਆਰਾਂ ਦੇ ਵਰਤੇ ਜਾਣ ਦੀਆਂ ਸੰਭਾਵਨਾਵਾਂ ਬਾਰੇ ਖਬਰਾਂ ਸੁਣਦੇ ਹਾਂ ਤਾਂ ਡਰ ਲਗਦਾ ਹੈ। ਦਰਅਸਲ ਇਹ ਯੂਕਰੇਨ ਦੀ ਧਰਤੀ ’ਤੇ ਅਮਰੀਕਾ ਅਤੇ ਉਸ ਦੇ ਪਿਛਲੱਗੂ ਦੇਸ਼ਾਂ ਅਤੇ ਰੂਸ ਵਿਚਕਾਰ ਲੜ੍ਹਿਆ ਜਾ ਰਿਹਾ ਯੁੱਧ ਹੈ। ਅਜੇ ਤੱਕ ਕੋਈ ਕੱਦਾਵਰ ਨੇਤਾ ਅੱਗੇ ਨਹੀਂ ਆਇਆ ਜਿਸ ਉੱਤੇ ਦੋਵੇਂ ਦੇਸ਼ ਵਿਸ਼ਵਾਸ ਕਰਦੇ ਹੋਣ ਅਤੇ ਉਹ ਇਹ ਯੁੱਧ ਰੁਕਵਾਉਣ ਲਈ ਪਹਿਲਕਦਮੀ ਕਰ ਸਕਦਾ ਹੋਵੇ।

ਦੂਜੀ ਹਨੇਰੀ ਤਾਇਵਾਨ ਕਾਰਨ ਹੋਣ ਲੱਗੀ ਹੈ। ਤਾਇਵਾਨ ਏਸ਼ੀਆ ਦਾ ਛੋਟਾ ਜਿਹਾ ਦੇਸ਼ ਹੈ ਜੋ ਸ਼ਾਂਤ ਮਹਾਂਸਾਗਰ ਦੇ ਕੰਢੇ ਸਥਿਤ ਹੈ। ਇਸ ਦੀ ਆਬਾਦੀ ਕੇਵਲ 2.36 ਕਰੋੜ ਹੈ। ਇਹ ਆਪਣੀ ਬੁੱਧਮਤਾ ਅਤੇ ਮਿਹਨਤ ਸਦਕਾ ਸਾਫਟਵੇਅਰ ਤਕਨੀਕ ਵਿਚ ਬਹੁਤ ਉਨਤੀ ਕਰ ਗਿਆ ਹੈ। ਸਾਰੇ ਸੰਸਾਰ ਵਿਚ ਖਪਤ ਹੋ ਰਹੀਆਂ ਸੈਮੀਕੰਡਕਟਰ ‘ਚਿਪਾਂ’ ਦਾ ਲਗਪਗ 63% ਹਿੱਸਾ ਕੇਵਲ ਇਸ ਦੇਸ਼ ਵਿਚ ਤਿਆਰ ਹੁੰਦਾ ਹੈ। ਹੋਰਾਂ ਦੇਸ਼ਾਂ ਖਾਸਕਰ ਅਮਰੀਕਾ ਤੋਂ ਇਹ ਬਰਦਾਸ਼ਤ ਨਹੀਂ ਹੋ ਰਿਹਾ। ਉਹ ਇਸ ਨੂੰ ਆਪਣੇ ਮੁਤਾਬਕ ਵਰਤਣਾ ਚਾਹੁੰਦਾ ਹੈ। ਉਸ ਨੇ ਆਪਣੀ ਉੱਚ ਅਧਿਕਾਰੀ ਮੈਡਮ ਨੈਨਸੀ ਪੈਲੋਸੀ ਨੂੰ ਉਥੋਂ ਦਾ ਦੌਰਾ ਕਰਨ ਲਈ ਭੇਜਿਆ। ਚੀਨ ਇਸ ਨੂੰ ਆਪਣੀ ‘ਵੰਨ ਚਾਈਨਾ’ ਦੀ ਨੀਤੀ ਕਾਰਨ ਆਪਣਾ ਹਿੱਸਾ ਸਮਝਦਾ ਹੈ। ਇਹ ਅਮਰੀਕਾ ਦੀ ਇਸ ਫੇਰੀ ਤੋਂ ਚਿੜ ਗਿਆ। ਜਦ ਇਸ ਦੇ ਜ਼ਬਾਨੀ ਕਹਿਣ ’ਤੇ ਅਮਰੀਕਾ ਨੇ ਆਪਣੀਆਂ ਹਰਕਤਾਂ ਬੰਦ ਨਾ ਕੀਤੀਆਂ ਤਾਂ ਇਸ ਨੇ ਪਹਿਲਾਂ ਤਾਂ ਕਈ ਦਿਨਾਂ ਲਈ ਆਪਣੀਆਂ ਜੰਗੀ ਤੋਪਾਂ ਨਾਲ ਘੇਰਾਬੰਦੀ ਕਰੀ ਰੱਖੀ ਅਤੇ ਫਿਰ ਚੀਨ ਦੀਆਂ ਫੌਜਾਂ ਤਾਇਵਾਨ ਵਿਚ ਦਾਖਲ ਹੋ ਗਈਆਂ। ਤਾਇਵਾਨ ਨੇ ਇਸ ਹਮਲੇ ਦਾ ਵਿਰੋਧ ਕੀਤਾ। ਭਾਰਤ ਨੇ ਸਾਰੀ ਸਥਿਤੀ ਦਾ ਜਾਇਜ਼ਾ ਲੈਣ ਉਪਰੰਤ ‘ਚੀਨ ਇਜ਼ ਵੰਨ’ ਨੀਤੀ ਨਾਲ ਆਪਣੀ ਸਹਿਮਤੀ ਦੇ ਦਿੱਤੀ ਹੈ ਜੋ ਚੀਨ ਨੂੰ ਪ੍ਰਵਾਨ ਹੈ। ਭਾਰਤ ਨੇ ਕਿਹਾ ਹੈ ਕਿ ਉਸ ਦੇ ਚੀਨ ਨਾਲ ਸਰਹੱਦੀ ਝਗੜੇ ਬਰਕਰਾਰ ਹਨ ਜੋ ਅਲੱਗ ਤੌਰ ’ਤੇ ਨਜਿੱਠਣ ਦੀ ਕੋਸ਼ਿਸ਼ ਜਾਰੀ ਰਹੇਗੀ। ਉਂਝ, ਇਹ ਸਹਿਮਤੀ ਭਾਰਤ ਨੇ ਚੀਨ ਨਾਲ ਸਿੱਧੇ ਟਕਰਾਓ ਤੋਂ ਬਚਣ ਖਾਤਰ ਹੀ ਦਿੱਤੀ ਹੈ। ਹੁਣ ਅਮਰੀਕਾ ਨੇ ਤਾਇਵਾਨ ਦੇ ਗੁਆਂਢੀ ਦੇਸ਼ ਜਪਾਨ ਨੂੰ ਆਪਣਾ ਅੱਡਾ ਬਣਾ ਲਿਆ ਹੈ ਅਤੇ ਆਪਣਾ ਜੰਗੀ ਸਮਾਨ ਭੇਜ ਕੇ ਲੜਾਈ ਵਿਚ ਸ਼ਮੂਲੀਅਤ ਆਰੰਭ ਕਰ ਦਿੱਤੀ ਹੈ। ਇਸ ਨਾਲ ਵਿਚ ਵੀ ਜੰਗ ਦੀ ਹਨੇਰੀ ਚੱਲ ਪਈ ਹੈ ਜਿਸ ਦਾ ਅਸੀਂ ਵੀ ਹਿੱਸਾ ਹਾਂ। ਇਹ ਖਿੱਤਾ ਬਹੁਤ ਸਾਲ ਪਹਿਲਾਂ ਬਸਤੀਵਾਦੀ ਗੁਲਾਮੀ ਦਾ ਸ਼ਿਕਾਰ ਰਿਹਾ ਹੋਣ ਕਾਰਨ ਯੂਰੋਪ ਨਾਲੋਂ ਘੱਟ ਵਿਕਸਤ ਹੈ। ਹੁਣ ਭਾਰਤ ’ਤੇ ਵੀ ਇਸ ਜੰਗ ਦਾ ਅਸਰ ਪਵੇਗਾ।

ਸ੍ਰੀਲੰਕਾ ਦਾ ਪਹਿਲਾਂ ਹੀ ਬੁਰਾ ਹਾਲ ਹੈ। ਪਾਕਿਸਤਾਨ ਦੀ ਆਰਥਿਕ ਹਾਲਤ ਵੀ ਸੰਤੋਖਜਨਕ ਨਹੀਂ ਹੈ। ਕਥਨ ਹੈ ਕਿ ਜੰਗ ਕਿਤੇ ਵੀ ਹੋਵੇ, ਹਰ ਥਾਂ ਵਿਕਾਸ ਅਤੇ ਖ਼ੁਸ਼ਹਾਲੀ ਲਈ ਖਤਰਾ ਹੀ ਹੁੰਦੀ ਹੈ। ਇਨ੍ਹਾਂ ਦੋਵੇਂ ਜੰਗਾਂ ਕਾਰਨ ਸੰਸਾਰ ਵਿਚ ਪਹਿਲਾਂ ਤੋਂ ਚੱਲ ਰਿਹਾ ਆਰਥਿਕ ਮੰਦਵਾੜਾ ਗੰਭੀਰ ਰੂਪ ਧਾਰਦਾ ਜਾਵੇਗਾ।

ਤੀਜੀ ਹਨੇਰੀ ਬੇਰੁਜ਼ਗਾਰੀ ਦੀ ਹੈ। ਇਹ ਸੰਸਾਰ ਵਿਚ ਪੂੰਜੀਵਾਦੀ ਲੋਕਤੰਤਰੀ ਵਿਵਸਥਾ ਵਾਲੇ ਸਾਰੇ ਦੇਸ਼ਾਂ, ਸਮੇਤ ਭਾਰਤ, ਵਿਚ ਮੌਜੂਦ ਹੈ। ਬੇਰੁਜ਼ਗਾਰੀ ਕਈ ਕਿਸਮ ਦੀ ਹੁੰਦੀ ਹੈ; ਜਿਵੇਂ ਮੁਕੰਮਲ (ਜਦ ਕੰਮ ਹੀ ਨਹੀਂ ਮਿਲਦਾ), ਛੁਪੀ ਹੋਈ ਜਾਂ ਅਰਧ (ਵਧ ਯੋਗਤਾ, ਛੋਟੀ ਅਸਾਮੀ), ਢਾਂਚਾਗਤ (ਦੇਸ਼ ਦੇ ਢਾਂਚੇ ’ਤੇ ਆਧਾਰਿਤ), ਮੌਸਮੀ (ਕਿਸੇ ਮੌਸਮ ਵਿਚ ਕੰਮ ਘੱਟ ਮਿਲਣਾ, ਤਕਨੀਕੀ (ਕੰਮ ਕਰਨ ਦੇ ਢੰਗ ਨਵੇਂ ਆ ਜਾਣ ਕਾਰਨ) ਅਤੇ ਹੋਰ। ਸਿਫਾਰਸ਼ਾਂ, ਭ੍ਰਿਸ਼ਟਾਚਾਰ ਅਤੇ ਸਿਆਸੀ ਦਖਲ ਕਾਰਨ ਬੇਰੁਜ਼ਗਾਰ ਬਹੁਤ ਦੁਖੀ ਵਰਗ ਹੈ। ਇਨ੍ਹਾਂ ਵਿਚੋਂ ਕਈ ਤਾਂ ਮਾਯੂਸ ਹੋ ਕੇ ਨਸ਼ੇ ਦੇ ਆਦੀ ਹੋ ਜਾਂਦੇ ਹਨ, ਕਈ ਘਰੋਂ ਭੱਜ ਜਾਂਦੇ ਹਨ ਅਤੇ ਕਈ ਖੁਦਕਸ਼ੀ ਕਰਨ ਤੱਕ ਚਲੇ ਜਾਂਦੇ ਹਨ। ਰੁਜ਼ਗਾਰਦਾਤਾ ਇਨ੍ਹਾਂ ਦੀ ਉਦਾਸੀ ਦਾ ਲਾਭ ਲੈ ਕੇ ਵੱਧ ਸਮਾਂ

**(ਬਾਕੀ ਅਗਲੇ ਸਫੇ ‘ਤੇ)**

# ਮੌਸਮ ਦੀਆਂ ਤਬਦੀਲੀਆਂ ਦਾ ਫ਼ਸਲ ਉਤਪਾਦਨ ’ਤੇ ਪ੍ਰਭਾਵ ਪੈ ਰਿਹਾ ਅਸਰ

ਬਲਦੇਵ ਸਿੰਘ ਢਿੱਲੋਂ, ਵੀਰਇੰਦਰ ਸਿੰਘ ਸੋਹੂ

ਗੈਸਾਂ ਦੇ ਨਿਕਾਸ ਕਾਰਨ ਆਲਮੀ ਤਪਸ਼ ਵਧ ਰਹੀ ਹੈ। ਇਸ ਕਰਕੇ ਜਲਵਾਯੂ ਵਿੱਚ ਬਹੁਤ ਤਬਦੀਲੀਆਂ ਆ ਰਹੀਆਂ ਹਨ ਜਿਵੇਂ ਬੇਮੌਸਮੀ ਤੇ ਬੇਹਿਸਾਬੇ ਮੀਂਹ, ਹੜ੍ਹ, ਸੋਕਾ, ਤੂਫ਼ਾਨ, ਗਲੇਸ਼ੀਅਰਾਂ ਦਾ ਪਿਘਲਣਾ ਆਦਿ। ਇਹ ਤਬਦੀਲੀਆਂ ਬਹੁਤ ਗੰਭੀਰ ਸਮਾਜਿਕ, ਵਾਤਾਵਰਨ ਅਤੇ ਆਰਥਿਕ ਖ਼ਤਰੇ ਪੈਦਾ ਕਰਦੀਆਂ ਹਨ। ਇਨ੍ਹਾਂ ਵਿੱਚ ਖੇਤੀਬਾੜੀ ਅਤੇ ਸਾਡੀ ਭੋਜਨ ਸੁਰੱਖਿਆ ਸ਼ਾਮਲ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਜਲਵਾਯੂ ਪਰਿਵਰਤਨ ਲਈ ‘ਯੂਨਾਈਟਡ ਨੇਸ਼ਨਜ਼ ਫਰੇਮਵਰਕ ਕਨਵੈਨਸ਼ਨ ਫਾਰ ਕਲਾਈਮੇਟ ਚੇਂਜ’ ਦੀ ‘ਕਾਨਫਰੰਸ ਆਫ ਪਾਰਟੀਜ਼’ ਦੀ 27ਵੀਂ ਮੀਟਿੰਗ ਵਿੱਚ ਚਿਤਾਵਨੀ ਦਿੱਤੀ ਕਿ ‘ਅਸੀਂ ਆਪਣੀਆਂ ਜ਼ਿੰਦਗੀਆਂ ਦੀ ਲੜਾਈ ਕਰ ਰਹੇ ਹਾਂ... ਅਤੇ ਅਸੀਂ ਹਾਰ ਰਹੇ ਹਾਂ।’

ਭਾਰਤ ਵਰਗੇ ਦੇਸ਼ਾਂ ਵਿੱਚ ਜਲਵਾਯੂ ਪਰਿਵਰਤਨ ਦਾ ਖੇਤੀਬਾੜੀ ’ਤੇ ਜ਼ਿਆਦਾ ਅਸਰ ਹੋਣ ਦਾ ਖ਼ਦਸ਼ਾ ਹੈ। ਭੋਜਨ ਸੁਰੱਖਿਆ ਤੋਂ ਇਲਾਵਾ ਖੇਤੀਬਾੜੀ ਆਰਥਿਕ ਅਤੇ ਸਮਾਜਿਕ ਤੌਰ ’ਤੇ ਅਹਿਮ ਹੈ ਕਿਉਂਕਿ ਸਾਡੇ ਦੇਸ਼ ਦਾ ਵੱਡਾ ਹਿੱਸਾ ਇਸ ਉੱਪਰ ਨਿਰਭਰ ਹੈ। ਇਸ ਸਬੰਧੀ ਸਾਲ 2022 ਵਿੱਚ ਮੌਸਮ ਦੀ ਖਲਬਲੀ ਦਾ ਇੱਕ ਹਲੂਣਾ ਮਿਲਿਆ ਹੈ। ਮੌਸਮ ਵਿੱਚ ਬਹੁਤ ਖ਼ਰਾਬੀਆਂ ਆਈਆਂ ਜਿਵੇਂ ਉੱਚ ਤਾਪਮਾਨ ਲਹਿਰ, ਸੋਕਾ, ਬੇਮੌਸਮਾ-ਬੇਹਿਸਾਬੇ ਮੀਂਹ ਨਾਲ ਬਿਮਾਰੀਆਂ ਅਤੇ ਕੀੜਿਆਂ ਦੀ ਸਥਿਤੀ ਵੀ ਬਦਲ ਗਈ। ਇਸ ਨੇ ਫ਼ਸਲਾਂ ਦੇ ਉਤਪਾਦਨ ’ਤੇ ਮਾੜਾ ਅਸਰ ਪਾਇਆ ਹੈ।

ਪੰਜਾਬ ਵਿੱਚ ਹਾੜ੍ਹੀ ਦੀ ਮੁੱਖ ਫ਼ਸਲ ਕਣਕ ਹੈ। ਹਾੜ੍ਹੀ 2021-22 ਦੀ ਫ਼ਸਲ ਸ਼ੁਰੂ ਵਿੱਚ ਠੀਕ-ਠਾਕ ਵਧ-ਫੁੱਲ ਰਹੀ ਸੀ, ਪਰ 2022 ਵਿੱਚ ਮੌਸਮ ਖ਼ਰਾਬ ਹੋ ਗਿਆ। ਜਨਵਰੀ 2022 ਦੇ ਪਹਿਲੇ ਪੰਦਰਵਾੜੇ ਦੌਰਾਨ ਪੀਏਯੂ, ਲੁਧਿਆਣਾ ਵਿੱਚ 99.4 ਮਿਲੀਮੀਟਰ ਮੀਂਹ ਪਿਆ ਜਦੋਂਕਿ ਆਮ ਤੌਰ ’ਤੇ ਇਸ ਸਮੇਂ 8.6 ਮਿਲੀਮੀਟਰ ਮੀਂਹ ਪੈਂਦਾ ਹੈ। 29 ਜਨਵਰੀ-4 ਫਰਵਰੀ ਦੌਰਾਨ ਆਮ 5.6 ਮਿਲੀਮੀਟਰ ਦੀ ਬਜਾਇ, 31 ਮਿਲੀਮੀਟਰ ਮੀਂਹ ਪਿਆ। ਜਨਵਰੀ ਦੌਰਾਨ ਧੁੱਪ ਦਾ ਸਮਾਂ 6.1 ਤੋਂ ਘਟ ਕੇ 119 ਘੰਟੇ ਪ੍ਰਤੀ ਦਿਨ ਰਹਿ ਗਿਆ। 5-11 ਮਾਰਚ ਦੌਰਾਨ ਪੀਏਯੂ ਦਾ ਹਫ਼ਤਾਵਾਰੀ ਔਸਤ ਤਾਪਮਾਨ ਆਮ ਨਾਲੋਂ 212 ਡਿਗਰੀ ਸੈਲਸੀਅਸ ਅਤੇ 12 ਮਾਰਚ-15 ਅਪਰੈਲ ਦੌਰਾਨ ਇਹ ਆਮ ਨਾਲੋਂ 4.6 ਤੋਂ 7.1 ਡਿਗਰੀ ਸੈਲਸੀਅਸ ਵੱਧ ਰਿਹਾ। 5 ਮਾਰਚ-15 ਅਪਰੈਲ ਦੌਰਾਨ ਮੀਂਹ ਬਿਲਕੁਲ ਨਹੀਂ ਪਿਆ।

ਜਨਵਰੀ ਵਿੱਚ ਭਾਰੀ ਮੀਂਹ ਕਾਰਨ ਖੇਤਾਂ ਵਿੱਚ ਪਾਣੀ ਖੜ੍ਹਨ ਅਤੇ ਧੁੱਪ ਦਾ ਸਮਾਂ ਘਟਣ ਕਾਰਨ ਫ਼ਸਲ ਉੱਪਰ ਮਾੜਾ ਅਸਰ ਪਿਆ। ਫਰਵਰੀ ਦੇ ਸ਼ੁਰੂ ਵਿਚ ਮੀਂਹ ਨੇ ਪਰਾਗਣ ’ਤੇ ਵੀ ਮਾੜਾ ਅਸਰ ਪਾਇਆ। ਮਾਰਚ ਵਿੱਚ ਤਾਪਮਾਨ ਵਧਿਆ, ਜੋ ਕਣਕ ਦੇ ਦਾਣਿਆਂ ਦੇ ਵਧਣ-ਫੁੱਲਣ ਦਾ ਸਮਾਂ ਸੀ। ਇਸ ਸਮੇਂ ਕਣਕ ਉੱਚ ਤਾਪਮਾਨ ਪ੍ਰਤੀ ਬਹੁਤ



ਸੰਵੇਦਨਸ਼ੀਲ ਹੁੰਦੀ ਹੈ। ਉੱਚੇ ਤਾਪਮਾਨ ਨੇ ਦਾਣਿਆਂ ਦੀ ਮੋਟਾਈ ’ਤੇ ਬੁਰਾ ਅਸਰ ਪਾਇਆ ਅਤੇ ਫ਼ਸਲ ਆਮ ਪੱਕਣ ਵਾਲੇ ਸਮੇਂ ਤੋਂ ਲਗਭਗ 10 ਦਿਨ ਅਗੇਤੀ ਪੱਕ ਗਈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਅਨੁਸਾਰ ਪੰਜਾਬ ਵਿੱਚ ਕਣਕ ਦਾ ਝਾੜ 2021-22 ਦੌਰਾਨ, 2020-21 ਦੇ 4868 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਤੋਂ ਘਟ ਕੇ 4216 ਕਿਲੋ ਰਹਿ ਗਿਆ। ਅਨਾਜ ਦੀ ਗੁਣਵੱਤਾ ਵੀ ਘਟ ਗਈ ਸੀ। ਪੰਜਾਬ ਵਿੱਚ ਸਾਉਣੀ ਦੀ ਮੁੱਖ ਫ਼ਸਲ ਝੋਨਾ ਹੈ। ਸੇਂਜੂ ਖੇਤੀਬਾੜੀ ਹੋਣ ਕਾਰਨ ਮੌਨਸੂਨ ਦੀ ਘਾਟ ਦੇ ਬਾਵਜੂਦ ਝੋਨੇ ਦੀ ਲਵਾਈ ਵਿੱਚ ਦੇਰੀ ਨਹੀਂ ਹੋਈ ਤੇ ਸ਼ੁਰੂ ਵਿੱਚ ਪੌਦਿਆਂ ਦਾ ਵਿਕਾਸ ਆਮ ਵਾਂਗ ਸੀ। ਜੁਲਾਈ 2022 ਦੇ ਆਖ਼ਰੀ ਹਫ਼ਤੇ ਨਵੀਂ ਵਾਇਰਲ ਬਿਮਾਰੀ ਸਦਰਨ ਰਾਈਸ ਬਲੈਕ-ਸਟਰੀਕਡ ਡਵਾਰਫ ਵਾਇਰਸ ਦਾ ਹਮਲਾ ਹੋਇਆ। ਇਹ ਪੰਜਾਬ ਵਿੱਚ ਝੋਨੇ ਦੀ ਪਹਿਲੀ ਵਾਇਰਲ ਬਿਮਾਰੀ ਹੈ ਜੋ ਸਭ ਤੋਂ ਪਹਿਲਾਂ ਦੱਖਣੀ ਚੀਨ ’ਚ ਫੈਲੀ ਸੀ। ਪੰਜਾਬ ਦੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਅਨੁਸਾਰ ਰਾਜ ਵਿੱਚ ਲਗਭਗ 34 ਹਜ਼ਾਰ ਹੈਕਟੇਅਰ ’ਤੇ ਇਸ ਦਾ ਹਮਲਾ ਹੋਇਆ। ਉੱਤਰ-ਪੂਰਬੀ ਜ਼ਿਲ੍ਹਿਆਂ ਵਿੱਚ ਬਿਮਾਰੀ ਦੀ ਮਾਰ ਮੁਕਾਬਲਤਨ ਜ਼ਿਆਦਾ ਸੀ, ਉੱਥੇ ਝੋਨੇ ਦਾ ਝਾੜ 8-22 ਫ਼ੀਸਦੀ ਘਟਿਆ ਸੀ।

ਸਾਲ 2022 ਦੌਰਾਨ ਪਸ਼ੂਧਨ ’ਤੇ ਵੀ ਬੁਰਾ ਅਸਰ ਪਿਆ। ਮੱਛਰਾਂ, ਡੰਗ ਵਾਲੀਆਂ ਮੱਖੀਆਂ ਅਤੇ ਚਿੱਚੜਾਂ ਦੁਆਰਾ ਫੈਲਣ ਵਾਲੇ ਕੈਪਰੀਪੋਕਸਵਾਇਰਸ ਨੇ ਲੰਪੀ ਸਕਿਨ ਮਹਾਮਾਰੀ ਫੈਲਾਈ। ਇਹ ਬਿਮਾਰੀ ਅਫ਼ਰੀਕਾ ਵਿੱਚ ਪ੍ਰਚਲਿਤ ਹੈ ਜੋ ਪਿਛਲੇ 2-3 ਸਾਲਾਂ ਦੌਰਾਨ ਦੱਖਣੀ ਭਾਰਤ ਵਿੱਚ ਵੀ ਦੇਖੀ ਜਾ ਰਹੀ ਹੈ। ਇਸ ਨੇ ਮੁੱਖ ਤੌਰ ’ਤੇ ਗਾਵਾਂ, ਕੁਝ ਮੱਝਾਂ ਨੂੰ ਵੀ ਪ੍ਰਭਾਵਿਤ ਕੀਤਾ। ਪੰਜਾਬ ਵਿੱਚ ਇਹ ਜੂਨ ਤੋਂ ਨਵੰਬਰ ਤੱਕ ਫੈਲੀ ਰਹੀ। ਪੰਜਾਬ ਵਿੱਚ 1.74 ਲੱਖ ਮਾਮਲੇ ਆਏ, 17,932 ਪਸ਼ੂ ਮਰੇ। ਮੌਤਾਂ ਦੇ ਹਿਸਾਬ ਨਾਲ ਪੰਜਾਬ ਤੀਜੇ ਨੰਬਰ ’ਤੇ ਹੈ। ਪ੍ਰਭਾਵਿਤ ਪਸ਼ੂਆਂ ਦੇ ਦੁੱਧ ਦੀ ਪੈਦਾਵਾਰ 10-15 ਫ਼ੀਸਦੀ ਘਟੀ।

ਇਸ ਸਾਲ ਖ਼ਰਾਬ ਮੌਸਮ ਨੇ ਕੌਮੀ ਪੱਧਰ ’ਤੇ ਵੀ ਨੁਕਸਾਨ ਕੀਤਾ। ਮਾਰਚ-ਅਪਰੈਲ 2022 ਦੌਰਾਨ ਉੱਤਰ-ਪੱਛਮੀ ਅਤੇ ਮੱਧ ਭਾਰਤ ਵਿੱਚ ਅਸਾਧਾਰਨ ਉੱਚ ਤਾਪਮਾਨ ਅਤੇ ਅਗੇਤੀਆਂ ਗਰਮੀ ਦੀਆਂ ਲਹਿਰਾਂ ਦਾ ਹਮਲਾ ਹੋਇਆ। ਕੇਂਦਰੀ ਖੇਤੀਬਾੜੀ ਤੇ ਕਿਸਾਨ ਭਲਾਈ ਮੰਤਰਾਲੇ ਅਨੁਸਾਰ ਕੌਮੀ ਪੱਧਰ ’ਤੇ 2021-22 ਦੌਰਾਨ ਕਣਕ ਦਾ ਔਸਤ ਝਾੜ, 2020-21 ਦੇ 3521 ਕਿਲੋ ਪ੍ਰਤੀ ਹੈਕਟੇਅਰ ਤੋਂ ਘਟ ਕੇ 3484 ਕਿਲੋ ਰਹਿ ਗਿਆ।

ਸਾਉਣੀ ਦੀਆਂ ਫ਼ਸਲਾਂ ਦੀ ਬਿਜਾਈ ਸ਼ੁਰੂ ਹੋਣ ਮੌਕੇ ਜੂਨ ਵਿੱਚ ਮੌਨਸੂਨ ਦੇਰ ਨਾਲ ਆਈ। ਇਸ ਕਾਰਨ ਜੂਨ 2021 ਦੇ ਮੁਕਾਬਲੇ, ਜੂਨ 2022 ਵਿੱਚ ਘੱਟ ਰਕਬਾ ਬੀਜਿਆ ਗਿਆ। ਜੁਲਾਈ ਵਿੱਚ ਦੇਸ਼ ਦੇ ਜ਼ਿਆਦਾਤਰ ਹਿੱਸਿਆਂ ਵਿੱਚ ਮੌਨਸੂਨ ਠੀਕ ਰਹੀ ਅਤੇ ਬੀਜੇ ਗਏ ਰਕਬੇ ਦੀ ਕੁਝ ਪੂਰਤੀ ਹੋਈ ਸੀ। ਫਿਰ ਵੀ ਪਿਛਲੇ ਸਾਲ ਦੇ ਮੁਕਾਬਲੇ ਅੰਤ-ਜੁਲਾਈ 2022 ਤੱਕ ਝੋਨੇ ਹੇਠ 1313 ਫ਼ੀਸਦੀ ਰਕਬਾ ਘੱਟ ਸੀ।

ਕੇਂਦਰੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਅਨੁਸਾਰ ਅੱਧ-ਸਤੰਬਰ 2022 ਤੱਕ ਕੌਮੀ ਪੱਧਰ ’ਤੇ ਮੌਨਸੂਨ ਆਮ ਨਾਲੋਂ 6 ਫ਼ੀਸਦੀ ਜ਼ਿਆਦਾ ਸੀ, ਪਰ ਵੰਡ ਬਰਾਬਰ ਨਹੀਂ ਸੀ। ਪੂਰਬ, ਉੱਤਰ-ਪੂਰਬ ਅਤੇ ਉੱਤਰ-ਪੱਛਮ ਭਾਰਤ ਵਿੱਚ 8 ਤੋਂ 17 ਫ਼ੀਸਦੀ ਅਤੇ ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਪੱਛਮੀ ਬੰਗਾਲ, ਪੰਜਾਬ ਅਤੇ ਉੱਤਰ-ਪੂਰਬ ਦੇ ਕੁਝ ਹਿੱਸਿਆਂ ਵਿੱਚ 20 ਤੋਂ 59 ਫ਼ੀਸਦੀ ਘੱਟ ਮੀਂਹ ਪਿਆ। ਅੱਧ-ਸਤੰਬਰ 2022 ਤੱਕ 1092.9 ਲੱਖ ਹੈਕਟੇਅਰ ਰਕਬੇ ਵਿੱਚ ਬਿਜਾਈ ਕੀਤੀ ਗਈ ਜਦੋਂਕਿ ਸਾਉਣੀ 2021 ਦੌਰਾਨ ਇਹ ਰਕਬਾ 110119 ਲੱਖ ਹੈਕਟੇਅਰ ਸੀ। ਝੋਨੇ ਹੇਠ ਰਕਬੇ ਦਾ ਪਾੜਾ ਘਟ ਕੇ 4.5 ਫ਼ੀਸਦੀ ਰਹਿ ਗਿਆ ਸੀ ਪਰ ਪਛੇਤੀ ਬਿਜਾਈ ਨਾਲ ਝੋਨੇ ਦਾ ਝਾੜ ਘਟਣ ਦੀ ਸੰਭਾਵਨਾ ਹੈ।

ਜਲਵਾਯੂ ਪਰਿਵਰਤਨ ਅਤੇ ਇਸ ਦੇ ਮਾੜੇ ਅਸਰ ਬਾਰੇ ਸਬੂਤ ਹੁਣ ਪ੍ਰਤੱਖ ਹੋ ਗਏ ਹਨ। ਸਪੱਸ਼ਟ ਹੈ ਕਿ ਫ਼ਸਲਾਂ ਦੇ ਉਤਪਾਦਨ ਉੱਪਰ ਜਲਵਾਯੂ ਪਰਿਵਰਤਨ ਦਾ ਅਸਰ ਭੋਜਨ ਅਤੇ ਪੋਸ਼ਣ ਸੰਕਟ ਦਾ ਕਾਰਨ ਬਣ ਸਕਦਾ ਹੈ। ਵਧ ਰਹੀ ਮਨੁੱਖੀ ਆਬਾਦੀ ਦੀਆਂ ਭੋਜਨ ਲੋੜਾਂ ਪੂਰੀਆਂ ਕਰਨ ਲਈ ਦੋ-ਪੱਖੀ ਰਣਨੀਤੀ: ਜਲਵਾਯੂ ਪਰਿਵਰਤਨ ਨੂੰ ਠੱਲ੍ਹ ਪਾਉਣਾ ਅਤੇ ਖੇਤੀਬਾੜੀ ਨੂੰ ਜਲਵਾਯੂ ਦੇ ਬਦਲਦੇ ਹਾਲਾਤ ਅਨੁਕੂਲ ਢਾਲਣਾ, ਵੱਲ ਤੁਰੰਤ ਧਿਆਨ ਦੇਣ ਦੀ ਲੋੜ ਹੈ।

# 74ਵਾਂ ਗਣਤੰਤਰ ਦਿਵਸ ਹੋਵੇਗਾ ਬੇਹੱਦ ਖ਼ਾਸ, ਪਰੇਡ ’ਚ ਦਿਸੇਗਾ ‘ਮੇਡ ਇਨ ਇੰਡੀਆ’ ਦਾ ਜਲਵਾ

ਨਵੀਂ ਦਿੱਲੀ- ਭਾਰਤ ਇਸ ਸਾਲ ਆਪਣਾ 74ਵਾਂ ਗਣਤੰਤਰ ਦਿਵਸ ਮਨਾਉਣ ਜਾ ਰਿਹਾ ਹੈ। ਭਾਰਤ ਨੇ 26 ਜਨਵਰੀ 1950 ਨੂੰ ਸੰਵਿਧਾਨ ਅਪਣਾਇਆ ਸੀ, ਇਸ ਲਈ ਇਹ ਦਿਨ ਸਾਰੇ ਭਾਰਤੀਆਂ ਲਈ ਬਹੁਤ ਖ਼ਾਸ ਹੈ। ਹਰ ਸਾਲ ਇਹ ਰਾਸ਼ਟਰੀ ਤਿਉਹਾਰ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਸ ਦਿਨ ਦੇਸ਼ ਭਰ ਵਿਚ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਇਸ ਮੌਕੇ ਰਾਸ਼ਟਰਪਤੀ ਭਵਨ ਤੋਂ ਇੰਡੀਆ ਗੇਟ ਤੱਕ ਇਕ ਆਕਰਸ਼ਕ ਪਰੇਡ ਹੁੰਦੀ ਹੈ। ਇਸ ਵਾਰ ਗਣਤੰਤਰ ਦਿਵਸ ’ਤੇ ਕੁਝ ਖਾਸ ਗੱਲਾਂ ਹੋਣ ਵਾਲੀਆਂ ਹਨ, ਜੋ ਪਹਿਲੀ ਵਾਰ ਹੋਣਗੀਆਂ।




1- 74ਵੇਂ ਗਣਤੰਤਰ ਦਿਵਸ ਦੀ ਪਰੇਡ ’ਚ ਇਸ ਵਾਰ ਪ੍ਰਦਰਸ਼ਿਤ ਕੀਤੇ ਗਏ ਫੌਜ ਦੇ ਸਾਰੇ ਹਥਿਆਰ ‘ਮੇਡ ਇਨ ਇੰਡੀਆ’ ਹੋਣਗੇ। 21 ਤੋਪਾਂ ਦੀ ਸਲਾਮੀ ਦੇਸੀ 105 ਐੱਮਐੱਮ ਭਾਰਤੀ ਫੀਲਡ ਗੰਨ ਨਾਲ ਹੋਵੇਗੀ।

2- ਇਕ ਮਿਸਰ ਦੀ ਫੌਜ ਦੀ ਟੁਕੜੀ ਅਤੇ ਨਵੇਂ ਭਰਤੀ ਹੋਏ ਅਗਨੀਵੀਰ ਪਹਿਲੀ ਵਾਰ ਪਰੇਡ ਵਿਚ ਹਿੱਸਾ ਲੈਣਗੇ। ਇਸ ਤੋਂ ਇਲਾਵਾ ਗਣਤੰਤਰ ਦਿਵਸ ’ਤੇ ਪਾਕਿਸਤਾਨ ਨਾਲ ਲੱਗਦੀ ਰੇਗਿਸਤਾਨੀ ਸਰਹੱਦ ਦੀ ਰਾਖੀ ਕਰਨ ਵਾਲੀਆਂ ਮਹਿਲਾ ਸਿਪਾਹੀ ਬੀਐੱਸਐੱਫ ਵੀ ਹਿੱਸਾ ਹੋਣਗੀਆਂ। ਰਣਨੀਤਕ ਆਧਾਰ ’ਤੇ ਤਾਇਨਾਤ ਮਹਿਲਾ ਅਧਿਕਾਰੀ ‘ਨਾਰੀ ਸ਼ਕਤੀ’ ਦਾ ਪ੍ਰਦਰਸ਼ਨ ਕਰਨ ਵਾਲੀ ਜਲ ਸੈਨਾ ਦੇ 144 ਮਲਾਹਾਂ ਦੇ ਦਲ ਦੀ ਅਗਵਾਈ ਕਰਨਗੀਆਂ।

3- ਪਰੇਡ ਲਈ ਆਪਣੀ ਆਖ਼ਰੀ ਸਵਾਰੀ ਨਾਲ ਨੇਵੀ ਦਾ ਆਈਐੱਲ-38 ਜਹਾਜ਼ ਇਤਿਹਾਸ ਦੀਆਂ ਕਿਤਾਬਾਂ ਵਿਚ ਦਰਜ ਹੋ ਜਾਵੇਗਾ। ਇਸ ਸਮੁੰਦਰੀ ਜਾਸੂਸੀ ਜਹਾਜ਼ ਨੇ ਲਗਭਗ 42 ਸਾਲਾਂ ਤੋਂ ਜਲ ਸੈਨਾ ਦੀ ਸੇਵਾ ਕੀਤੀ ਹੈ।

4- ਦਿੱਲੀ ਖੇਤਰ ਦੇ ਚੀਫ ਆਫ ਸਟਾਫ ਮੇਜਰ ਜਨਰਲ ਭਵਨੀਸ਼ ਕੁਮਾਰ ਨੇ ਦੱਸਿਆ ਕਿ ਪਰੇਡ ਸਵੇਰੇ 10130 ਵਜੇ ਵਿਜੇ ਚੌਕ ਤੋਂ ਸ਼ੁਰੂ ਹੋਵੇਗੀ ਅਤੇ ਦਲ ਸਿੱਧਾ ਲਾਲ ਕਿਲ੍ਹੇ ਵੱਲ ਮਾਰਚ ਕਰੇਗਾ। ਮਹਾਮਾਰੀ ਕਰਕੇ ਲਾਲ ਕਿਲ੍ਹੇ ਤਕ ਪਰੇਡ ਦਾ ਰਵਾਇਤੀ ਮਾਰਗ ਬੰਦ ਕਰ ਦਿੱਤਾ ਗਿਆ ਸੀ।

5- ਫਲਾਈ ਪਾਸਟ ਵਿਚ ਹਿੱਸਾ ਲੈਣ ਵਾਲੇ 44 ਜਹਾਜ਼ਾਂ ਵਿਚ 9 ਰਾਫੇਲ ਜੈੱਟ ਅਤੇ ਹਲਕੇ ਹਮਲੇ ਵਾਲੇ ਹੈਲੀਕਾਪਟਰ ਸਮੇਤ ਹੋਰ ਜਹਾਜ਼ ਸ਼ਾਮਿਲ ਹੋਣਗੇ।

6- ਇਸ ਸਾਲ ਪਰੇਡ ਵਿਚ 23 ਝਾਕੀਆਂ ਦਿਖਾਈਆਂ ਜਾਣਗੀਆਂ, ਜਿਸ ਵਿਚ 17 ਝਾਕੀਆਂ ਵੱਖ-ਵੱਖ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਹੋਣਗੀਆਂ ਜਦੋਂਕਿ ਛੇ ਵੱਖ-ਵੱਖ ਸਰਕਾਰੀ ਮੰਤਰਾਲਿਆਂ ਅਤੇ ਵਿਭਾਗਾਂ ਦੀਆਂ ਹੋਣਗੀਆਂ।

ਇਸ ਤੋਂ ਇਲਾਵਾ ਨਾਰਕੋਟਿਕਸ ਕੰਟਰੋਲ ਬਿਊਰੋ ਵੱਲੋਂ ਪਹਿਲੀ ਵਾਰ ਝਾਕੀ ਦਿਖਾਈ ਜਾਵੇਗੀ। ਕਾਰਤਵਯ ਪਥ ਇਸ ਵਾਰ ਗਣਤੰਤਰ ਦਿਵਸ ਸਮਾਰੋਹ ਦੀ ਮੇਜ਼ਬਾਨੀ ਕਰੇਗਾ।

# ਦੁਨੀਆਂ ਵਿਚ ਚੱਲ ਰਹੀਆਂ ਮਾਰੂ ਹਨੇਰੀਆਂ ਅਤੇ ਅਰਥਚਾਰੇ ਦਾ ਸੰਕਟ

**(ਸਫਾ 18 ਦੀ ਬਾਕੀ)**

ਕੰਮ ਕਰਵਾ ਕੇ ਪੂਰੀ ਉਜਰਤ ਨਹੀਂ ਦਿੰਦੇ। ਅਸੰਗਠਿਤ ਖੇਤਰ ਵਿਚ ਤਾਂ ਜਦ ਜੀਅ ਕਰੇ, ਕੰਮ ਤੋਂ ਹਟਾ ਦਿੰਦੇ ਹਨ ਅਤੇ ਕਈ ਵਾਰ ਅਮਾਨਵੀ ਵਿਹਾਰ ਵੀ ਕਰਦੇ ਹਨ।

ਭਾਰਤ ਵਿਚ ਉਪਰ ਦੱਸੀਆਂ ਸਾਰੀਆਂ ਕਿਸਮਾਂ ਦੀ ਬੇਰੁਜ਼ਗਾਰੀ ਮੌਜੂਦ ਹੈ। ਬੇਰੁਜ਼ਗਾਰਾਂ ਦੀ ਗਿਣਤੀ ਹਰ ਰੋਜ਼ ਵਧੀ ਜਾਂਦੀ ਹੈ। ਹੁਣ ਤਾਂ ਰੁਜ਼ਗਾਰ ਦਫਤਰ ਵੀ ਨਹੀਂ ਰਹੇ; ਭਾਵ, ਸਮੱਸਿਆ ਗੰਭੀਰ ਰੂਪ ਵਿਚ ਹੈ ਅਤੇ ਤੁਰੰਤ ਹੱਲ ਮੰਗਦੀ ਹੈ। ਥਾਂ ਥਾਂ ਹੋ ਰਹੇ ਮੁਜ਼ਾਹਰੇ ਇਹੋ ਦੱਸ ਰਹੇ ਹਨ। ਹੁਣ ਭਾਰਤ ਸਰਕਾਰ ਮਜ਼ਦੂਰਾਂ ਸਬੰਧੀ ਬੜੀ ਦੇਰ ਤੋਂ ਚੱਲ ਰਹੇ ਕਿਰਤ ਕਾਨੂੰਨਾਂ ਨੂੰ ‘ਸੁਧਾਰ’ ਕਹਿ ਕੇ ਬਦਲਣ ਲੱਗੀ ਹੈ। ਖਰੜਾ ਤਿਆਰ ਹੈ। ਇਸ ਵਿਚ 4 ਕੋਡ ਬਣਾਏ ਗਏ ਹਨ। ਮਜ਼ਦੂਰਾਂ ਨੂੰ ਹਫਤੇ ਵਿਚ 4 ਦਿਨ ਕੰਮ ਮਿਲੇਗਾ ਅਤੇ ਕੰਮ ਦਾ ਸਮਾਂ 8 ਘੰਟੇ ਤੋਂ ਵਧ ਕੇ 12 ਘੰਟੇ ਕਰ ਦਿੱਤਾ ਗਿਆ ਹੈ। ਪੀਐੱਫ ਅਤੇ ਈਐੱਸਆਈ ਵੀ ਤਬਦੀਲ ਕਰ ਦਿੱਤੇ ਗਏ ਹਨ। ਸਰਕਾਰ ਦੀ ਦਲੀਲ ਹੈ ਕਿ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਲਈ ਅਜਿਹਾ ਕੀਤਾ ਜਾ ਰਿਹਾ ਹੈ ਅਤੇ ਇਸ ਨਾਲ ਮਜ਼ਦੂਰਾਂ ਦੀ ਵੀ ਭਲਾਈ ਹੋਵੇਗੀ ਪਰ ਕਿਰਤੀ ਸੰਗਠਨ ਇਸ ਦੀ ਆਲੋਚਨਾ ਕਰਦੇ ਹਨ। ਰਾਜਨੀਤੀ ਸ਼ਾਸਤਰੀ ਅਤੇ ਅਰਥਵਿਗਿਆਨੀਆਂ ਦਾ ਮੱਤ ਹੈ ਕਿ ਜਿੰਨਾ ਚਿਰ ਅਜਿਹਾ ਵਾਤਾਵਰਨ ਰਹੇਗਾ, ਵਿਕਾਸ ਦਰ ਵਧ ਨਹੀਂ ਸਕੇਗੀ ਕਿਉਂਕਿ ਕਿਰਤੀ ਵਰਗ ਦੀ ਆਮਦਨ/ਖਰੀਦ ਸ਼ਕਤੀ ਘੱਟ ਹੋਣ ਕਾਰਨ ਵਸਤਾਂ ਦੀ ਕੁੱਲ ਮੰਗ ਘੱਟ ਰਹਿੰਦੀ ਹੈ ਜਿਸ ਨਾਲ ਕੁੱਲ ਉਤਪਾਦਿਤ ਵਸਤਾਂ ਦੀ ਪੂਰੀ ਵਿਕਰੀ ਨਹੀਂ ਹੁੰਦੀ। ਅਣਵਿਕੇ ਮਾਲ ਕਾਰਨ ਕਾਮੇ ਘਟਣ ਲਗਦੇ ਹਨ ਅਤੇ ਆਰਥਿਕ ਮੰਦੀ ਆ ਜਾਂਦੀ ਹੈ। ਇਹ ਵਰਤਾਰਾ ਸੰਸਾਰ ਵਿਚ ਖਾਸਕਰ ਉਨਤ ਦੇਸ਼ਾਂ ਵਿਚ ਵੀ ਹੈ। ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਅਜੇ ਤੱਕ ਭਾਵਪੂਰਤ ਨਤੀਜੇ ਸਾਹਮਣੇ ਨਹੀਂ ਲਿਆਂਦੇ। ਇਸ ਦਾ ਸਹੀ ਹੱਲ ਤਾਂ ਕੇਵਲ ਰੁਜ਼ਗਾਰ ਵਧਾਉਣਾ ਹੀ ਹੈ।

ਚੌਥੀ ਹਨੇਰੀ ਵਧ ਰਹੀ ਮਹਿੰਗਾਈ ਹੈ। ਮਹਿੰਗਾਈ ਵਿਚ ਮਾਮੂਲੀ ਵਾਧਾ ਤਾਂ ਨਿਵੇਸ਼ ਨੂੰ ਉਤਸ਼ਾਹਿਤ ਕਰਦਾ ਹੈ ਪਰ ਸਮੱਸਿਆ ਉਦੋਂ ਪੈਦਾ ਹੁੰਦੀ ਹੈ ਜਦ ਇਹ ਹੱਦੋਂ ਬਾਹਰ ਹੋ ਜਾਂਦੀ ਹੈ ਅਤੇ ਲਗਾਤਾਰ ਵਧਦੀ ਜਾਂਦੀ ਹੈ। ਭਾਰਤ ਵਿਚ ਅੱਜ ਇਹੋ ਦੌਰ ਚੱਲ ਰਿਹਾ ਹੈ ਤਾਂ ਹੀ ਇਤਨੀ ਹਾਹਾਕਾਰ ਹੈ। ਕੀਮਤਾਂ ਵਿਚ ਤੇਜ਼ ਵਾਧਾ ਉਤਪਾਦਕਾਂ ਦੇ ਲਾਭ ਅਤੇ ਖਪਤਕਾਰਾਂ ਦੇ ਖਰਚ ਵਧਾ ਦਿੰਦਾ ਹੈ। ਜਦ ਲੋਕਾਂ ਨੂੰ ਕਿਸੇ ਵਸਤੂ ਦੀ ਆਦਤ ਪੈ ਜਾਂਦੀ ਹੈ ਤਾਂ ਉਤਪਾਦਕ ਕੀਮਤਾਂ ਵਧਾ ਦਿੰਦੇ ਹਨ। ਟੈਕਸ ਵਧਾਉਣ ਨਾਲ ਵੀ ਕੀਮਤਾਂ ਵਧਦੀਆਂ ਹਨ। ਆਪਣੇ ਮੁਲਕ ਵਿਚ ਇਸੇ ਤਰ੍ਹਾਂ ਹੋਇਆ ਹੈ। ਖਾਣ ਪੀਣ ਦੀ ਵਸਤਾਂ ’ਤੇ ਵੀ ਜੀਐੱਸਟੀ ਲਗਾ ਦਿੱਤਾ ਗਿਆ। ਇਸ ਨਾਲ ਹਰ ਨਾਗਰਿਕ ਦਾ ਖਰਚ ਵਧ ਗਿਆ ਹੈ। ਇਨ੍ਹਾਂ ਦਿਨਾਂ ਵਿਚ ਖਾਣ-ਪੀਣ ਦੀ ਵਸਤਾਂ ਤੇ ਵੀ ਜੀ.ਐਸ.ਟੀ. ਲਗਾ ਦਿੱਤਾ ਗਿਆ ਹੈ। ਇਸ ਨਾਲ ਹਰ ਨਾਗਰਿਕ ਦਾ ਖਰਚ ਵਧ ਗਿਆ ਹੈ। ਸੰਸਦ ਦੇ ਪਿਛਲੇ ਸੈਸ਼ਨ ਵਿਚ ਇਸ ਬਾਰੇ ਕਾਫੀ ਚਰਚਾ ਹੋਈ ਹੈ। ਪ੍ਰਬੰਧਕੀ ਖਰਚ ਹਰ ਰੋਜ਼ ਵਧ ਰਹੇ ਜਿਸ ਕਾਰਨ ਟੈਕਸ ਦਰ ਦਾ ਵਧਣਾ ਲਾਜ਼ਮੀ ਹੈ। ਸਰਹੱਦੀ ਤਣਾਅ ਵੀ ਇਸ ਦਾ ਇਕ ਕਾਰਨ ਹੈ ਕਿਉਂਕਿ ਜੰਗੀ ਸਮਾਨ ਬਹੁਤ ਮਹਿੰਗਾ ਹੋ ਗਿਆ ਹੈ। ਇਨ੍ਹਾਂ ਕਾਰਨਾਂ ਕਰ ਕੇ ਸਾਡੇ ਦੇਸ਼ ਵਿਚ ਮਹਿੰਗਾਈ ਜ਼ਿਆਦਾ ਵਧੀ ਹੈ ਜੋ ਆਮ ਪਰਿਵਾਰ ਲਈ ਸਹਿਣੀ ਔਖੀ ਹੈ। ਇਸ ਲਈ ਸੰਭਵ ਢੰਗ ਜਿਵੇਂ ਉਤਪਾਦਨ ਵਿਚ ਵਾਧਾ, ਟੈਕਸ ਢਾਂਚੇ ਨੂੰ ਦਰੁਸਤ ਕਰਨਾ ਆਦਿ ਉਪਰਾਲੇ ਕਰਨੇ ਚਾਹੀਦੇ ਹਨ। ਆਰਥਿਕਤਾ ਦੀਆਂ ਤਰੰਗਾਂ ਆਪਸ ਵਿਚ ਜੁੜੀਆਂ ਹੁੰਦੀਆਂ ਹਨ। ਇਕ ਸਮੱਸਿਆ ਦੂਜੀ ਨੂੰ ਜਨਮ ਦਿੰਦੀ ਹੈ। ਇਸ ਲਈ ਸਭ ਸਮੱਸਿਆਵਾਂ ਵੱਲ ਧਿਆਨ ਦੇਣਾ ਪਵੇਗਾ। ਇਹ ਹਨੇਰੀਆਂ ਸਰਕਾਰ ਦੇ ਯਤਨਾਂ ਅਤੇ ਜਨਤਾ ਦੇ ਸਹਿਯੋਗ ਦੁਆਰਾ ਰੋਕੀਆਂ ਜਾ ਸਕਦੀਆਂ ਹਨ। ਜੇ ਅਸੀਂ ਇਹ ਹਨੇਰੀਆਂ ਰੋਕ ਸਕੇ ਤਾਂ ਹੀ ਬਚ ਸਕਾਂਗੇ।

# ਸਰਕਾਰੀ ਅਫਸਰ ਦੀ ਜੜ੍ਹ




ਸ੍ਰੀ ਸੁਰਿੰਦਰਪਾਲ ਸਿੰਘ ਪਰਮਾਰ

ਸਰਕਾਰ ਬਦਲਦਿਆਂ ਹੀ ਸਰਕਾਰੀ ਅਫਸਰਾਂ ਨੇ ਵਧੀਆ ਪੋਸਟਿੰਗ ਲਈ ਆਪਣੀ ਜੋਰ-ਅਜਮਾਈ ਸੁਰੂ ਕਰ ਦਿੱਤੀ ਅਤੇ ਹਰ ਉਸ ਵਿਅਕਤੀ ਵਿਸੇਸ ਨੂੰ ਮਿਲਣਾ ਸੁਰੂ ਕਰ ਦਿੱਤਾ ਜਿਸ ਜਿਸ ਤੋਂ ਵੀ ਕੋਈ ਆਸ-ਮੁਰਾਦ ਸੀ।ਹਰ ਤਰਫ ਘੋੜੇ ਦੁੜਾਉਣ ਦੇ ਬਾਵਜੂਦ ਪਹਿਲੀ ਬਦਲੀਆਂ ਦੀ ਲਿਸਟ ਵਿੱਚ ਉਸ ਦਾ ਨਾਮ ਨਹੀਂ ਆਇਆ। ਉਹ ਬਹੁਤ ਮਾਯੂਸ ਹੋ ਗਿਆ ਅਤੇ ਆਪਣਾ ਮੋਬਾਇਲ ਫੋਨ ਹੀ ਬੰਦ ਕਰ ਲਿਆ ਪ੍ਰੰਤੂ ਕੋਸਿਸਾਂ ਜਾਰੀ ਰਹੀਆਂ ਤੇ ਅਖੀਰ ਮਿਹਨਤ ਰੰਗ ਲਿਆਈ। ਦੂਸਰੀ ਲਿਸਟ ਵਿੱਚ ਆਪਣਾ ਨਾਮ ਦੇਖ ਕੇ ਇਸ ਅਫਸਰ ਦੀ ਛਾਤੀ ਫੁੱਲ ਗਈ ਅਤੇ ਚਿਹਰੇ ਦੇ ਹਾਵ-ਭਾਵ ਹੀ ਬਦਲ ਗਏ। ਜਲਦਬਾਜੀ ਵਿੱਚ ਰਾਤੋ ਰਾਤ ਹੀ ਜਾ ਕੇ ਅਹੁਦਾ ਸੰਭਾਲ ਲਿਆ। ਵਧਾਈਆਂ ਦਾ ਸਿਲਸਿਲਾ ਸੁਰੂ ਹੁੰਦੇ ਹੀ ਹੰਕਾਰ ਹੋਰ ਵਧ ਗਿਆ, "ਵੱਡੇ ਘਰ ਨਾਲ ਮੇਰੀ ਸਿੱਧੀ ਗੱਲਬਾਤ ਹੈ", ਹੁਣ ਯਾਰਾਂ ਨੂੰ ਕੋਈ ਹਿਲਾ ਨਹੀਂ ਸਕਦਾ। ਪੂਰੇ ਪੰਜ ਸਾਲ ਇਸ ਪੋਸਟਿੰਗ ਦੇ ਰਾਜ ਕਰੇਗਾ ਤੇਰਾ ਵੀਰ!"ਖਬਰ ਆਈ ਕਿ ਅਫਸਰ ਨੇ ਆਪਣੇ ਸੁੱਖ ਅਰਾਮ ਲਈ ਦਫਤਰ ਅਤੇ ਰਿਹਾਇਸ ਦਾ ਵੀ ਨਵੀਨੀਕਰਨ ਕਰਵਾਇਆ। ਐਸ-ਅਰਾਮ ਦਾ ਹਰ ਸਮਾਨ ਵੀ ਇਕੱਠਾ ਕਰ ਲਿਆ। ਇੱਕ ਨਿਮਾਣੇ ਦੋਸਤ ਨੇ ਫੋਨ ਤੇ ਪੁੱਛਿਆ, "ਵੀਰ ਜੀ, ਆਪ ਦੇ ਸਹਿਰ ਮਿਲਣ ਆਏ ਸੀ, ਘਰ ਦਾ ਐਡਰੈਸ ਭੇਜਿਓ। ਅਫਸਰ ਅੱਗੋਂ ਬੋਲਿਆ "ਯਾਰ, ਤੂੰ ਜੰਗਲ ਵਿੱਚ ਆ ਕੇ ਸੇਰ ਦਾ ਐਡਰੈਸ ਪੁੱਛਦੈਂ ? ਕਿਸੇ ਵੀ ਚੌਂਕ ਤੇ ਟਰੈਫਿਕ ਵਾਲੇ ਨੂੰ ਪੁੱਛ ਲੈ. ਪੋਸਟਿੰਗ ਤੋਂ ਬਾਅਦ ਅਫਸਰ ਦਾ ਅਸਲੀ ਵਿਹਾਰ ਸਾਹਮਣੇ ਆਉਣ ਲੱਗ ਪਿਆ ਅਤੇ ਲੋਕਾਂ ਦੇ ਹਰ ਕੰਮ ਦਾ ਕੇਂਦਰੀਕਰਨ ਕਰ ਦਿੱਤਾ। ਵੱਡੇ ਸਾਹਿਬ ਦੇ ਹੁਕਮ ਤੋਂ ਬਿਨਾਂ ਪੱਤਾ ਵੀ ਨਹੀਂ ਸੀ ਹਿੱਲਦਾ। ਮਹਿਕਮੇ ਵਿੱਚ ਵੀ ਮਾਤਹਿਤ ਅਫਸਰ ਅਤੇ ਮੁਲਾਜਮ ਘੁਟਣ ਮਹਿਸੂਸ ਕਰਨ ਲੱਗ ਪਏ ਕਿਉਂਕਿ ਜਨਾਬ ਦੇ ਹੁਕਮ ਇਲਾਹੀ ਹੁੰਦੇ ਸਨ। ਲੋਕਾਂ ਵਿੱਚ ਬੇਚੈਨੀ ਦਾ ਮਾਹੌਲ ਪੈਦਾ ਹੋਣ ਲੱਗ ਪਿਆ ਕਿਉਂਕਿ ਲੋਕਾਂ ਦੇ ਜਾਇਜ ਕੰਮਾਂ ਵਿੱਚ ਵੀ ਖੜੋਤ ਆ ਗਈ। ਕਸਮਕਸ ਦੇ ਮਾਹੌਲ ਵਿੱਚ ਸਰਕਾਰੇ ਦਰਬਾਰੇ ਵੱਖ-ਵੱਖ ਤਰ੍ਹਾਂ ਦੀਆਂ ਗੱਲਾਂ ਸੁਰੂ ਹੋ ਗਈਆਂ। ਕਈ ਚਮਚਾ-ਨੁਮਾ ਬੰਦੇ ਇਸ ਅਫਸਰ ਦੀਆਂ ਖੁਸਾਮਦਾਂ ਕਰਕੇ ਆਪਣਾ ਕੰਮ ਕੱਢ ਲੈਂਦੇ ਪ੍ਰੰਤੂ ਆਮ ਆਦਮੀ ਦਫਤਰਾਂ ਦੇ ਧੱਕੇ ਖਾਣ ਲਈ ਮਜਬੂਰ ਸੀ। ਆਮ ਜਨਤਾ ਵਾਂਗ ਰਾਜਨੀਤਿਕ ਲੋਕ ਵੀ ਕਾਫੀ ਘੁਟਨ ਮਹਿਸੂਸ ਕਰਨ ਲੱਗ ਪਏ।ਬਜਾਰ ਵਿੱਚ ਕਈ ਤਰ੍ਹਾਂ ਦੀਆਂ ਅਫਵਾਹਾਂ ਫੈਲ ਗਈਆਂ ਕਿ ਇਸ ਅਫਸਰ ਦਾ ਰਾਬਤਾ ਵੱਡੇ ਘਰ ਨਾਲ ਡੂੰਘਾ ਜਾਪਦਾ ਹੈ। ਗੌਰਮਿੰਟ ਮੁਲਾਜਮ ਅਤੇ ਅਫਸਰ ਭੁੱਲ ਜਾਂਦੇ ਹਨ ਕਿ ਲੋਕਾਂ ਦੀ ਅਵਾਜ ਅਤੇ ਸੂਹੀਆ ਤੰਤਰ ਆਪਣੇ ਦਾਇਰੇ ਅਨੁਸਾਰ ਨਿਰਵਿਘਨ ਕੰਮ ਕਰਦੇ ਰਹਿੰਦੇ ਹਨ। ਰਾਜਧਾਨੀ ਵਿੱਚ ਬੈਠੇ ਸਮੇਂ ਦੇ ਸਮਰੱਥ ਅਧਿਕਾਰੀ ਅਤੇ ਰਾਜਨੀਤਿਕ ਇਹਨਾਂ ਨੂੰ ਘੋਖਦੇ ਹੋਏ ਲਗਾਤਾਰ ਫੈਸਲੇ ਲੈਂਦੇ ਰਹਿੰਦੇ ਹਨ ਅਤੇ ਲਗਾਤਾਰਤਾ ਵਿੱਚ ਡੂੰਘਾਈ ਨਾਲ ਕੀਤੀਆਂ ਪੜਤਾਲਾਂ ਕਿਸੇ ਨਾਂ ਕਿਸੇ ਤਰੀਕੇ ਅਖੀਰ ਵਿੱਚ ਰੰਗ ਦਿਖਾਉਂਦੀਆਂ ਹਨ। ਬਦਲੀ ਦੀਆਂ ਅਫਵਾਹਾਂ ਚਲਦਿਆਂ ਜਦੋਂ ਅਗਲੇ ਦਿਨ ਦੇਰ ਰਾਤ ਨੂੰ ਬਦਲੀਆਂ ਦੀ ਲਿਸਟ ਵਿੱਚ ਚੰਡੀਗੜ੍ਹ ਦੀ ਬਦਲੀ ਵੇਖੀ ਤਾਂ ਇਸ ਅਫਸਰ ਦੇ ਹੋਸ ਉੱਡ ਗਏ ਅਤੇ ਹੱਥਾਂ-ਪੈਰਾਂ ਦੀ ਪੈ ਗਈ। ਬੜੇ ਫੋਨ ਘੁਮਾਏ ਅਤੇ ਬੜੀਆਂ ਕੋਸਿਸਾਂ ਕੀਤੀਆਂ ਕਿ ਬਦਲੀ ਰੁਕ ਜਾਵੇ ਪਰ ਕੋਸਿਸਾਂ ਨੂੰ ਕੋਈ ਬੂਰ ਨਾ ਪਿਆ। ਅੰਤ ਵਿੱਚ ਅਹੁਦੇ ਦਾ ਚਾਰਜ ਛੱਡਣਾ ਪਿਆ ਪਰ ਸੁਕਣੱਤ ਵਜੋਂ ਬਦਲੇ ਵਿੱਚ ਕਈ ਮਹੀਨਿਆਂ ਤੱਕ ਸਰਕਾਰੀ ਕੋਠੀ ਖਾਲੀ ਨਹੀਂ ਕੀਤੀ। ਜੋ ਅਫਸਰ ਵੱਡੇ ਘਰ ਦੀਆਂ ਤਾਰੀਫਾਂ ਕਰਦਾ ਨਹੀਂ ਧੱਕਦਾ ਸੀ, ਹੁਣ ਉਸ ਨੇ ਮਹਿਕਮੇ ਦੇ ਉਚ ਅਫਸਰਾਂ ਨੂੰ ਵੀ ਕੋਸਣਾ ਸੁਰੂ ਕਰ ਦਿੱਤਾ ਕਿ ਕਾਬਲ ਅਫਸਰਾਂ ਦੀ ਇੱਥੇ ਕੋਈ ਸੁਣਵਾਈ ਨਹੀਂ ਹੈ। ਸੋ, ਕਿਸੇ ਨੇ ਸੱਚ ਹੀ ਕਿਹਾ ਹੈ ਕਿ "ਸਰਕਾਰੀ ਅਫਸਰ ਦੀਆਂ ਜੜ੍ਹਾਂ ਗਮਲੇ ਵਿੱਚ ਲੱਗੇ ਬੂਟੇ ਨਾਲੋਂ ਜਿਆਦਾ ਡੂੰਘੀਆਂ ਨਹੀਂ ਹੁੰਦੀਆਂ।


**ਨੋਟ :** ਇਹ ਲਿਖਤ ਪੂਰੀ ਤਰ੍ਹਾਂ ਕਾਲਪਨਿਕ ਹੈ, ਇਸ ਵਿੱਚ ਜਿਕਰ ਕੀਤੇ ਗਏ ਕਰੈਕਟਰ/ ਘਟਨਾਵਾਂ ਦਾ ਕਿਸੇ ਵਿਅਕਤੀ ਵਿਸੇਸ਼/ ਘਟਨਾਕ੍ਰਮ ਦੇ ਨਾਲ ਮੇਲ ਖਾ ਜਾਣਾ ਸਿਰਫ ਸਬੱਬ ਹੀ ਹੋਵੇਗਾ, ਤੇ ਲੇਖਕ ਦੀ ਮਨਸਾ ਕਿਸੇ ਨੂੰ ਠੇਸ ਪਹੁੰਚਾਉਂਣਾ ਨਹੀ ਹੈ।

**ਲੇਖਕ :- ਸ੍ਰੀ ਸੁਰਿੰਦਰਪਾਲ ਸਿੰਘ ਪਰਮਾਰ ਆਈਜੀ ਪੰਜਾਬ ਪੁਲਿਸ**
**ਰਾਹੀਂ- ਸੰਜੀਵ ਗਰਗ ਕਾਲੀ ਧਨੌਲਾ ਮੰਡੀ**
**ਫੋਟੋ : ਸ੍ਰੀ ਸੁਰਿੰਦਰਪਾਲ ਸਿੰਘ ਪਰਮਾਰ ਆਈਜੀ ਪੰਜਾਬ ਪੁਲਿਸ।**

# ਹਥਿਆਰ ਦੀ ਵਰਤੋਂ ਬੰਦੇ ਦੇ ਹੱਥ

**ਹਰਪ੍ਰੀਤ ਸਿੰਘ ਪਠਲਾਵਾ**

ਇਕ ਨੇ ਛੁਰੇ ਨਾਲ ਢਿੱਡ ਪਾੜ ਕੇ ਭੇਜਿਆ ਸੀ ਪਰ ਦੂਜੇ ਨੇ ਛੁਰੀ ਨਾਲ ਅਪ੍ਰੇਸ਼ਨ ਕਰਕੇ ਬੰਦਾ ਬਚਾ ਲਿਆ। ਹਥਿਆਰ ਡਾਕਟਰ ਹੱਥ ਵੀ ਸੀ ਅਤੇ ਕਾਤਲ ਹੱਥ ਵੀ ਪਰ ਇਕ ਨੇ ਮਾਰਿਆ ਦੂਜੇ ਨੇ ਓਸੇ ਹਥਿਆਰ ਨਾਲ ਬਚਾਇਆ ਯਾਨਿ ਹਥਿਆਰ ਦਾ ਫੜੇ ਜਾਣਾ ਚੰਗਾ ਜਾਂ ਮਾੜਾ, ਮਕਸਦ ਤੈਅ ਕਰਦਾ ਨਾ ਕਿ ਖ਼ੁਦ ਹਥਿਆਰ। ਤਲਵਾਰ ਔਰੰਗਜ਼ੇਬ ਹੱਥ ਵੀ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਹੱਥ ਵੀ ਪਰ ਮਕਸਦ ਦੋਹਾਂ ਦਾ ਵੱਖਰਾ। ਹਥਿਆਰ ਅਪਣੇ ਆਪ ਵਿਚ ਮਾੜਾ ਨਹੀਂ ਪਰ ਉਸ ਦੀ ਦਿਸ਼ਾ ਕੌਣ ਤੈਅ ਕਰ ਰਿਹਾ, ਇਹ ਗੱਲ ਮਾਅਨੇ ਰੱਖਦੀ।





ਹਥਿਆਰ ਜੇ ਕਿਸੇ ਸਿਆਣੇ ਹੱਥ ਹੈ ਤਾਂ ਲੋਕਾਈ ਦੇ ਭਲੇ ਹਿਤ ਹੋਵੇਗਾ ਪਰ ਓਹੀ ਹਥਿਆਰ ਜਦ ਜਾਬਰ ਹੱਥ ਆਉਂਦਾ ਤਾਂ ਸੰਸਾਰ ਉਪਰ ਤੁਸੀਂ ਬਰੂਦਾਂ ਦਾ ਧੂੰਆਂ ਦੇਖ ਹੀ ਰਹੇ ਹੋ।

ਚਿੜੀਆਂ ਦਾ ਮਰਨਾ ਅਤੇ ਗਵਾਰਾਂ ਦੇ ਹਾਸੇ ਤਰ੍ਹਾਂ ਸੁਪਰ ਪਾਵਰ ਬਣਨ ਦੀ ਅੰਨ੍ਹੀ ਦੌੜ ਵਿਚ ਜਾਬਰਾਂ ਦਾ ਹੱਥ ਪ੍ਰਮਾਣੂਆਂ ਦੇ ਬਟਨਾਂ ਦੇ ਨੇੜੇ ਤੇੜੇ ਹੈ ਅਤੇ ਜਿਸ ਦਿਨ ਕਿਸੇ ਪਾਗ਼ਲ ਨੇ ਬਟਨ ਦੱਬ ਦਿੱਤਾ ਅਸੀਂ ਤੁਸੀਂ ਕੀ ਖ਼ੁਦ ਬਟਨਾ ਵਾਲੇ ਵੀ ਨੇਸਤੋ-ਨਾਬੂਦ ਹੋ ਜਾਣਗੇ। ਹਥਿਆਰ ਦੀ ਲੋੜ ਕਦੇ ਨਾ ਹੁੰਦੀ ਜੇ ਬੰਦਾ, ਬੰਦਾ ਹੀ ਰਹਿ ਸਕਦਾ ਹੁੰਦਾ ਪਰ ਅੱਜ ਹਰੇਕ ਬੰਦੇ ਨੂੰ ਹਥਿਆਰ ਦੀ ਲੋੜ ਹੈ ਤਾਂ ਕਿ ਓਹ ਬੰਦੇ ਤੋਂ ਹੀ ਸੁਰੱਖਿਅਤ ਰਹਿ ਸਕੇ। ਹਥਿਆਰ ਦੀ ਸ਼ੁਰੂਆਤ ਤਾਂ ਜਾਨਵਰਾਂ ਤੋਂ ਸੁਰੱਖਿਅਤ ਰਹਿਣ ਲਈ ਹੋਈ ਹੋਵੇਗੀ ਪਰ ਖ਼ੂੰਖਾਰ ਜਾਨਵਰ ਤਾਂ ਬੰਦੇ ਨੇ ਪਿੰਜਰੇ ਪਾ ਲਏ ਅਤੇ ਉਨ੍ਹਾਂ ਦੀ ਥਾਂ ਖ਼ੁਦ ਲੈ ਲਈ।

ਜਿੰਨਾ ਚਿਰ ਹਥਿਆਰ ਵਰਤਣ ਵਾਲੇ ਨੂੰ ਪਤਾ ਨਾ ਹੋਵੇ ਕਿ ਹਥਿਆਰ ਦਾ ਮਕਸਦ ਬਚਾਉਣਾ ਜਾਂ ਮਾਰਨਾ ਤਾਂ ਹਥਿਆਰ ਖ਼ਤਰਨਾਕ ਹੈ ਅਤੇ ਬਹੁ ਗਿਣਤੀ ਸੰਸਾਰ ਦੀਆਂ ਖ਼ੁਦ ਹਕੂਮਤਾਂ ਹੀ ਖ਼ਤਰਨਾਕ ਨੇ ਜਿਹੜੀਆਂ ਬੰਦੇ ਨੂੰ ਗਾਜਰ ਮੂਲੀ ਸਮਝਦੀਆਂ ਅਤੇ ਸੰਸਾਰ ਦੀ ਸਭ ਤੋਂ ਵਧ ਖ਼ਤਰਨਾਕ ਹਕੂਮਤ ਉਹ ਕਹੀ ਜਾ ਸਕਦੀ ਹੈ ਜੋ ਖ਼ੁਦ ਦੇ ਮੁਲਕ ਦੇ ਹੀ ਨਾਗਰਿਕਾਂ 'ਤੇ ਟੈਂਕਾਂ ਤੋਪਾਂ ਨਾਲ ਹਮਲੇ ਕਰ ਰਹੀ ਹੈ। ਤੁਸੀਂ ਜਿੰਨਾ ਮਰਜ਼ੀ ਗਿਆਨ ਚੁਕੀ ਫਿਰੋ ਪਰ ਜੇ ਤੁਹਾਡੇ ਡੱਬ ਵਿਚ ਹਥਿਆਰ ਨਹੀਂ ਤਾਂ ਤੁਹਾਡਾ ਸਾਰਾ ਗਿਆਨ ਕੱਢ ਕੇ ਅਗਲੇ ਨੇ ਗੋਡਿਆਂ ਹੇਠ ਧਰ ਲੈਣਾ। ਗਿਆਨ ਦੀ ਰਖਿਆ ਲੋਹੇ ਬਿਨਾਂ ਹੋ ਹੀ ਨਹੀਂ ਸਕਦੀ। ਜੇ ਹੋ ਸਕਦੀ ਹੁੰਦੀ ਤਾਂ ਬੁੱਧੀਮਾਨਾਂ ਕੋਲੇ ਬਥੇਰਾ ਗਿਆਨ ਸੀ ਪਰ ਓਹ ਕਿਥੇ ਨੇ। ਕੀੜੀ ਉਪਰ ਵੀ ਦਇਆ ਕਰਨ ਵਾਲੇ ਖ਼ੁਦ ਦਇਆ ਦੇ ਪਾਤਰ ਬਣ ਕੇ ਰਹਿ ਗਏ।

ਹਮਲਾਵਰ ਪਹਿਲਾਂ ਤੁਹਾਡੀ ਤਾਕਤ ਦੇਖਦਾ ਗਿਆਨ ਦੀ ਗੱਲ ਬਾਅਦ ਕਰਦਾ। ਨਿਹੱਥਾ ਹੋਇਆ ਬੰਦਾ ਸਦੀਆਂ ਤਕ ਕੁਟ ਖਾਂਦਾ ਰਿਹਾ ਪਰ ਜਿਓਂ ਹੀ ਉਸ ਦੇ ਹੱਥ ਹਥਿਆਰ ਆਇਆ ਗਿਆਨ ਦੀ ਖਾਧੀ ਕੜੀ ਅਗਲੇ ਆਪਣਾ ਗੋਹਾ ਮੂਤ ਵੀ ਵੇਚ ਦਿੱਤਾ। ਕੌਣ ਕਹਿੰਦਾ ਵਿਚਾਰਾਂ ਦਾ ਯੁੱਗ ਹੈ ਕੋਈ ਵਿਚਾਰਾਂ ਵਚੂਰਾਂ ਦਾ ਯੁੱਗ ਨਹੀਂ ਸ਼ਕਤੀ ਦਾ ਹੈ ਅਤੇ ਸ਼ਕਤੀ ਹੈ ਹਥਿਆਰ। ਅਮਰੀਕਾ ਦੇ ਚਾਰ ਸਿੰਗ ਨਹੀਂ ਕਿ ਜੀਹਦੀ ਮਰਜ਼ੀ ਜਾ ਵੱਖੀ ਪਾੜਦਾ ਉਸ ਕੋਲ ਸੰਸਾਰ ਦੇ ਸਭ ਤੋਂ ਆਹਲਾ ਹਥਿਆਰ ਹਨ। ਮਾੜੇ ਨੂੰ ਉਹ ਉਠਣ ਤੋਂ ਪਹਿਲਾਂ ਹੀ ਦਬੋਚ ਲੈਂਦਾ।

ਮੈਂ ਭਰੀ ਹੋਈ ਨਾਲੀ ਤੁਹਾਡੀ ਧੌਣ 'ਤੇ ਲਾਈ ਹੋਵੇ ਤੁਹਾਨੂੰ ਓਹੀ ਗਿਆਨ ਮੰਨਣਾ ਪੈਣਾ ਜਿਹੜਾ ਮੈਂ ਦੱਸਣਾਂ। ਤੁਹਾਡਾ ਗਿਆਨ 'ਤੇ ਤਾਂ ਹੀ ਬਾਹਰ ਆਊ ਜੇ ਮੈਂ ਸਾਹ ਬਾਹਰ ਆਉਣ ਦਊਂ ਤੁਹਾਡਾ। ਇਸੇ ਨੂੰ ਆਂਹਦੇ ਜਿਸ ਦੀ ਲਾਠੀ ਉਸ ਦੀ ਭੈਂਸ। ਗਿਆਨ ਓਸੇ ਦਾ ਜਿਸ ਦੇ ਹੱਥ ਹਥਿਆਰ ਹੁੰਦਾ। ਡਾਕਟਰ ਅਤੇ ਕਾਤਲ ਹੱਥ ਫੜੇ ਹਥਿਆਰ ਵਿੱਚ ਇਹੀ ਫ਼ਰਕ ਹੈ ਕਿ ਇਕ ਮਾਰਦਾ ਅਤੇ ਦੂਜਾ ਬਚਾਉਂਦਾ। ਗੁਰਾਂ ਦੇ ਫਲਸਫ਼ੇ ਵਿੱਚੋਂ ਬਚਾਉਣ ਦੀ ਗੱਲ ਨਿਕਲਦੀ, ਮਾਰਨ ਦੀ ਨਹੀਂ। ਉਸ ਦਾ ਪੈਰੋਕਾਰ ਬਚਾਅ ਲਈ ਵੀ ਹਥਿਆਰ ਫੜਦਾ ਤਾਂ ਉਸ 'ਤੇ ਕਾਤਲ ਹੋਣ ਦਾ ਰੌਲਾ ਪੈ ਜਾਂਦਾ।

ਕਿਸੇ ਦੇ ਬਚਾਉਣ ਲਈ ਫੜੀ ਹੋਈ ਛੁਰੀ ਨੂੰ ਵੀ ਛੁਰਾ ਕਰ ਕੇ ਦਿਖਾਇਆ ਜਾਂਦਾ ਅਤੇ ਕਈ ਓਹ ਛੁਰੇ ਮਾਰ ਕੇ ਵੀ ਦੁੱਧ ਧੋਤੇ ਹੋ ਜਾਂਦੇ ਕਿਉਂਕਿ ਓਨਾ ਹੱਥ ਤਾਕਤ ਹੈ। ਕੋਈ ਆਪਣੇ ਬਚਾਓ ਲਈ ਕਿਰਪਾਨ ਕੱਢ ਰਿਹਾ ਹੁੰਦਾ ਤੇ ਕੋਈ ਮਾਰਨ ਵਾਲਾ ਹੀ ਚੀਕਾਂ ਮਾਰ ਉਠਦਾ। ਹਥਿਆਰ ਹੋਣਾ ਜ਼ਰੂਰੀ ਹੈ ਪਰ ਮਕਸਦ ਦਾ ਸਾਫ਼ ਹੋਣਾ ਉਸ ਤੋਂ ਵੀ ਜ਼ਰੂਰੀ। ਹਥਿਆਰ ਹਮੇਸ਼ਾ ਤੋਂ ਹੀ ਬੰਦੇ ਦੀ ਲੋੜ ਰਿਹਾ ਅਤੇ ਰਹੇਗਾ।

# ਭਾਰਤ ਵਿੱਚ ਸਵਦੇਸ਼ੀ 4ਜੀ ਅਤੇ 5ਜੀ ਤਕਨਾਲੋਜੀ ਇਸ ਸਾਲ ਹੋਵੇਗੀ ਪੇਸ਼

ਗਾਂਧੀਨਗਰ- ਕੇਂਦਰੀ ਦੂਰਸੰਚਾਰ ਮੰਤਰੀ ਅਸ਼ਵਨੀ ਵੈਸ਼ਨਵ ਨੇ ਸੋਮਵਾਰ ਨੂੰ ਕਿਹਾ ਕਿ ਸਵਦੇਸ਼ੀ ਤਰੀਕੇ ਨਾਲ ਵਿਕਸਤ 5ਜੀ ਤੇ 4ਜੀ ਦੂਰਸੰਚਾਰ ਤਕਨੀਕ ਦੀ ਸ਼ੁਰੂਆਤ ਦੇਸ਼ ਵਿਚ ਇਸ ਸਾਲ ਤੋਂ ਸ਼ੁਰੂ ਹੋ ਜਾਵੇਗੀ। ਹਾਲਾਂਕਿ ਦੁਨੀਆ ਨੂੰ ਇਹ ਤਕਨੀਕ ਅਗਲੇ ਸਾਲ ਮਿਲੇਗੀ। ਬਿਜ਼ਨੈੱਸ 20 (ਬੀ20) ਫੋਰਮ ਨੂੰ ਸੰਬੋਧਨ ਕਰਦੇ ਹੋਏ ਵੈਸ਼ਨਲ ਨੇ ਕਿਹਾ ਕਿ ਦੁਨੀਆ ਦੇ ਸਿਰਫ ਪੰਜ ਦੇਸ਼ਾਂ ਕੋਲ 'ਐਂਡ-ਟੂ-ਐਂਡ' 4ਜੀ-5ਜੀ ਦੂਰਸੰਚਾਰ ਤਕਨੀਕ ਉਪਲਬਧ ਹੈ, ਪਰ ਨਿੱਜੀ ਤੇ ਜਨਤਕ ਹਿੱਸੇਦਾਰੀ ਰਾਹੀਂ ਭਾਰਤ ਨੇ ਵੀ ਆਪਣੀ ਤਕਨੀਕ ਵਿਕਸਤ ਕੀਤੀ ਹੈ, ਜਿਸਦਾ ਪਰੀਖਣ ਇਕ ਕਰੋੜ ਕਾਲਾਂ ਇਕੋ ਸਮੇਂ ਆਉਣ ਦੀ ਹਾਲਤ ਨੂੰ ਧਿਆਨ ਵਿਚ ਰੱਖ ਕੇ ਕੀਤਾ ਗਿਆ ਹੈ। ਵੈਸ਼ਨਵ ਨੇ ਕਿਹਾ, 'ਨਿੱਜੀ ਤੇ ਜਨਤਕ ਹਿੱਸੇਦਾਰੀ ਨੂੰ ਨਾਲ ਲੈ ਕੇ ਚੱਲਣ ਦੇ ਸਾਡੇ ਰੁਖ਼ ਦੇ ਕਾਰਨ ਸਾਨੂੰ ਸਫਲਤਾ ਮਿਲੀ। ਇਸ ਦੇ ਤਹਿਤ ਮੁੱਢਲੀ ਟੈਕਨਾਲੋਜੀ ਨੂੰ ਜਿਥੇ ਵਿਕਸਤ ਕੀਤਾ ਗਿਆ ਉਥੇ ਜਨਤਕ ਖੇਤਰ ਤੇ ਜਨਤਕ ਫੰਡ ਨੇ ਇਸ ਵਿਚ ਨਿਵੇਸ਼ ਕੀਤਾ ਤੇ ਬਾਕੀ ਦਾ ਸਭ ਕੁਝ ਨਿੱਜੀ ਹਿੱਸੇਦਾਰੀ ਤੋਂ ਹਾਸਲ ਹੋਇਆ। ਉਨ੍ਹਾਂ ਕਿਹਾ ਕਿ 2023 ਦੇ ਦੌਰਾਨ ਅਸੀਂ ਕਰੀਬ 50000 ਤੋਂ 70000 ਟਾਵਰ ਹੋਰ ਲਾਉਣ ਜਾ ਰਹੇ ਹਾਂ ਤੇ 2024 'ਚ ਇਸ ਤਕਨੀਕ ਦੀ ਪੇਸ਼ਕਸ਼ ਪੂਰੀ ਦੁਨੀਆ ਨੂੰ ਕੀਤੀ ਜਾਵੇਗੀ।'

ਉਨ੍ਹਾਂ ਕਿਹਾ ਕਿ ਕੁਝ ਗੰਭੀਰ ਸਮੱਸਿਆਵਾਂ ਦਾ ਹੱਲ ਕੱਢਣ ਲਈ ਭਾਰਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਚਾਰ ਰਸਤੇ ਚੁਣੇ ਹਨ। ਇਹ ਆਰਥਿਕ ਪ੍ਰਬੰਧਨ, ਡਿਜੀਟਲ ਅਰਥਚਾਰਾ, ਡਿਜੀਟਲ ਅਰਥਚਾਰੇ ਦੇ ਮਾਪਦੰਡ ਤੇ ਨਵੀਂ ਤਕਨੀਕ ਦੇ ਵਿਕਾਸ ਨਾਲ ਸਬੰਧਤ ਹੈ। ਵੈਸ਼ਨਵ ਨੇ ਕਿਹਾ ਕਿ ਕੋਰੋਨਾ ਦੇ ਕਹਿਰ ਦੇ ਸਮੇਂ ਪੂਰੀ ਦੁਨੀਆ ਮੰਨੋ ਰੁਕ ਗਈ ਸੀ, ਅਰਥਚਾਰੇ ਠੱਪ ਹੋ ਗਏ ਸੀ।






ਇੰਟਰਨੈਸਨਲ ਭੰਗੜਾ ਕਲਾਕਾਰ, ਥੀਏਟਰ ਰੰਗਕਰਮੀ ਤੇ ਫਿਲਮ ਡਾਇਰੈਕਟਰ ਦਵਿੰਦਰਪਾਲ ਸਿੰਘ ਪਾਲੀ ਧਨੌਲਾ (ਯੂਐਸਏ) ਦਾ ਜਨਮ ਦਿਨ ਪਾਲੀ ਦੀ ਬੇਟੀ ਸੁਖਮਨੀ ਤੇ ਬੇਟਾ ਸੁਖਚੈਨ ਦੁਆਰਾ ਕੇਕ ਕੱਟ ਕੇ ਮਨਾਇਆ ਗਿਆ। ਇਸ ਮੌਕੇ ਤੇ ਪਰਿਵਾਰਕ ਮੈਂਬਰ ਤੇ ਦੋਸਤ ਮੌਜੂਦ ਸਨ।
**ਫੋਟੋ ਤੇ ਵੇਰਵਾ : ਸੰਜੀਵ ਗਰਗ ਕਾਲੀ ਧਨੌਲਾ ਮੰਡੀ ਤੋਂ**


R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
IRS e-file
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
CTEC
California Tax Education Council
Registered Tax Preparer

CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com

# ਛੋਟੇ ਜਿਹੇ ਮੁਲਕ ਨੇਪਾਲ ਦੀ ਸਿਆਸਤ 'ਤੇ ਪੱਛਮ ਦਾ ਅਸਰ

**ਮੰਜੀਵ ਸਿੰਘ ਪੁਰੀ**

ਨੇਪਾਲ ਦੀਆਂ ਹਾਲੀਆ ਆਮ ਚੋਣਾਂ ਦੌਰਾਨ ਕਿਸੇ ਵੀ ਪਾਰਟੀ ਜਾਂ ਗੱਠਜੋੜ ਨੂੰ ਬਹੁਮਤ ਨਹੀਂ ਮਿਲਿਆ ਅਤੇ ਵੰਡੇ ਹੋਏ ਹੇਠਲੇ ਸਦਨ 'ਪ੍ਰਤੀਨਿਧ ਸਭਾ' ਦਾ ਗਠਨ ਹੋਇਆ। ਮੌਕੇ ਦੇ ਪ੍ਰਧਾਨ ਮੰਤਰੀ ਸ਼ੇਰ ਬਹਾਦੁਰ ਦਿਉਬਾ ਦੀ ਅਗਵਾਈ ਵਾਲੀ ਹਾਕਮ ਨੇਪਾਲੀ ਕਾਂਗਰਸ ਅਤੇ ਪੁਸ਼ਪ ਕਮਲ ਦਾਹਲ 'ਪ੍ਰਚੰਡ' ਦੀ ਅਗਵਾਈ ਵਾਲੀ ਕਮਿਊਨਿਸਟ ਪਾਰਟੀ ਆਫ ਨੇਪਾਲ-ਮਾਓਇਸਟ ਸੈਂਟਰ (ਸੀ ਪੀ ਐੱਨ-ਐੱਮ ਸੀ) ਦਾ ਚੋਣਾਂ ਤੋਂ ਪਹਿਲਾਂ ਕੀਤਾ ਗੱਠਜੋੜ 275 ਮੈਂਬਰੀ ਸਦਨ ਵਿਚ ਬਹੁਮਤ ਲਈ ਲੋੜੀਂਦੀਆਂ 138 ਸੀਟਾਂ ਤੋਂ ਪਿਛਾਂਹ ਰਹਿ ਗਿਆ। ਨੇਪਾਲੀ ਕਾਂਗਰਸ 89 ਸੀਟਾਂ ਨਾਲ ਸਭ ਤੋਂ ਵੱਡੀ ਪਾਰਟੀ ਵਜੋਂ ਉੱਭਰੀ ਤੇ ਪਿਛਲੀ ਵਾਰ ਦੇ ਮੁਕਾਬਲੇ ਇਸ ਦੀਆਂ 26 ਸੀਟਾਂ ਵਧੀਆਂ; ਦੂਜੇ ਪਾਸੇ ਪ੍ਰਚੰਡ ਦੀ ਪਾਰਟੀ ਨੂੰ 32 ਸੀਟਾਂ ਹੀ ਮਿਲੀਆਂ।

ਇਨ੍ਹਾਂ ਸੰਕੇਤਾਂ ਦੇ ਬਾਵਜੂਦ ਕਿ ਗੱਠਜੋੜ ਛੋਟੀਆਂ ਪਾਰਟੀਆਂ ਦੀ ਮਦਦ ਨਾਲ ਸਰਕਾਰ ਬਣਾ ਲਵੇਗਾ, ਕਹਾਣੀ ਅਚਾਨਕ ਨਵਾਂ ਮੋੜ ਕੱਟ ਗਈ; ਅਜਿਹਾ ਮੋੜ ਜਿਹੜਾ ਨੇਪਾਲੀ ਸਿਆਸਤ ਦੀ ਅਸਲ ਪਛਾਣ ਜ਼ਾਹਿਰ ਕਰਦਾ ਹੈ ਕਿ ਇਥੇ ਨਾ ਕੋਈ ਪੱਕਾ ਦੋਸਤ ਹੈ ਤੇ ਨਾ ਪੱਕਾ ਦੁਸ਼ਮਣ। ਇਸ ਤਹਿਤ ਪ੍ਰਚੰਡ ਨੇ ਪ੍ਰਧਾਨ ਮੰਤਰੀ ਵਜੋਂ ਹਲਫ਼ ਲਿਆ ਪਰ ਨੇਪਾਲੀ ਕਾਂਗਰਸ ਦੀ ਹਮਾਇਤ ਨਾਲ ਨਹੀਂ ਸਗੋਂ ਸਾਬਕਾ ਪ੍ਰਧਾਨ ਮੰਤਰੀ ਕੇਪੀ ਸ਼ਰਮਾ ਓਲੀ ਦੀ ਕਮਿਊਨਿਸਟ ਪਾਰਟੀ ਆਫ ਨੇਪਾਲ (ਯੂਐੱਮਐੱਲ) ਦੀ ਹਮਾਇਤ ਨਾਲ। ਓਲੀ ਨੇ 2021 ਦੇ ਤੋੜ-ਵਿਛੋੜੇ ਨੂੰ ਨਜ਼ਰਅੰਦਾਜ਼ ਕਰਦਿਆਂ ਖ਼ੁਦ ਅਗਾਂਹ ਵਧ ਕੇ ਪ੍ਰਚੰਡ ਤੱਕ ਪਹੁੰਚ ਕੀਤੀ ਸੀ। ਓਲੀ ਨੇ ਹੋਰਨਾਂ ਵੱਲ ਵੀ ਸੁਲ੍ਹਾ ਦਾ ਹੱਥ ਵਧਾਇਆ ਸੀ ਜਿਨ੍ਹਾਂ ਵਿਚ ਵੱਖਰੀ ਵਿਚਾਰਧਾਰਾ ਵਾਲੀਆਂ ਪਾਰਟੀਆਂ ਵੀ ਸ਼ਾਮਲ ਸਨ। ਇਸ ਤਹਿਤ ਉਨ੍ਹਾਂ ਦਿਉਬਾ ਤੱਕ ਵੀ ਪਹੁੰਚ ਕੀਤੀ ਸੀ।

ਓਲੀ ਦੀ ਯੂਨੀਫਾਈਡ ਮਾਰਕਸਿਸਟ-ਲੈਨਿਨਿਸਟ (ਯੂਐੱਮਐੱਲ) ਪਾਰਟੀ ਜਿਹੜੀ 2017 ਦੌਰਾਨ ਸੰਸਦ ਵਿਚ ਸਭ ਤੋਂ ਵੱਡੀ ਪਾਰਟੀ ਸੀ, ਇਸ ਵਾਰ 78 ਸੀਟਾਂ ਹੀ ਜਿੱਤ ਸਕੀ। ਇਸ ਲਈ ਯੂਐੱਮਐੱਲ ਅਤੇ ਮਾਓਵਾਦੀ ਪਾਰਟੀ ਵੀ ਮਿਲ ਕੇ ਬਹੁਮਤ ਦੇ ਅੰਕੜੇ 138 ਤੱਕ ਨਹੀਂ ਪੁੱਜਦੇ ਸਨ ਪਰ ਉਨ੍ਹਾਂ ਨੂੰ ਸੱਤਾ ਵਿਚ ਭਾਈਵਾਲੀ ਦੀਆਂ ਚਾਹਵਾਨ ਕੁਝ ਛੋਟੀਆਂ ਪਾਰਟੀਆਂ ਦਾ ਸਾਥ ਮਿਲ ਗਿਆ ਜਿਨ੍ਹਾਂ ਨੇ ਇਨ੍ਹਾਂ ਚੋਣਾਂ ਦੌਰਾਨ ਸ਼ਾਨਦਾਰ ਕਾਰਗੁਜ਼ਾਰੀ ਦਿਖਾਈ ਹੈ।

ਦਿਲਚਸਪ ਗੱਲ ਹੈ ਕਿ ਕੁਲੀਸ਼ਨ ਸਰਕਾਰ ਦੀ ਹਮਾਇਤ ਕਰ ਰਹੀਆਂ ਦੋ ਸਭ ਤੋਂ ਅਹਿਮ ਛੋਟੀਆਂ ਪਾਰਟੀਆਂ ਦਾ ਯੂਐੱਮਐੱਲ ਤੇ ਮਾਓਵਾਦੀਆਂ ਦੇ ਉਲਟ, ਕਮਿਊਨਿਸਟ ਜਾਂ ਇਥੋਂ ਤੱਕ ਕਿ ਸਮਾਜਵਾਦੀ ਵਿਚਾਰਧਾਰਾ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਇਹ ਹਨ ਰਾਜਸ਼ਾਹੀ ਪੱਖੀ ਰਾਸ਼ਟਰੀ ਪ੍ਰਜਾਤੰਤਰ ਪਾਰਟੀ (ਆਰਪੀਪੀ) ਅਤੇ ਹਿੰਦੂ ਰਾਸ਼ਟਰ ਪਾਰਟੀ (ਐੱਚਆਰਪੀ) ਜਿਸ ਦਾ 2017 ਵਿਚ ਪੂਰੀ ਤਰ੍ਹਾਂ ਸਫ਼ਾਇਆ ਹੋ ਗਿਆ ਸੀ ਪਰ ਇਸ ਵਾਰ ਇਸ ਨੇ 14 ਸੀਟਾਂ ਜਿੱਤੀਆਂ ਹਨ। ਆਰਪੀਪੀ ਪਹਿਲਾਂ ਵੀ ਮੌਕਾਪ੍ਰਸਤੀ ਦੇ ਆਧਾਰ 'ਤੇ ਓਲੀ ਨਾਲ ਹੱਥ ਮਿਲਾਉਂਦੀ ਰਹੀ ਹੈ ਅਤੇ ਇਸ ਵਾਰ ਵੀ ਅਜਿਹਾ ਹੀ ਜਾਪਦਾ ਹੈ। ਇਸ ਨੂੰ ਓਲੀ ਦੇ ਨੇਪਾਲ ਦੇ ਹਿੰਦੂ ਰਾਸ਼ਟਰ ਹੋਣ ਅਤੇ 'ਸੱਭਿਆਚਾਰਕ ਬਾਦਸ਼ਾਹ' ਵਜੋਂ ਰਾਜਸ਼ਾਹੀ ਦੇ ਮੁੜ-ਉਭਾਰ ਪ੍ਰਤੀ ਹਾਂਪੱਖੀ ਪ੍ਰਗਟਾਵਿਆਂ ਸਦਕਾ ਯੂਐੱਮਐੱਲ ਰਾਹੀਂ ਆਪਣੇ ਏਜੰਡੇ ਸੰਬੰਧੀ ਸਿਆਸੀ ਤਸੱਲੀ ਮਿਲਦੀ ਹੈ। ਦੂਜੇ ਪਾਸੇ ਸਾਰੀ ਉਮਰ ਰਾਜਸ਼ਾਹੀ ਦੇ ਵਿਰੋਧੀ ਰਹੇ ਪ੍ਰਚੰਡ ਦੀ ਹਾਕਮ-ਗੱਡੀ ਵਿਚ ਆਰਪੀਪੀ ਦਾ ਸਵਾਰ ਹੋਣਾ ਸਾਬਤ ਕਰਦਾ ਹੈ ਕਿ ਇੰਝ ਉਹ (ਪ੍ਰਚੰਡ) ਇਕ ਤਰ੍ਹਾਂ ਆਧੁਨਿਕ ਨੇਪਾਲ ਪ੍ਰਤੀ ਰਾਜਸ਼ਾਹੀ ਦੇ ਯੋਗਦਾਨਾਂ ਦਾ ਥੋੜ੍ਹਾ-ਬਹੁਤ ਸਨਮਾਨ ਕਰਨ ਵਰਗਾ ਸਮਝੌਤਾ ਕਰਨ ਲਈ ਮਜਬੂਰ ਹਨ ਪਰ ਨੇਪਾਲ ਵਿਚ ਸੱਤਾ ਦੇ ਢਾਂਚੇ ਅੰਦਰ ਇਹ ਕੋਈ ਵੱਡੀ ਗੱਲ ਨਹੀਂ।



ਦੂਜੀ ਪਾਰਟੀ ਹੈ ਰਾਸ਼ਟਰੀ ਸਵਤੰਤਰ ਪਾਰਟੀ (ਆਰਐੱਸਪੀ) ਜੋ ਬਿਲਕੁਲ ਨਵੀਂ ਨਕੋਰ ਹੈ। ਇਹ 20 ਸੰਸਦ ਮੈਂਬਰਾਂ ਨਾਲ ਹੇਠਲੇ ਸਦਨ ਵਿਚ ਚੌਥੀ ਸਭ ਤੋਂ ਵੱਡੀ ਪਾਰਟੀ ਬਣਦੀ ਹੈ। ਇਸ ਨੂੰ ਨੌਜਵਾਨ ਵਰਗ ਤੇ ਪਰਵਾਸੀ ਨੇਪਾਲੀਆਂ ਦੀ ਜ਼ੋਰਦਾਰ ਹਮਾਇਤ ਹਾਸਲ ਹੈ ਅਤੇ ਇਹ ਅਧਿਕਾਰ-ਆਧਾਰਿਤ ਏਜੰਡੇ ਉਤੇ ਕੰਮ ਕਰਦੀ ਹੈ। ਇਸ ਦੇ ਆਗੂ ਰਵੀ ਲਾਮੀਛਾਨੇ ਨੂੰ ਉਪ ਪ੍ਰਧਾਨ ਮੰਤਰੀ ਬਣਾਇਆ ਗਿਆ ਹੈ। ਉਹ ਅਮਰੀਕੀ ਸ਼ਹਿਰੀ ਸਨ ਅਤੇ ਆਪਣੀ 'ਮੁੜ ਹਾਸਲ ਕੀਤੀ' ਨੇਪਾਲੀ ਨਾਗਰਿਕਤਾ ਸੰਬੰਧੀ ਨੇਪਾਲ ਸੁਪਰੀਮ ਕੋਰਟ ਵਿਚ ਕੇਸ ਦਾ ਸਾਹਮਣਾ ਕਰ ਰਹੇ ਹਨ। ਜਿਥੇ ਭਾਰਤੀ ਹੱਥ ਅਤੇ ਚੀਨੀ ਪੱਤਾ ਹਮੇਸ਼ਾ ਹੀ ਨੇਪਾਲੀ ਸਿਆਸਤ ਦਾ ਹਿੱਸਾ ਰਹੇ ਹਨ, ਉਥੇ ਹੁਣ ਪੱਛਮ ਵੀ ਲਾਜ਼ਮੀ ਤੌਰ 'ਤੇ ਨੇਪਾਲੀ ਸਿਆਸਤ ਵਿਚ ਸਾਹਮਣੇ ਆਇਆ ਹੈ; ਆਰਐੱਸਪੀ ਦਾ ਉਭਾਰ ਸਾਫ਼ ਤੌਰ 'ਤੇ ਇਹੀ ਇਸ਼ਾਰਾ ਕਰਦਾ ਹੈ। ਯੂਐੱਮਐੱਲ ਦੀ ਆਪਣੀ ਖੱਬੇ ਪੱਖੀ ਵਿਚਾਰਧਾਰਾ ਦੇ ਬਾਵਜੂਦ ਨੇਪਾਲ ਵਿਚ ਪੱਛਮੀ ਸਹਾਇਤਾ ਪ੍ਰਾਪਤ ਵਿਸ਼ਾਲ ਐੱਨਜੀਓ ਭਾਈਚਾਰੇ ਨਾਲ ਬੜੇ ਪੁਰਾਣੇ ਤੇ ਹਾਂਪੱਖੀ ਰਿਸ਼ਤੇ ਰਹੇ ਹਨ। ਦੂਜੇ ਪਾਸੇ ਪ੍ਰਚੰਡ ਜਿਸ ਨੂੰ ਐੱਨਜੀਓਜ਼ ਮਾਓਵਾਦੀਆਂ ਦੇ ਕੀਤੇ ਗਏ ਜ਼ੁਲਮਾਂ ਲਈ ਜ਼ਿੰਮੇਵਾਰ ਮੰਨਦੀਆਂ ਹਨ, ਨੂੰ ਇਕ ਅਧਿਕਾਰ-ਮੁਖੀ ਸਿਆਸੀ ਤਾਕਤ ਦੇ ਸਿਆਸੀ ਸਹਿਯੋਗ ਲਈ ਕਿਵੇਂ ਖੜ੍ਹਾ ਕੀਤਾ ਜਾਵੇਗਾ, ਇਹ ਦੇਖਣ ਵਾਲੀ ਗੱਲ ਹੋਵੇਗੀ।

ਪ੍ਰਚੰਡ-ਓਲੀ ਗੱਠਜੋੜ ਨੂੰ ਆਰਐੱਸਪੀ ਦੀ ਹਮਾਇਤ ਤੋਂ ਇਹ ਇਸ਼ਾਰਾ ਮਿਲਦਾ ਜਾਪਦਾ ਹੈ ਕਿ ਪੱਛਮ ਹੁਣ ਦਿਉਬਾ ਤੋਂ ਅਗਾਂਹ ਦੇਖਣ ਦਾ ਚਾਹਵਾਨ ਹੈ ਜਿਨ੍ਹਾਂ ਨੂੰ ਪੁਰਾਣੇ ਆਗੂਆਂ ਵਿਚੋਂ ਪੱਛਮ ਪੱਖੀ ਵਜੋਂ ਦੇਖਿਆ ਜਾਂਦਾ ਸੀ ਪਰ ਹੁਣ ਉਨ੍ਹਾਂ ਨੂੰ ਆਪਣੀ ਹੀ ਪਾਰਟੀ ਦੇ ਅੰਦਰ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦਰਅਸਲ, ਉਨ੍ਹਾਂ ਨੂੰ ਨੇਪਾਲੀ ਕਾਂਗਰਸ ਦੇ ਸੰਸਦੀ ਦਲ ਦੀ ਅਗਵਾਈ ਸੰਬੰਧੀ ਗਗਨ ਥਾਪਾ ਨੇ ਚੁਣੌਤੀ ਦਿੱਤੀ ਸੀ। ਸਾਬਕਾ ਮੰਤਰੀ ਥਾਪਾ ਨੂੰ ਨੌਜਵਾਨ ਪੀੜ੍ਹੀ ਦੇ ਆਗੂ ਵਜੋਂ ਦੇਖਿਆ ਜਾਂਦਾ ਹੈ। ਦਿਉਬਾ ਨੇ ਥਾਪਾ ਨੂੰ ਹਰਾ ਤਾਂ ਦਿੱਤਾ ਪਰ ਇਸ ਲਈ ਉਨ੍ਹਾਂ ਨੂੰ ਜ਼ੋਰ ਲਾਉਣਾ ਪਿਆ। ਥਾਪਾ ਨੂੰ ਵੀ ਪੱਛਮ ਪੱਖੀ ਸਿਆਸਤਦਾਨ ਵਜੋਂ ਦੇਖਿਆ ਜਾਂਦਾ ਹੈ। ਉਨ੍ਹਾਂ ਦਾ ਉਭਾਰ ਨੇਪਾਲੀ ਕਾਂਗਰਸ ਵਿਚ ਅੰਦਰੂਨੀ ਤੌਰ 'ਤੇ ਹੋਰ ਕਈ ਮੁੱਦਿਆਂ ਨੂੰ ਉਭਾਰਦਾ ਹੈ ਜਿਨ੍ਹਾਂ ਵਿਚ ਦਿਉਬਾ ਦੀ ਪਤਨੀ ਆਰਜ਼ੂ ਰਾਣਾ ਦਾ ਭਵਿੱਖੀ ਰੋਲ ਵੀ ਸ਼ਾਮਲ ਹੈ ਜੋ ਆਪਣੇ ਆਪ ਵਿਚ ਵੱਡੀ ਸਿਆਸੀ ਆਗੂ ਬਣ ਚੁੱਕੀ ਹੈ। ਇਹ ਵੀ ਦਿਲਚਸਪ ਹੈ ਕਿ ਆਰਐੱਸਪੀ ਭਾਵੇਂ ਕਾਠਮੰਡੂ ਇਲਾਕੇ ਵਿਚ ਵੱਡੇ ਪੱਧਰ 'ਤੇ ਜਿੱਤੀ ਹੈ ਪਰ ਇਸ ਨੇ ਥਾਪਾ ਖ਼ਿਲਾਫ਼ ਉਮੀਦਵਾਰ ਖੜ੍ਹਾ ਨਹੀਂ ਕੀਤਾ ਜਿਸ ਨੇ ਕਾਠਮੰਡੂ ਹਲਕੇ ਤੋਂ ਚੋਣ ਲੜੀ ਸੀ।

ਆਰਐੱਸਪੀ ਅਤੇ ਆਰਪੀਪੀ ਵੱਲੋਂ ਯੂਐੱਮਐੱਲ-ਮਾਓਵਾਦੀ ਗੱਠਜੋੜ ਦੀ ਹਮਾਇਤ ਕੀਤੇ ਜਾਣ ਨਾਲ ਇਹ ਸਵਾਲ ਵੀ ਉੱਭਰ ਕੇ ਆਉਂਦਾ ਹੈ ਕਿ ਪੱਛਮ ਪੱਖੀ ਝੁਕਾਅ ਰੱਖਣ ਵਾਲੇ ਕਿਸ ਤਰ੍ਹਾਂ ਕਮਿਊਨਿਸਟ ਪੱਖੀਆਂ ਨਾਲ ਹੱਥ ਮਿਲਾਉਣ ਲਈ ਤਿਆਰ ਹੋ ਗਏ? ਕੀ ਅਜਿਹਾ ਸਿਰਫ਼ ਸੱਤਾ ਦੀ ਲਾਲਸਾ ਅਤੇ ਨੇਪਾਲੀ ਸਿਆਸਤ ਦੀ ਲੁਭਾਉਣ ਦੀ ਖ਼ਾਹਿਸ਼ ਕਾਰਨ ਵਾਪਰਿਆ? ਜਾਂ ਫਿਰ ਇਹ ਨੇਪਾਲੀ ਕਾਂਗਰਸ ਦੀ ਅੜੀ ਅਤੇ ਦਿਉਬਾ ਤੇ ਉਨ੍ਹਾਂ ਦੇ ਅਤਿ ਕਰੀਬੀਆਂ ਦੀ ਬੇਦਿਲੀ ਸੀ ਕਿ ਸਿਖਰਲਾ ਅਹੁਦਾ ਹਾਸਲ ਕਰਨ ਦਾ ਮੌਕਾ ਛੱਡ ਦਿੱਤਾ ਜਾਵੇ ਅਤੇ ਤਸਲੀਮ ਕਰ ਲਿਆ ਜਾਵੇ ਕਿ ਪਾਰਟੀ ਅੰਦਰ ਪੀੜ੍ਹੀ-ਤਬਦੀਲੀ ਦੀ ਜ਼ਰੂਰਤ ਹੈ।

ਨੇਪਾਲ ਵਿਚ ਕਮਿਊਨਿਸਟ ਏਕਤਾ ਵਿਚ ਚੀਨ ਦੀ ਦਿਲਚਸਪੀ ਕੋਈ ਲੁਕੀ ਹੋਈ ਗੱਲ ਨਹੀਂ ਹੈ ਅਤੇ ਪ੍ਰਚੰਡ ਤੇ ਓਲੀ ਦੇ ਹੱਥ ਮਿਲਾਉਣ ਵਿਚ ਪੇਈਚਿੰਗ ਦੇ ਰੋਲ ਸੰਬੰਧੀ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ, ਭਾਵੇਂ ਸੱਤਾ ਲਈ ਇਨ੍ਹਾਂ ਦੋਵਾਂ ਦੇ ਆਪੋ-ਆਪਣੇ ਹਿੱਤਾਂ ਨੇ ਵੀ ਇਸ ਵਿਚ ਵੱਡੀ ਭੂਮਿਕਾ ਨਿਭਾਈ ਹੋਵੇ। ਜਿਥੋਂ ਤੱਕ ਭਾਰਤ ਦੀ ਗੱਲ ਹੈ, ਜਿਥੇ ਨੇਪਾਲ ਵਿਚ ਕਿਸੇ ਵੀ ਸਰਕਾਰ ਨਾਲ ਗੱਲਬਾਤ ਅਤੇ ਉਹ ਵੀ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕਰਨ ਦੀ ਇਸ ਦੀ ਸਮਰੱਥਾ ਬਣੀ ਰਹੇਗੀ, ਤਾਂ ਵੀ ਬਹੁਤ ਸਾਰਿਆਂ ਦੀ, ਸਹੀ ਢੰਗ ਨਾਲ ਇਹ ਸੋਚ ਹੈ ਕਿ 'ਲਾਂਭੇ ਰਹੋ' ਦੀ ਨੀਤੀ ਨਾਲ ਤੁਸੀਂ ਖ਼ੁਦ ਖਿਡਾਰੀ ਵਾਲੀ ਪੁਜ਼ੀਸ਼ਨ ਵਿਚ ਨਹੀਂ ਰਹਿੰਦੇ ਸਗੋਂ ਇਸ ਤਰ੍ਹਾਂ ਤਾਂ ਹੋਰਨਾਂ ਨੂੰ ਵੀ ਰਾਹ ਮੁਹੱਈਆ ਕਰਦੀ ਹੈ।

ਨੇਪਾਲੀ ਸੰਵਿਧਾਨ ਦੋ ਸਾਲਾਂ ਤੱਕ ਬੇਭਰੋਸਗੀ ਮਤਾ ਪੇਸ਼ ਕੀਤੇ ਜਾਣ ਦੀ ਇਜਾਜ਼ਤ ਨਹੀਂ ਦਿੰਦਾ ਪਰ ਇਸ ਮੁਤਾਬਕ ਹਾਕਮ ਗੱਠਜੋੜ ਵਿਚ ਤਬਦੀਲੀ ਹੋਣ ਦੀ ਸੂਰਤ ਵਿਚ ਪ੍ਰਧਾਨ ਮੰਤਰੀ ਨੂੰ ਨਵੇਂ ਸਿਰਿਉਂ ਭਰੋਸੇ ਦਾ ਵੋਟ ਹਾਸਲ ਕਰਨਾ ਪੈਂਦਾ ਹੈ। ਮੌਜੂਦਾ ਗੱਠਜੋੜ ਵਿਚਲੀ ਕਮਜ਼ੋਰੀ/ਨਜ਼ਾਕਤ ਨੂੰ ਦੇਖਦੇ ਹੋਏ ਕੀ ਇਸ ਦਾ ਮਤਲਬ ਨੇੜ ਭਵਿੱਖ ਵਿਚ ਦਿਉਬਾ ਨੂੰ ਨਵਾਂ ਮੌਕਾ ਮਿਲਣ ਦੀ ਸੰਭਾਵਨਾ ਵਜੋਂ ਦੇਖਿਆ ਜਾ ਸਕਦਾ ਹੈ? ਉਹ ਪੰਜ ਵਾਰ ਮੁਲਕ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਹਨ, ਭਾਵੇਂ ਹਮੇਸ਼ਾ ਹੀ ਉਨ੍ਹਾਂ ਨੂੰ ਇਹ ਅਹੁਦਾ ਸਿਆਸੀ ਘਟਨਾਚੱਕਰ ਕਾਰਨ ਮਿਲਿਆ ਹੈ, ਨਾ ਕਿ ਇਸ ਕਾਰਨ ਕਿ ਉਨ੍ਹਾਂ ਆਪਣੀ ਅਗਵਾਈ ਹੇਠ ਪਾਰਟੀ ਨੂੰ ਜੇਤੂ ਬਣਾਇਆ ਹੋਵੇ। ਉਨ੍ਹਾਂ ਬਾਰੇ ਜੋਤਿਸ਼ ਦੀਆਂ ਇਹ ਗੱਲਾਂ ਵੀ ਚੱਲਦੀਆਂ ਰਹਿੰਦੀਆਂ ਹਨ ਕਿ ਉਹ 'ਸੱਤ ਵਾਰ ਉੱਚ ਅਹੁਦਾ ਹਾਸਲ' ਕਰਨਗੇ।

ਅਗਲਾ ਗੇੜ ਰਾਸ਼ਟਰਪਤੀ ਦੀ ਚੋਣ ਦਾ ਹੈ। ਸੰਵਿਧਾਨਿਕ ਤੌਰ 'ਤੇ ਰਾਸ਼ਟਰਪਤੀ ਭਾਵੇਂ ਮੁਲਕ ਦਾ ਮਹਿਜ਼ ਨਾਂ-ਧਰੀਕ ਮੁਖੀ ਹੁੰਦਾ ਹੈ ਪਰ ਨੇਪਾਲ ਵਿਚ ਬੀਤੇ ਕੁਝ ਸਾਲਾਂ ਦੇ ਤਜਰਬੇ ਨੇ ਦਿਖਾਇਆ ਹੈ ਕਿ ਕਾਠਮੰਡੂ ਵਿਚ ਹੋਣ ਵਾਲੀ ਸੱਤਾ ਦੀ ਖੇਡ ਵਿਚ ਰਾਸ਼ਟਰਪਤੀ ਬੜਾ ਅਹਿਮ ਖਿਡਾਰੀ ਹੁੰਦਾ ਹੈ। ਅਸਲ ਵਿਚ ਹਾਲੀਆ ਮਾਮਲੇ ਵਿਚ ਜਿਸ ਤਰ੍ਹਾਂ ਸੰਸਦ ਦੀ ਸਭ ਤੋਂ ਵੱਡੀ ਪਾਰਟੀ ਦੇ ਆਗੂ ਨੂੰ ਸਰਕਾਰ ਬਣਾਉਣ ਦਾ ਸੱਦਾ ਦੇਣ ਦੀ ਸੰਵਿਧਾਨਿਕ ਵਿਵਸਥਾ ਦਾ ਪਾਲਣ ਕੀਤੇ ਬਿਨਾ ਪ੍ਰਚੰਡ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ ਗਈ ਹੈ, ਉਸ ਤੋਂ ਰਾਸ਼ਟਰਪਤੀ ਦੀ 'ਸਮਝ' ਦੇ ਦਾਇਰੇ ਨੂੰ ਸਮਝਿਆ ਜਾ ਸਕਦਾ ਹੈ।

ਸੰਸਦ ਵੰਡੀ ਹੋਣ ਦੀ ਸਥਿਤੀ ਵਿਚ ਰਾਸ਼ਟਰਪਤੀ ਦੇ ਅਹੁਦੇ ਉਤੇ ਕਿਸੇ ਦੋਸਤਾਨਾ ਸ਼ਖ਼ਸ ਦਾ ਬਿਰਾਜਮਾਨ ਹੋਣਾ ਲਾਹੇਵੰਦ ਰਹਿੰਦਾ ਹੈ ਅਤੇ ਓਲੀ ਦੀਆਂ ਗਿਣਤੀਆਂ-ਮਿਣਤੀਆਂ ਵਿਚ ਇਹ ਗੱਲ ਯਕੀਨਨ ਸਭ ਤੋਂ ਅਹਿਮ ਹੈ; ਪਰ ਕੀ ਅਗਲਾ ਰਾਸ਼ਟਰਪਤੀ ਲਾਜ਼ਮੀ ਤੌਰ 'ਤੇ ਉਨ੍ਹਾਂ ਦੀ ਪਸੰਦ ਮੁਤਾਬਕ ਹੋਵੇਗਾ?

ਪ੍ਰਚੰਡ ਨੇ 10 ਜਨਵਰੀ ਨੂੰ ਭਰੋਸੇ ਦਾ ਵੋਟ ਹਾਸਲ ਕੀਤਾ ਅਤੇ ਉਨ੍ਹਾਂ ਨੂੰ ਸਦਨ ਵਿਚ ਹਾਜ਼ਰ 270 ਮੈਂਬਰਾਂ ਵਿਚੋਂ 268 ਦੀ ਹਮਾਇਤ ਹਾਸਲ ਹੋਈ। ਦਿਲਚਸਪ ਗੱਲ ਤਾਂ ਇਹ ਵੀ ਹੈ ਕਿ ਭਾਵੇਂ ਉਨ੍ਹਾਂ ਕੋਲ ਸਦਨ ਦਾ ਬਹੁਮਤ ਸੀ, ਤਾਂ ਵੀ ਉਨ੍ਹਾਂ ਦਿਉਬਾ ਦੀ ਹਮਾਇਤ ਮੰਗੀ ਤੇ ਹਾਸਲ ਕੀਤੀ। ਜ਼ਾਹਿਰ ਹੈ ਕਿ ਉਹ ਜਾਣਦੇ ਹਨ ਕਿ ਜਿਵੇਂ ਉਹ ਦਿਉਬਾ ਤੋਂ ਦਬ ਕੇ ਨਹੀਂ ਰਹੇ, ਉਹ ਓਲੀ ਨੂੰ ਵੀ ਨਵੀਂ ਸਰਕਾਰ ਵਿਚ ਮੋਹਰੀ ਭੂਮਿਕਾ ਨਹੀਂ ਨਿਭਾਉਣ ਦੇਣਗੇ। ਇਸ ਲਈ ਜੇ ਸੰਭਵ ਹੋਇਆ ਤਾਂ ਅਜਿਹਾ ਰਾਸ਼ਟਰਪਤੀ ਜਿਹੜਾ ਉਨ੍ਹਾਂ ਦੇ ਗੱਠਜੋੜ ਭਾਈਵਾਲ ਨਾਲ ਨਾ ਜੁੜਿਆ ਹੋਵੇ, ਉਨ੍ਹਾਂ ਲਈ ਮਦਦਗਾਰ ਹੋਵੇਗਾ।

## ਜਲ ਸਰੋਤ ਮੰਤਰੀ ਮੀਤ ਹੇਅਰ ਵੱਲੋਂ ਪਿੰਡ ਭੂਰੇ ਵਿਖੇ ਨਹਿਰੀ ਮੋਘੇ ਦਾ ਕੀਤਾ ਉਦਘਾਟਨ

**ਧਨੌਲਾ ਮੰਡੀ (ਸੰਜੀਵ ਗਰਗ ਕਾਲੀ)-** ਜਲ ਸਰੋਤ ਮੰਤਰੀ ਸ੍ਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਜ਼ਿਲ੍ਹੇ ਅੰਦਰ ਕਰੋੜਾਂ ਦੇ ਨਹਿਰੀ ਪ੍ਰਾਜੈਕਟਾਂ ਦਾ ਉਦਘਾਟਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਸਿੰਜਾਈ ਪ੍ਰਾਜੈਕਟਾਂ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਵਚਨਬੱਧ ਹੈ ਅਤੇ ਕਿਸਾਨੀ ਨੂੰ ਕੋਈ ਮੁਸ਼ਕਲ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ। ਮੰਤਰੀ ਮੀਤ ਹੇਅਰ ਨੇ ਪਿੰਡ ਕੋਠੇ ਰਾਜਿੰਦਰ ਪੁਰਾ ਵਿਖੇ ਜਮੀਨਦੋਜ ਪਾਈਪਲਾਈਨ ਵਿਛਾਉਣ ਦੇ ਕੰਮ ਅਤੇ ਖ਼ਾਲ ਪੱਕੇ ਕਰਨ ਦੇ ਕੰਮ ਦਾ ਨੀਂਹ ਪੱਥਰ ਰੱਖਿਆ। ਉਨ੍ਹਾਂ ਦੱਸਿਆ ਕਿ ਇਸ ਪ੍ਰੋਜੈਕਟ ਦੀ ਲਾਗਤ ਕਰੀਬ 43 ਲੱਖ ਰੁਪਏ ਹੈ ਅਤੇ ਇਸ ਦੇ ਮੁਕੰਮਲ ਹੋਣ ਨਾਲ 174 ਹੈਕਟੇਅਰ ਰਕਬੇ ਨੂੰ ਖੇਤੀ ਲਈ ਨਹਿਰੀ ਪਾਣੀ ਮਿਲੇਗਾ। ਇਸ 2511 ਮੀਟਰ ਲੰਬੇ ਪਾਈਪਲਾਈਨ ਨੈਟਵਰਕ ਦੀ ਲਾਈਨਿੰਗ ਕਰਨ ਨਾਲ ਟੇਲਾਂ 'ਤੇ ਪਾਣੀ ਨਾਲ ਇਨ੍ਹਾਂ ਪਿੰਡਾਂ ਨੂੰ ਵੱਡੀ ਸਹੂਲਤ ਦਿੱਤੀ ਗਈ ਹੈ।ਇਸ ਮਗਰੋਂ ਜਲ ਸਰੋਤ ਮੰਤਰੀ ਵੱਲੋਂ ਪਿੰਡ ਉੱਪਲੀ ਨੇੜੇ ਦਾਨਗੜ੍ਹ ਮਾਈਨਰ ਦੇ 85 ਲੱਖ ਦੀ ਲਾਗਤ ਵਾਲੇ ਪ੍ਰਾਜੈਕਟ (7.70 ਕਿਲੋਮੀਟਰ ਲਾਈਨਿੰਗ) ਦਾ ਉਦਘਾਟਨ ਕੀਤਾ ਗਿਆ, ਜਿਸ ਦੀ 20 ਫੀਸਦੀ ਸਮਰੱਥਾ ਵਧਾਉਣ ਦੇ ਨਾਲ ਨਾਲ ਕੰਕਰੀਟ ਲਾਈਨਿੰਗ ਕੀਤੀ ਗਈ ਹੈ। ਇਸ ਮੌਕੇ ਸ੍ਰੀ ਮੀਤ ਹੇਅਰ ਨੇ ਆਖਿਆ ਕਿ ਇਸ ਪ੍ਰਾਜੈਕਟ ਨਾਲ ਪਿੰਡ ਕੱਟੂ, ਦਾਨਗੜ੍ਹ, ਉਪਲੀ ਤੇ ਧਨੌਲਾ ਆਦਿ ਪਿੰਡਾਂ ਨੂੰ ਨਹਿਰੀ ਪਾਣੀ ਮੁਹੱਈਆ ਹੋਵੇਗਾ। ਇਸ ਮਾਈਨਰ ਦੀ 7.70 ਤੋਂ 8.43 ਕਿਊਸਕ ਪਾਣੀ ਦੀ ਸਮਰੱਥਾ ਹੈ, ਜੋ ਕਰੀਬ 2800 ਏਕੜ ਰਕਬੇ ਨੂੰ ਸਿੰਜੇਗਾ। ਉਨ੍ਹਾਂ ਪਿੰਡ ਹਰੀਗੜ੍ਹ ਨੇੜੇ ਧਨੌਲਾ-ਬਡਬਰ ਮੁੱਖ ਸੜਕ 'ਤੇ ਜੋਗਾ ਡਿਸਟ੍ਰੀਬਿਊਟਰੀ ਦੇ 26.91 ਕਰੋੜ ਦੇ ਨਵੀਨੀਕਰਨ ਪ੍ਰਾਜੈਕਟ ਦਾ ਉਦਘਾਟਨ ਕੀਤਾ, ਜਿਸ ਦੀ 4.75 ਕਿਲੋਮੀਟਰ ਕੰਕਰੀਟ ਲਾਈਨਿੰਗ ਦਾ ਕੰਮ ਮੁਕੰਮਲ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਸ ਡਿਸਟ੍ਰੀਬਿਊਟਰੀ ਦੀ ਸਮਰੱਥਾ 301.32 ਕਿਊਕਿ ਤੋਂ 327.74 ਕਿਊਸਕ ਦੀ ਹੈ, ਜਿਸ ਨਾਲ ਕਰੀਬ 108000 ਏਕੜ ਰਕਬੇ ਨੂੰ ਨਹਿਰੀ ਪਾਣੀ ਮੁਹੱਈਆ ਹੋਵੇਗਾ। ਉਨ੍ਹਾਂ ਦੱਸਿਆ ਕਿ ਇਸ ਡਿਸਟ੍ਰੀਬਿਊਟਰੀ ਨਾਲ ਜ਼ਿਲ੍ਹੇ ਦੇ ਪਿੰਡ ਹਰੀਗੜ੍ਹ, ਅਤਰ ਸਿੰਘ ਵਾਲਾ, ਧਨੌਲਾ ਕਲਾਂ , ਭੂਰੇ, ਕੁੱਬੇ, ਅਸਪਾਲ ਕਲਾਂ, ਅਸਪਾਲ ਖੁਰਦ, ਬਦਰਾ, ਭੈਣੀ ਫੱਤਾ ਤੇ ਧੂਰਕੋਟ ਆਦਿ ਪਿੰਡਾਂ ਨੂੰ ਵੱਡਾ ਫਾਇਦਾ ਹੋਵੇਗਾ। ਉਨ੍ਹਾਂ ਦੱਸਿਆ ਕਿ ਜਿੱਥੇ ਕੰਕਰੀਟ ਲਾਈਨਿੰਗ ਨਾਲ ਸੀਪੇਜ ਘਟਣ ਨਾਲ ਪਿੰਡਾਂ ਨੂੰ ਵੱਧ ਪਾਣੀ ਸਿੰਜਾਈ ਲਈ ਮਿਲੇਗਾ, ਉਥੇ ਇਸ ਡਿਸਟ੍ਰੀਬਿਊਟਰੀ ਦੀ 20 ਫੀਸਦੀ ਸਮਰੱਥਾ ਵੀ ਵਧਾਈ ਗਈ ਹੈ। ਇਸ ਮਗਰੋਂ ਜਲ ਸਰੋਤ ਮੰਤਰੀ ਸ੍ਰੀ ਮੀਤ ਹੇਅਰ ਵੱਲੋਂ ਪਿੰਡ ਭੂਰੇ ਵਿਖੇ ਨਹਿਰੀ ਮੋਘੇ ਦਾ ਉਦਘਾਟਨ ਕੀਤਾ ਗਿਆ, ਜਿਸ ਨਾਲ 1104 ਏਕੜ ਰਕਬੇ ਨੂੰ ਸਿੰਜਾਈ ਲਈ ਨਹਿਰੀ ਪਾਣੀ ਦੀ ਸਹੂਲਤ ਮਿਲੇਗੀ। ਇਹ ਮੋਗਾ ਭੂਰੇ ਪਿੰਡ ਦੇ ਖੇਤਾਂ 'ਚ ਸਿੰਜਾਈ ਲਈ ਪਾਣੀ ਪਹੁੰਚਾਉਣ ਦਾ ਕੰਮ ਕਰੇਗਾ। ਇਸ ਮੌਕੇ ਡਿਪਟੀ ਕਮਿਸ਼ਨਰ ਬਰਨਾਲਾ ਸ਼੍ਰੀਮਤੀ ਪੂਨਮਦੀਪ ਕੌਰ, ਜ਼ਿਲ੍ਹਾ ਪਲਾਨਿੰਗ ਬੋਰਡ ਦੇ ਚੇਅਰਮੈਨ ਨਿਯੁਕਤ ਸ੍ਰੀ ਗੁਰਦੀਪ ਸਿੰਘ ਬਾਠ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਨਿਯੁਕਤ ਰਾਮ ਤੀਰਥ ਮੰਨਾ, ਪੀਜੀਓ ਸੁਖਪਾਲ ਸਿੰਘ, ਓ. ਐੱਸ. ਡੀ ਹਸਨਪ੍ਰੀਤ, ਮੁੱਖ ਇੰਜ-ਨੀਅਰ ਨਹਿਰਾਂ ,ਸੰਮੀ ਕੁਮਾਰ ਸਿੰਗਲਾ ਐਕਸੀਅਨ ਨਹਿਰਾਂ ਸੁਖਜੀਤ ਸਿੰਘ, ਐਸਡੀਓ ਨਹਿਰਾਂ ਸੰਗਰੂਰ ਅਵਤਾਰ ਸਿੰਘ ਵੱਖ ਵੱਖ ਵਿਭਾਗਾਂ ਦੇ ਮੁਖੀ ਅਤੇ ਹੋਰ ਪਤਵੰਤੇ ਅਜੈਬ ਸਿੰਘ, ਪਾਲ ਸਿੰਘ, ਬਲਵੰਤ ਸਿੰਘ ਤੇ ਸਮੂਹ ਪਿੰਡ ਵਾਸੀ ਮੌਜੂਦ ਸਨ।






MK

Driving School

Union City

Student Driver

Sukhi Kaur

sukhi@mkdrivingschool.net

www.mkdrivingschool.net

510-461-6541

ਡਰਾਈਵਿੰਗ ਸਿਖਾਉਣ ਦਾ ਲੰਮਾ ਤਜਰਬਾ, ਆਸਾਨ ਪੰਜਾਬੀ ਭਾਸ਼ਾ ਵਿਚ ਗੱਲਬਾਤ

# ਜ਼ਿੰਦਗੀ ਦਾ ਸੰਗੀਤ: ਰਵਾਇਤਾਂ ਤੇ ਤਬਦੀਲੀਆਂ



ਗੁਰਬਚਨ ਜਗਤ

ਹਰ ਨਵੇਂ ਸਾਲ ਦਾ ਦਿਨ ਅਤੀਤ ਦੀਆਂ ਯਾਦਾਂ ਦੀ ਮਹਿਕ ਲੈ ਕੇ ਆਉਂਦਾ ਹੈ। ਮੋਬਾਈਲ ਫੋਨਾਂ ਦੀ ਆਮਦ ਹੋਣ ਅਤੇ ਇਨ੍ਹਾਂ ’ਤੇ ਚਮਚਮਾਉਂਦੇ ਯੰਤਰੀ ਸੁਨੇਹਿਆਂ ਤੋਂ ਪਹਿਲਾਂ ਅਸੀਂ ਸੁਨੇਹਿਆਂ ਲਈ ਖ਼ਤਾਂ ਅਤੇ ਸ਼ੁਭ ਕਾਮਨਾ ਕਾਰਡਾਂ ਦੀ ਵਰਤੋਂ ਕਰਿਆ ਕਰਦੇ ਸਾਂ। ਨਵੇਂ ਸਾਲ ਦੀ ਆਮਦ ਤੋਂ ਕੁਝ ਦਿਨ ਪਹਿਲਾਂ ਹੀ ਕਾਰਡਾਂ ਦੀ ਆਮਦ ਸ਼ੁਰੂ ਹੋ ਜਾਂਦੀ ਸੀ ਤੇ ਇਸ ਤੋਂ ਹਫ਼ਤਾ ਬਾਅਦ ਤੱਕ ਜਾਰੀ ਰਹਿੰਦੀ ਸੀ। ਘਰ ਵਿਚ ਤਿਓਹਾਰ ਵਰਗਾ ਮਾਹੌਲ ਬਣ ਜਾਂਦਾ ਸੀ ਅਤੇ ਦੇਸ਼ ਵਿਦੇਸ਼ ’ਚੋਂ ਤਰ੍ਹਾਂ ਤਰ੍ਹਾਂ ਦੇ ਕਾਰਡ ਆਉਂਦੇ ਰਹਿੰਦੇ ਸਨ। ਘਰ ਦੇ ਸ਼ਿੰਗਾਰਦਾਨਾਂ ਦੇ ਭਰ ਜਾਣ ਤੋਂ ਬਾਅਦ ਸ਼ੁਭ ਕਾਮਨਾ ਕਾਰਡਾਂ ਦੀਆਂ ਲੜੀਆਂ ਬਣਾ ਕੇ ਇਨ੍ਹਾਂ ਨੂੰ ਕਮਰਿਆਂ ਵਿੱਚ ਸਜਾ ਦਿੱਤਾ ਜਾਂਦਾ ਸੀ ਤੇ ਫਿਰ ਸੇਵਾਵਾਂ, ਦੋਸਤਾਂ, ਰਿਸ਼ਤੇਦਾਰਾਂ ਅਤੇ ਕਰੀਬੀ ਪਰਿਵਾਰਕ ਮੈਂਬਰਾਂ ਦੇ ਲਿਹਾਜ਼ ਨਾਲ ਇਨ੍ਹਾਂ ਨੂੰ ਵੱਖੋ ਵੱਖਰੇ ਸਮੂਹਾਂ ਵਿਚ ਵੰਡ ਦਿੱਤਾ ਜਾਂਦਾ ਸੀ। ਇਹ ਸਾਰਾ ਕੰਮ ਹੱਥੀਂ ਕਰਨਾ ਅਤੇ ਫਿਰ ਸੰਦੇਸ਼ਾਂ ਨੂੰ ਪੜ੍ਹਨ ਦਾ ਵੱਖਰਾ ਹੀ ਮਜ਼ਾ ਸੀ। ਨਾਲੋ-ਨਾਲ ਕਾਰਡ ਭੇਜਣ ਦਾ ਕੰਮ ਵੀ ਚੱਲਦਾ ਰਹਿੰਦਾ ਸੀ ਤੇ ਜਿਨ੍ਹਾਂ ਨੂੰ ਕਾਰਡ ਭੇਜਣੇ ਹੁੰਦੇ ਸਨ, ਉਨ੍ਹਾਂ ਦੀ ਸੂਚੀ ਵਿਚ ਕੁਝ ਨਵੇਂ ਨਾਂ ਜੋੜੇ ਜਾਂਦੇ ਤੇ ਕੁਝ ਹਟਾਉਣੇ ਪੈਂਦੇ ਸਨ। ਮੈਂ ਇਹ ਸਾਰਾ ਕੰਮ ਹਮੇਸ਼ਾਂ ਆਪਣੇ ਹੱਥੀਂ ਕਰਿਆ ਕਰਦਾ ਸਾਂ ਤੇ ਆਮ ਤੌਰ ’ਤੇ ਇਸ ਲਈ ਦੋ ਤਿੰਨ ਦਿਨ ਲੱਗਦੇ ਸਨ। ਫਿਰ ਜਦੋਂ ਚੰਡੀਗੜ੍ਹ ’ਚ ਤਾਇਨਾਤੀ ਹੋਈ ਤਾਂ ਨਵੇਂ ਸਾਲ ਵਾਲੇ ਦਿਨ ਅਸੀਂ ਇੱਕ ਗਰੁੱਪ ਬਣਾ ਕੇ ਆਪਣੇ ਸਾਰੇ ਸਟਾਫ਼ ਨੂੰ ਉਨ੍ਹਾਂ ਦੇ ਦਫ਼ਤਰਾਂ ਵਿਚ ਜਾ ਕੇ ਨਵੇਂ ਸਾਲ ਦੀ ਵਧਾਈ ਦਿੰਦੇ ਸਾਂ ਅਤੇ ਬਾਅਦ ਵਿਚ ਆਪਣੇ ਸੀਨੀਅਰ ਸਾਥੀਆਂ ਨੂੰ ਨਿੱਜੀ ਰੂਪ ਵਿਚ ਮਿਲ ਕੇ ਵਧਾਈ ਦਿੰਦੇ ਸਾਂ। ਇਸ ਤਰ੍ਹਾਂ, ਇਹ ਇੱਕ ਜਸ਼ਨ ਦਾ ਦਿਹਾੜਾ ਹੋ ਨਿੱਬੜਦਾ ਸੀ।

ਫਿਰ ਸਮਾਂ ਬਦਲਿਆ, ਉਮਰ ਗੁਜ਼ਰਦੀ ਗਈ ਤੇ ਸੇਵਾਮੁਕਤੀ ਆ ਗਈ ਤਾਂ ਖੁਸ਼ੀ ਦੇ ਨਾਲ ਨਾਲ ਕੁਝ ਖੁੱਸ ਜਾਣ ਦਾ ਮਿਲਿਆ ਜੁਲਿਆ ਅਹਿਸਾਸ ਹੋ ਰਿਹਾ ਸੀ। ਲੰਬੀ ਪਾਰੀ ਮੁੱਕਣ ਦੀ ਖੁਸ਼ੀ ਸੀ ਜਦੋਂਕਿ ਜ਼ਿੰਦਗੀ ਦੇ ਨਵੇਂ ਢੰਗ ਦਾ ਬਦਲਾਓ ਵੀ ਮਹਿਸੂਸ ਹੋ ਰਿਹਾ ਸੀ। ਉਂਜ, ਜ਼ਿੰਦਗੀ ਦੇ ਹਰੇਕ ਪੜਾਅ ਦੇ ਚੰਗੇ ਤੇ ਮਾੜੇ ਪੱਖ ਹੁੰਦੇ ਹਨ ਤੇ ਇਹ ਤੁਹਾਡੇ ’ਤੇ ਨਿਰਭਰ ਕਰਦਾ ਹੈ ਕਿ ਮਾੜੇ ਪੱਖਾਂ ਨੂੰ ਚੰਗਿਆਂ ਵਿਚ ਕਿਵੇਂ ਬਦਲਿਆ ਜਾਵੇ। ਨਵੇਂ ਸਾਲ ਦਾ ਸ਼ੁਗਲ ਵੀ ਬਦਲ ਗਿਆ ਸੀ, ਹੁਣ ਕੋਈ ਸ਼ੁਭ ਕਾਮਨਾ ਦੇ ਕਾਰਡ ਨਹੀਂ ਆਉਂਦੇ, ਮੋਬਾਈਲ ਫੋਨਾਂ ’ਤੇ ਹੀ ਸੰਦੇਸ਼ਾਂ ਦਾ ਚਲਨ ਹੋ ਗਿਆ, ਪਰਿਵਾਰਕ ਤੇ ਕਰੀਬੀ ਦੋਸਤਾਂ ਨੂੰ ਛੱਡ ਕੇ ਆਉਣ ਵਾਲੇ ਸੁਨੇਹਿਆਂ ’ਚੋਂ ਪਹਿਲਾਂ ਵਾਲਾ ਨਿੱਘ ਮਹਿਸੂਸ ਨਹੀਂ ਹੁੰਦਾ। ਕੀ ਤਕਨਾਲੋਜੀ ਸਾਹਮਣੇ ਸਾਰੀਆਂ ਰਵਾਇਤਾਂ ਗੁਆਚ ਜਾਣਗੀਆਂ? ਅੱਜ ਕੱਲ੍ਹ ਚਿੱਠੀ ਲਿਖਣ ਦੀ ਕਲਾ ਗੁਆਚ ਗਈ ਹੈ ਤੇ ਈਮੇਲ, ਵਟਸਐਪ ਜਾਂ ਮੈਸੇਜਿੰਗ ਆਦਿ ਸਭ ਨੇ ਮਿਲ ਕੇ ਸਦੀਆਂ ਤੋਂ ਚੱਲੇ ਆ ਰਹੇ ਰਾਬਤੇ ਦੇ ਸਾਧਨ ਨਿਗ਼ਲ ਲਏ ਹਨ। ਚਿੱਠੀ ਲਿਖਣ ਦੇ ਬਹੁਤ ਸਾਰੇ ਅੰਦਾਜ਼ ਹੁੰਦੇ ਸਨ -ਰਸਮੀ ਤੇ ਗ਼ੈਰ-ਰਸਮੀ, ਸਰਕਾਰੀ ਪੱਤਰਾਂ ਤੋਂ ਲੈ ਕੇ ਪ੍ਰੇਮ ਪੱਤਰਾਂ ਤੱਕ ਹਰੇਕ ਖਤੋ-ਕਿਤਾਬਤ ਦੀ ਇਕ ਖਾਸ ਕਲਾ ਹੁੰਦੀ ਸੀ। ਅਸੀਂ ਆਪਣੀਆਂ ਰਵਾਇਤਾਂ ਨੂੰ ਰੱਦੀ ਦੀ ਟੋਕਰੀ ਵਿਚ ਸੁੱਟਣ ਦੀ ਕਾਹਲ ਦੇ ਐਨੇ ਆਦੀ ਕਿਉਂ ਹਾਂ? ਅੰਗਰੇਜ਼ ਆਪਣੀਆਂ ਰਵਾਇਤਾਂ ਨੂੰ ਸੰਜੋਅ ਕੇ ਰੱਖਣ ਲਈ ਜਾਣੇ ਜਾਂਦੇ ਹਨ। ਦੂਜੇ ਪਾਸੇ ਅਸੀਂ ਆਪਣੀਆਂ ਪੁਰਾਤਨ ਯਾਦਗਾਰਾਂ, ਮੰਦਰਾਂ, ਘਰਾਂ, ਕਲਾ, ਖਾਣਿਆਂ ਆਦਿ ਸਭ ਨੂੰ ਸੁੱਟਦੇ ਰਹਿੰਦੇ ਹਾਂ ਅਤੇ ਸਾਨੂੰ ਆਪਣੇ ਵਿਰਸੇ ’ਤੇ ਕਦੇ ਮਾਣ ਹੀ ਨਹੀਂ ਹੁੰਦਾ। ਸਮੁੱਚੇ ਯੂਰਪ ਅੰਦਰ ਰੈਸਤਰਾਂ ਤੇ ਕੈਫਿਆਂ ਵਿਚ ਪਰੋਸੇ ਜਾਣ ਵਾਲੇ ਜ਼ਿਆਦਾਤਰ ਪਕਵਾਨ ਮੁਕਾਮੀ ਹੁੰਦੇ ਹਨ ਤੇ ਉਹ ਇਨ੍ਹਾਂ ’ਤੇ ਬਹੁਤ ਮਾਣ ਵੀ ਕਰਦੇ ਹਨ। ਦੂਜੇ ਪਾਸੇ ਸਾਡੇ ਇੱਥੇ ਮੁਕਾਮੀ ਪਕਵਾਨ ਬਹੁਤ ਮੁਸ਼ਕਲ ਨਾਲ ਲੱਭਦੇ ਹਨ ਹਾਲਾਂਕਿ ਸਾਡੇ ਖਾਣ ਪਾਨ ਦੀਆਂ ਖੂਬੀਆਂ ਤੇ ਰਵਾਇਤਾਂ ਇੰਨੀਆਂ ਜ਼ਿਆਦਾ ਜਟਿਲ ਹਨ ਕਿ ਹਰ ਸੌ ਕਿਲੋਮੀਟਰ ’ਤੇ ਸਾਡੇ ਖਾਣੇ ਤੇ ਬੋਲੀਆਂ ਬਦਲ ਜਾਂਦੀਆਂ ਹਨ।

ਹਥਿਆਰਬੰਦ ਦਸਤੇ, ਪੁਲੀਸ, ਨਿਆਂਪਾਲਿਕਾ, ਯੂਨੀਵਰਸਿਟੀਆਂ, ਸਕੂਲ ਆਦਿ ਜਿਹੀਆਂ ਸੰਸਥਾਵਾਂ ਰਵਾਇਤਾਂ ਦੀਆਂ ਪਹਿਰੇਦਾਰ ਹੁੰਦੀਆਂ ਹਨ। ਰਵਾਇਤਾਂ ਨਾ ਕੇਵਲ ਸਾਡੇ ਸਭਿਆਚਾਰ ਅਤੇ ਰਸਮੋ ਰਿਵਾਜ ਨੂੰ ਸੰਭਾਲ ਕੇ ਰੱਖਣ ਵਿਚ ਸਹਾਈ ਹੁੰਦੀਆਂ ਹਨ ਸਗੋਂ ਕਲਾ, ਵਿਗਿਆਨ, ਦਵਾ ਜਾਂ ਲੜਾਕੂ ਰਵਾਇਤਾਂ ਵਿਚ ਸਾਡੀ ਸਭਿਅਤਾ ਦੇ ਵਿਕਾਸ ਦੀ ਤਰਜਮਾਨੀ ਵੀ ਕਰਦੀਆਂ ਹਨ। ਇਸ ਦਾ ਪੜਾਅਵਾਰ ਵਿਕਾਸ ਹੀ ਕੇਂਦਰੀ ਗੱਲ ਹੁੰਦੀ ਹੈ। ਹਰੇਕ ਫ਼ੌਜੀ ਪਲਟਣ ਨੂੰ ਆਪਣੇ ਰੰਗ, ਨਿਸ਼ਾਨ, ਝੰਡੇ ਨਾਲ ਖਾਸ ਲਗਾਓ ਹੁੰਦਾ ਹੈ ਤੇ ਪੁਰਾਣੀਆਂ ਲੜਾਈਆਂ ਤੇ ਮਾਰੀਆਂ ਮੱਲਾਂ ਉੱਪਰ ਉਨ੍ਹਾਂ ਦੇ ਇਸ ਮਾਣ ਦੀਆਂ ਜੜ੍ਹਾਂ ਇਤਿਹਾਸ ਵਿਚ ਲੱਗੀਆਂ ਹੁੰਦੀਆਂ ਹਨ। ਉਹ ਆਪਣੀ ਰੈਜੀਮੈਂਟ ਲਈ ਇਕੱਠੇ ਲੜੇ ਮਰੇ ਹੁੰਦੇ ਹਨ। ਇਸੇ ਤਰ੍ਹਾਂ ਸਿੱਖਿਆ ਸੰਸਥਾਵਾਂ ਦੀਆਂ ਆਪਣੀਆਂ ਰਵਾਇਤਾਂ ਹੁੰਦੀਆਂ ਹਨ। ਸਾਡੇ ਦੇਸ਼ ਵਿਚ ਸੈਂਕੜੇ ਸਾਲ ਪੁਰਾਣੇ ਬਹੁਤ ਸਾਰੇ ਸਕੂਲ ਹਨ। ਉਨ੍ਹਾਂ ਦਾ ਜਨਮ ਵੱਖੋ ਵੱਖਰੇ ਧਰਮਾਂ, ਵਿਚਾਰਧਾਰਾਵਾਂ ਵਿਚ ਹੋਇਆ ਸੀ ਅਤੇ ਪਰਉਪਕਾਰ ਦੇ ਉਨ੍ਹਾਂ ਦੇ ਆਪੋ ਆਪਣੇ ਢੰਗ ਸਨ। ਕੀ ਉਨ੍ਹਾਂ ਸਾਰਿਆਂ ਦਾ ਇਕੋ ਰੰਗ ਕਰ ਦੇਣਾ ਜ਼ਰੂਰੀ ਹੈ? ਹੋਰ ਤਾਂ ਹੋਰ ਸਾਡੇ ਮੰਦਰਾਂ ਦੀਆਂ ਵੀ ਵੱਖੋ ਵੱਖਰੀਆਂ ਰਵਾਇਤਾਂ ਰਹੀਆਂ ਹਨ, ਭਾਵੇਂ ਉੱਥੇ ਇਕੋ ਪ੍ਰਮਾਤਮਾ ਦੀ ਪੂਜਾ ਕੀਤੀ ਜਾਂਦੀ ਹੈ, ਕੀ ਇਹ ਸਾਡੇ ਸਮਾਜ ਦਾ ਬਹੁਭਾਂਤੇ ਖਾਸੇ ਦਾ ਸਾਰ ਨਹੀਂ ਹੈ। ਕੀ ਅਜਿਹੇ ਬਹੁਭਾਂਤੇ ਦੇਸ਼ ਦਾ ਹਿੱਸਾ ਹੋਣਾ ਛੋਟੀ ਗੱਲ ਹੈ? ਕੀ ਇਕੋ ਝੰਡੇ ਅਤੇ ਇਕ ਵਿਚਾਰਧਾਰਾ ਵਿਚ ਸਮੋਣ ਦੀ ਚਾਹਤ ਵਿਚ ਇਸ ਸਭ ਕਾਸੇ ’ਤੇ ਕੂਚੀ ਫੇਰ ਦੇਣਾ ਸਹੀ ਹੋਵੇਗਾ- ਮੇਰੇ ਖਿਆਲ ਮੁਤਾਬਕ ਇਹ ਬਹੁਤ ਹੀ ਨੀਰਸ ਤੇ ਮਾਯੂਸੀ ਭਰਿਆ ਕੰਮ ਹੋਵੇਗਾ।

ਆਓ, ਮੁੜ ਨਵੇਂ ਸਾਲ ਦੀਆਂ ਸ਼ੁਭਕਾਮਨਾਵਾਂ ਦੀ ਗੱਲ ਕਰਦੇ ਹਾਂ। ਮੈਂ ਅਜੇ ਵੀ ਆਪਣੇ ਕੁਝ ਪੁਰਾਣੇ ਸਹਿਕਰਮੀਆਂ, ਦੋਸਤਾਂ, ਸੀਨੀਅਰਾਂ ਨੂੰ ਫੋਨ ਕਰ ਕੇ ਨਿੱਜੀ ਤੌਰ ’ਤੇ ਸ਼ੁਭਕਾਮਨਾਵਾਂ ਦਿੰਦਾ ਹਾਂ ਅਤੇ ਇਸੇ ਤਰ੍ਹਾਂ ਮੈਨੂੰ ਵੀ ਉਨ੍ਹਾਂ ਤੋਂ ਨਿੱਜੀ ਕਾਲਾਂ ਆਉਂਦੀਆਂ ਹਨ। ਇਨ੍ਹਾਂ ’ਚੋਂ ਮੇਰੀਆਂ ਸਭ ਤੋਂ ਵੱਧ ਪਸੰਦੀਦਾ ਕਾਲਾਂ ਮੇਰੇ ਪੁਰਾਣੇ ਨਿੱਜੀ ਸਟਾਫ਼ ਮੈਂਬਰਾਂ ਦੀਆਂ ਹੁੰਦੀਆਂ ਹਨ। ਮੈਨੂੰ ਅੰਮ੍ਰਿਤਸਰ ਤੋਂ ਮਹਿੰਦਰਪਾਲ ਦੀ ਇਕ ਕਾਲ ਆਈ ਜੋ 1970ਵਿਆਂ ਦੇ ਅਖੀਰ ਤੇ ਅੱਸੀਵਿਆਂ ਦੇ ਸ਼ੁਰੂ ਵਿਚ ਮੇਰਾ ਟੈਲੀਫੋਨ ਅਟੈਂਡੈਂਟ ਸੀ। ਉਦੋਂ ਮੋਬਾਈਲ ਫੋਨ ਦਾ ਕਿਸੇ ਨੇ ਨਾਂ ਵੀ ਨਹੀਂ ਸੁਣਿਆ ਸੀ। ਕਪੂਰਥਲਾ, ਬਠਿੰਡਾ ਆਦਿ ਸ਼ਹਿਰਾਂ ਤੋਂ ਮੈਨੂੰ ਫੋਨ ਕਾਲਾਂ ਆਉਂਦੀਆਂ ਰਹਿੰਦੀਆਂ ਸਨ ਤੇ ਜੰਮੂ ਤੋਂ ਬਲਬੀਰ ਤੇ ਯਸ਼ਪਾਲ ਨੇ ਮੈਨੂੰ ਚੇਤੇ ਕਰਾਉਣ ਵਿਚ ਕਦੇ ਕੋਈ ਕੁਤਾਹੀ ਨਾ ਕਰਨੀ, ਇਸੇ ਤਰ੍ਹਾਂ ਸ੍ਰੀਨਗਰ ਤੋਂ ਗ਼ੁਲਾਮ ਰਸੂਲ, ਯੂਪੀਐੱਸਸੀ ਤੋਂ ਪ੍ਰੇਮ, ਬੀਐੱਸਐੱਫ ਤੋਂ ਦਿਗਵਿਜੈ ਅਤੇ ਚੌਹਾਨ ਵੀ ਕਦੇ ਨਹੀਂ ਖੁੰਝਦੇ ਸਨ। ਹਾਲਾਂਕਿ ਮੈਂ ਉਨ੍ਹਾਂ ਲਈ ਕੁਝ ਨਹੀਂ ਕਰ ਸਕਦਾ ਤੇ ਨਾ ਹੀ ਉਹ ਅਜਿਹੀ ਕੋਈ ਤਵੱਕੋ ਰੱਖਦੇ ਹਨ, ਪਰ ਫਿਰ ਵੀ ਅਸੀਂ ਇਕ ਦੂਜੇ ਦਾ ਅਤੇ ਬੱਚਿਆਂ ਦੇ ਕੰਮ ਕਾਜ ਦਾ ਹਾਲ ਚਾਲ ਪੁੱਛਦੇ ਰਹਿੰਦੇ ਹਾਂ। ਸਬ ਇੰਸਪੈਕਟਰ ਰਣ ਸਿੰਘ ਨੂੰ ਮੈਂ ਕਦੇ ਨਹੀਂ ਭੁੱਲ ਸਕਦਾ ਜੋ ਹੁਣ ਫ਼ੌਤ ਹੋ ਚੁੱਕੇ ਹਨ ਅਤੇ ਅੱਸੀਵਿਆਂ ਦੇ ਸ਼ੁਰੂ ਵਿਚ ਆਪਣੀ ਸੇਵਾਮੁਕਤੀ ਤੱਕ ਉਹ ਮੇਰੇ ਨਾਲ ਡਿਊਟੀ ਦਿੰਦੇ ਰਹੇ ਸਨ।



ਰਣ ਸਿੰਘ ਦੀ ਭਰਤੀ ਪੰਜਾਹਵਿਆਂ ਦੇ ਦਹਾਕੇ ਵਿਚ ਹੋਈ ਸੀ ਤੇ ਉਨ੍ਹਾਂ ਪੁਰਾਣੇ ਕਰਮੀਆਂ ਦੀ ਕਤਾਰ ’ਚੋਂ ਆਉਂਦੇ ਸਨ ਜਿਨ੍ਹਾਂ ਨੂੰ ਆਪਣੀ ਦਮਦਾਰ, ਸਾਦਗੀ, ਕੁਸ਼ਲਤਾ ਤੇ ਅਨੁਸ਼ਾਸਨ ਲਈ ਯਾਦ ਕੀਤਾ ਜਾਂਦਾ ਹੈ। ਰਣ ਸਿੰਘ ਦਰਮਿਆਨੇ ਕੱਦ, ਰਿਸ਼ਟ ਪੁਸ਼ਟ, ਭਰਵੀਂ ਫੱਬਤ ਦੇ ਮਾਲਕ ਸਨ ਅਤੇ ਸਿਰ ਦੇ ਵਾਲ ਕਟਵਾ (ਬਜ਼ ਕੱਟ) ਕੇ ਰੱਖਦੇ ਸਨ। ਉਹ ਆਪਣੇ ਕੋਲ ਦੇਸੀ ਘਿਓ ਜ਼ਰੂਰ ਰੱਖਦੇ ਸਨ। ਹਰਿਆਣਵੀ ਬੋਲਦੇ ਸਨ ਅਤੇ ਬਹੁਤ ਹੀ ਮਜ਼ਾਕੀਆ ਸੁਭਾਅ ਵਾਲੇ ਸਨ।

ਚੰਡੀਗੜ੍ਹ ਹੁੰਦਿਆਂ ਇਕ ਦਿਨ ਮੈਂ ਆਪਣੀ ਸਰਕਾਰੀ ਰਿਹਾਇਸ਼ ਦੇ ਲਾਅਨ ਵਿਚ ਟਹਿਲ ਰਿਹਾ ਸਾਂ ਕਿ ਅਚਾਨਕ ਰਣ ਸਿੰਘ ਆ ਗਿਆ ਤੇ ਉਸ ਨੂੰ ਪੰਜਾਬ ਪੁਲੀਸ ਨਾਲ ਜੁੜੀ ਕਿਸੇ ਘਟਨਾ ਬਾਰੇ ਪਤਾ ਲੱਗਿਆ ਤੇ ਉਹ ਕਾਫ਼ੀ ਗੁੱਸੇ ਵਿਚ ਬੋਲ ਰਿਹਾ ਸੀ ਤੇ ਪੂਰੀ ਗੰਭੀਰਤਾ ਨਾਲ ਆਖਿਆ ਕਿ ਜੇ ਮੇਰੇ ਨਾਲ ਕੁਝ ਵੀ ਉਲਟਾ ਨੀਵਾਂ ਹੋਇਆ ਤਾਂ ਉਹ ਉਸ ਬੰਦੇ ਨੂੰ ਬਖ਼ਸ਼ੇਗਾ ਨਹੀਂ। ਮੈਨੂੰ ਉਸ ਦੀ ਗੱਲ ਸਮਝਣ ਵਿਚ ਕੁਝ ਸਮਾਂ ਲੱਗਿਆ ਤੇ ਫਿਰ ਮੈਂ ਉਸ ਨੂੰ ਆਖਿਆ ਕਿ ਉਸ ਦੀ ਡਿਊਟੀ ਲਾਈ ਗਈ ਹੈ ਤਾਂ ਕਿ ਮੇਰੇ ਨਾਲ ਕੋਈ ਮਾੜੀ ਘਟਨਾ ਨਾ ਵਾਪਰੇ ਅਤੇ ਅਗਲੇ ਜਨਮ ਵਿਚ ਮੈਨੂੰ ਇਸ ਦੀ ਕੋਈ ਚਿੰਤਾ ਨਹੀਂ ਹੋਵੇਗੀ ਕਿ ਉਹ ਦੋਸ਼ੀਆਂ ਨਾਲ ਕੀ ਕਰੇਗਾ। ਉਸ ਨੇ ਮੇਰੀ ਗੱਲ ਤਾਂ ਸੁਣ ਲਈ, ਪਰ ਆਪਣੀ ਉਹੀ ਗੱਲ ਦੁਹਰਾਈ ਕਿ ਉਹ ਉਸ ਬੰਦੇ ਨੂੰ ਛੱਡੇਗਾ ਨਹੀਂ। ਮੈਂ ਦੇਖਿਆ ਕਿ ਮੇਰੀਆਂ ਗੱਲਾਂ ਦਾ ਉਸ ’ਤੇ ਕੋਈ ਖਾਸ ਅਸਰ ਨਹੀਂ ਪਿਆ ਤੇ ਉਹ ਪਹਿਲਾਂ ਵਾਂਗ ਹੀ ਗੰਭੀਰ ਬਣਿਆ ਰਿਹਾ ਤਾਂ ਕਿਤੇ ਜਾ ਕੇ ਮਾਮਲਾ ਸ਼ਾਂਤ ਕੀਤਾ। ਰਣ ਸਿੰਘ ਨਾਲ ਇਸ ਕਿਸਮ ਦਾ ਹਾਸਾ ਠੱਠਾ ਚੱਲਦਾ ਹੀ ਰਹਿੰਦਾ ਸੀ। ਇਕ ਵਾਰ ਉਸ ਨੂੰ ਬੁਖ਼ਾਰ ਚੜ੍ਹ ਗਿਆ ਤੇ ਆਮ ਤੌਰ ’ਤੇ ਉਹ ਦੁੱਧ ਤੇ ਦੇਸੀ ਘਿਓ ਦੇ ਨੁਸਖੇ ਨਾਲ ਇਸ ’ਤੇ ਕਾਬੂ ਪਾ ਲੈਂਦਾ ਸੀ, ਪਰ ਇਸ ਵਾਰ ਇਹ ਨੁਸਖ਼ਾ ਕਾਰਗਰ ਨਹੀਂ ਹੋ ਰਿਹਾ ਸੀ ਜਿਸ ਕਰ ਕੇ ਉਸ ਦੇ ਸਾਥੀ ਉਸ ਨੂੰ ਛੇੜਨ ਲੱਗ ਪਏ। ਉਂਜ ਵੀ ਉਸ ਨੂੰ ਬੁਖ਼ਾਰ ਘੱਟ ਹੀ ਚੜ੍ਹਦਾ ਸੀ ਜਿਸ ਕਰ ਕੇ ਉਹ ਅਕਸਰ ਬਾਕੀ ਗਾਰਦ ਸਾਹਮਣੇ ਹੁੱਬ ਕੇ ਦੱਸਦਾ ਹੁੰਦਾ ਸੀ। ਖ਼ੈਰ, ਮੈਂ ਉਸ ਨੂੰ ਡਾਕਟਰ ਕੋਲ ਜਾ ਕੇ ਦਵਾਈ ਲੈਣ ਲਈ ਰਾਜ਼ੀ ਕਰ ਲਿਆ। ਅਗਲੀ ਸਵੇਰ ਮੈਂ ਉਸ ਨੂੰ ਪਛਾਣ ਹੀ ਨਾ ਸਕਿਆ ਤੇ ਉਸ ਦਾ ਚਿਹਰਾ ਉੱਡਿਆ ਪਿਆ ਸੀ। ਉਸ ਨੂੰ ਮਲੇਰੀਆ ਹੋ ਗਿਆ ਸੀ ਤੇ ਡਾਕਟਰ ਨੇ ਪੂਰੇ ਇਕ ਹਫ਼ਤੇ ਲਈ ਕੁਨੀਨ ਦੀਆਂ ਗੋਲੀਆਂ ਖਾਣ ਲਈ ਦੇ ਦਿੱਤੀਆਂ। ਆਪਣੀ ਜਾਚੇ ਰਣ ਸਿੰਘ ਨੇ ਸਮਝਿਆ ਕਿ ਇਨ੍ਹਾਂ ਗੋਲੀਆਂ ਨਾਲ ਉਸ ਨੂੰ ਕੀ ਹੋਣਾ ਹੈ। ਲਿਹਾਜ਼ਾ, ਉਸ ਨੇ ਇਕ ਲਿਟਰ ਦੁੱਧ ਨਾਲ ਗੋਲੀਆਂ ਦਾ ਫੱਕਾ ਮਾਰ ਲਿਆ ਤੇ ਥੋੜ੍ਹੀ ਦੇਰ ’ਚ ਹੀ ਉਸ ਦੀ ਚਮੜੀ ਦਾ ਰੰਗ ਪੀਲਾ ਪੈਣ ਲੱਗ ਪਿਆ। ਕੁਨੀਨ ਦਾ ਉਲਟ ਅਸਰ ਦੂਰ ਕਰਨ ਲਈ ਕਾਫ਼ੀ ਦਵਾਈਆਂ ਖਾਣੀਆਂ ਪਈਆਂ ਤਾਂ ਕਿਤੇ ਜਾ ਕੇ ਉਹ ਆਪਣੇ ਅਸਲ ਰੰਗ ਵਿਚ ਆ ਸਕਿਆ। ਉਂਜ, ਉਸ ਦੇ ਰੰਗ ਨਾਲੋਂ ਉਸ ਦੀ ਮਰਦਾਨਗੀ ਨੂੰ ਜ਼ਿਆਦਾ ਸੱਟ ਵੱਜੀ ਸੀ। ਰਣ ਸਿੰਘ ਦੀ ਸ਼ਖ਼ਸੀਅਤ ਦੇ ਕਈ ਹੋਰ ਗੁੱਝੇ ਰੰਗ ਵੀ ਸਨ।

ਨਵੇਂ ਸਾਲ ਦਾ ਹੀ ਦਿਨ ਸੀ ਕਿ ਅਸੀਂ ਕੁਝ ਦੋਸਤ ਰਾਤ ਦੇ ਖਾਣੇ ’ਤੇ ਇਕੱਠੇ ਹੋ ਗਏ। ਅੱਗ ਬਲ ਰਹੀ ਸੀ ਤੇ ਗੱਲਾਂ ਦਾ ਦੌਰ ਚੱਲ ਰਿਹਾ ਸੀ ਕਿ ਅਚਾਨਕ ਰਣ ਸਿੰਘ ਇਕ ਢੋਲੀ ਨੂੰ ਨਾਲ ਲੈ ਕੇ ਪਹੁੰਚ ਗਿਆ। ਇਸ ਤੋਂ ਪਹਿਲਾਂ ਕਿ ਅਸੀਂ ਕੁਝ ਬੋਲਦੇ, ਉਹ ਢੋਲ ਦੀ ਥਾਪ ’ਤੇ ਰਾਗਨੀ ਸੁਣਾਉਣ ਲੱਗ ਪਿਆ। ਹਾਲਾਂਕਿ ਸਾਡੇ ਕੁਝ ਮਹਿਮਾਨ ਹਰਿਆਣਵੀ ਨਹੀਂ ਸਮਝਦੇ ਸਨ, ਪਰ ਉਸ ਦੇ ਗਾਇਨ ਦੀ ਕੋਈ ਵੀ ਦਾਦ ਦਿੱਤੇ ਬਿਨਾਂ ਨਾ ਰਹਿ ਸਕਿਆ। ਰਣ ਸਿੰਘ ਆਪਣੀ ਧੁਨ ਵਿਚ ਮਸਤ ਹੋ ਕੇ ਗਾਉਂਦਾ ਰਿਹਾ। ਅਚਾਨਕ ਉਹ ਉੱਠਿਆ ਤੇ ਉੱਥੋਂ ਜਾਣ ਲੱਗਿਆ, ਪਰ ਮੈਂ ਉਸ ਨੂੰ ਰੋਕ ਕੇ ਖੁਆ ਪਿਲਾ ਕੇ ਚੰਗੇ ਢੰਗ ਨਾਲ ਵਿਦਾ ਕੀਤਾ। ਰਣ ਸਿੰਘ ਸੇਵਾਮੁਕਤ ਹੋਣ ਤੋਂ ਬਾਅਦ ਮੂਰਥਲ ਨੇੜਲੇ ਆਪਣੇ ਜੱਦੀ ਪਿੰਡ ਵਿਚ ਆਪਣੇ ਬੀਵੀ ਬੱਚਿਆਂ ਕੋਲ ਜਾ ਕੇ ਰਹਿਣ ਲੱਗ ਪਿਆ।

ਉਸ ਤੋਂ ਬਾਅਦ ਉਸ ਦੀ ਕੋਈ ਖ਼ਬਰਸਾਰ ਨਾ ਮਿਲੀ, ਪਰ ਉਸ ਦੀ ਸੁਹਿਰਦਤਾ, ਜਜ਼ਬੇ ਅਤੇ ਪੰਜਾਬ ਪੁਲੀਸ ਦੇ ਇਕ ਅਨੁਸ਼ਾਸਿਤ ਮੈਂਬਰ ਵਜੋਂ ਯਾਦਾਂ ਹਮੇਸ਼ਾਂ ਮੇਰੇ ਅੰਗ ਸੰਗ ਰਹੀਆਂ ਹਨ। ਅੱਜਕੱਲ੍ਹ ਦੇ ਨੌਜਵਾਨਾਂ ਨੂੰ ਪੁਰਾਣੀ ਪੀੜ੍ਹੀ ਦੇ ਝੰਡਾਬਰਦਾਰ ਕਰਮੀਆਂ ਦੇ ਮਿਆਰਾਂ ਤੋਂ ਸਿੱਖਣ ਦੀ ਲੋੜ ਹੈ।

ਮੈਂ ਇਸ ਲੇਖ ਦੀ ਸ਼ੁਰੂਆਤ ਨਵੇਂ ਸਾਲ ਦੇ ਸ਼ੁਭ ਸੰਦੇਸ਼ਾਂ ਅਤੇ ਇਸ ਮਾਮਲੇ ਵਿਚ ਆਈਆਂ ਤਬਦੀਲੀਆਂ ਨਾਲ ਕੀਤੀ ਸੀ। ਜ਼ਿੰਦਗੀ ਦੇ ਹਰੇਕ ਸ਼ੋਹਬੇ ਦੀਆਂ ਰਵਾਇਤਾਂ ਵਿਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ ਅਤੇ ਅਹਿਮ ਗੱਲ ਇਹ ਹੈ ਕਿ ਨਵੇਂ ਤੇ ਪੁਰਾਣੇ ਦਾ ਨਿਰੰਤਰ ਸੰਗਮ ਚੱਲਦਾ ਰਹਿਣਾ ਚਾਹੀਦਾ ਹੈ। ਨਵੀਂ ਪੀੜ੍ਹੀ ਉੱਪਰ ਕੁਝ ਠੋਸਣ ਦੀ ਬਜਾਏ ਉਸ ਨੂੰ ਆਪਣੇ ਤਰੀਕੇ ਨਾਲ ਕੁਝ ਨਵਾਂ ਸਿਰਜਣ ਦੇਣਾ ਹੀ ਸਭ ਤੋਂ ਚੰਗੀ ਗੱਲ ਹੈ। ਜ਼ਿੰਦਗੀ ਦੇ ਬਹੁਤ ਸਾਰੇ ਰੰਗ ਹੁੰਦੇ ਹਨ ਅਤੇ ਇਨ੍ਹਾਂ ਦੇ ਮਿਲਣ ਨਾਲ ਹੀ ਜ਼ਿੰਦਗੀ ਦਾ ਸੰਗੀਤ ਪੈਦਾ ਹੁੰਦਾ ਹੈ ਤੇ ਇਸ ਨੂੰ ਅਰਥ ਮਿਲਦੇ ਹਨ। ਆਓ ਆਪਾਂ ਆਪਣੇ ਆਪ ਨੂੰ ਵਿਕਾਸ ਦੀ ਗਤੀ ਉੱਪਰ ਨਾ ਥੋਪੀਏ ਅਤੇ ਕੁਦਰਤ ਦੇ ਵਿਕਾਸ ਅਤੇ ਨਾਲ ਹੀ ਆਪਣੇ ਵਿਕਾਸ ਵਿਚ ਵੀ ਬੇਲੋੜੀ ਦਖ਼ਲਅੰਦਾਜ਼ੀ ਨਾ ਕਰੀਏ।

# ਬੇਸ਼ੱਕ ਝਗੜਾ ਹੋ ਗਿਆ ਪਰ ਹੁਣ ਇਹ ਗੱਲਾਂ ਤਾਂ ਨਾ ਕਰੋ

ਇਕ ਅਧਿਐਨ ਦੇ ਮੁਤਾਬਕ ਲੜਾਈ-ਝਗੜੇ ਦੇ ਦੌਰਾਨ ਗਲਤ ਅਤੇ ਕੌੜੇ ਸ਼ਬਦਾਂ ਦਾ ਇਸਤੇਮਾਲ ਰਿਸ਼ਤਿਆਂ ਵਿਚ ਤਣਾਅ ਦਾ ਕਾਰਨ ਬਣ ਜਾਂਦਾ ਹੈ। ਰਿਸ਼ਤੇ ਵਿਚ ਸਚਾਈ ਦਾ ਹੋਣਾ ਜ਼ਰੂਰੀ ਹੈ ਪਰ ਬਹੁਤ ਜ਼ਿਆਦਾ ਓਪਨ ਹੋਣਾ ਵੀ ਰਿਸ਼ਤੇ ਨੂੰ ਵਿਗਾੜ ਸਕਦਾ ਹੈ। ਇਸ ਕਰਕੇ ਜੇਕਰ ਪਾਰਟਨਰ ਨਾਲ ਝਗੜਾ ਹੋ ਗਿਆ ਹੈ ਤਾਂ ਕੁਝ ਗੱਲਾਂ ਦਾ ਖਿਆਲ ਰੱਖੋ ਅਤੇ ਜ਼ਿਆਦਾ ਸਬੰਧ ਨਾ ਵਿਗਾੜੋ।

ਆਪਣੇ ਪਾਰਟਨਰ ਨਾਲ ਗੱਲ ਕਰੋ ਅਤੇ ਉਹਨਾਂ ਦੀ ਕਹੀ ਗੱਲ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਜੇਕਰ ਉਹਨਾਂ ਦੀ ਕੋਈ ਗੱਲ ਤੁਹਾਨੂੰ ਪਸੰਦ ਨਾ ਹੋਵੇ ਤਾਂ ਹੋਸ਼ ਗੁਆਉਣ ਤੋਂ ਬਿਹਤਰ ਹੋਵੇਗਾ ਕਿ ਤੁਸੀਂ ਹੌਸਲੇ ਤੋਂ ਕੰਮ ਲਵੋ। ਸਥਿਤੀ ਤੋਂ ਭੱਜਣ ਦੀ ਗੱਲ ਨਾ ਕਰੋ। ਅਜਿਹਾ ਬੋਲਣਾ ਵੀ ਤੁਹਾਡੇ ਰਿਸ਼ਤੇ ਨੂੰ ਹਮੇਸ਼ਾ ਦੇ ਲਈ ਖਰਾਬ ਕਰ ਸਕਦਾ ਹੈ।

ਗੁੱਸਾ ਹੋਣਾ ਇਕ ਅਲੱਗ ਗੱਲ ਹੈ ਪਰ ਕੁਝ ਵੀ ਅਜਿਹਾ ਨਾ ਕਹੋ ਜਿਸ ਦਾ ਅਸਰ ਲੰਮੇ ਸਮੇਂ ਤੱਕ ਬਣਿਆ ਰਹੇ। ਮਾੜੇ ਸ਼ਬਦ ਕਹਿਣ ਤੋਂ ਬਚੋ।

ਜ਼ਿੰਮੇਵਾਰੀਆਂ ਦਾ ਰੋਣਾ ਰੋਣ ਤੋਂ ਬਿਹਤਰ ਹੈ ਕਿ ਤੁਸੀਂ ਦੋਵੇਂ ਆਪਣੇ ਕੰਮ ਵੰਡ ਲਓ। ਪੁਰਾਣੇ ਦਿਨਾਂ ਨੂੰ ਯਾਦ ਕਰਕੇ ਇਕ ਦੂਜੇ ਨੂੰ ਕੋਸਣਾ ਗਲਤ ਹੈ।

ਘਰਵਾਲਿਆਂ ਨੂੰ ਆਪਣੇ ਝਗੜੇ ਵਿਚ ਸ਼ਾਮਲ



ਨਾਂ ਕਰੋ। ਇਕ-ਦੂਜੇ ਦੇ ਪਰਿਵਾਰ ਦੀ ਤੁਲਨਾ ਕਰਨਾ ਸਹੀ ਨਹੀਂ ਹੈ।

ਗੱਲਾਂ ਨੂੰ ਇਗਨੋਰ ਕਰਨਾ ਵੀ ਆਉਣਾ ਚਾਹੀਦਾ ਹੈ। ਛੋਟੀਆਂ-ਛੋਟੀਆਂ ਗੱਲਾਂ ’ਤੇ ਪ੍ਰਤੀਕਿਰਿਆ ਦੇ ਕੇ ਤੁਸੀਂ ਇਸ ਰੋਸੇ ਨੂੰ ਵਧਾਉਣ ਦਾ ਹੀ ਕੰਮ ਕਰੋਗੇ।

ਪਤੀ-ਪਤਨੀ ਵਿਚਕਾਰ ਲੜਾਈ-ਝਗੜਾ ਹੋਣਾ ਆਮ ਗੱਲ ਹੈ। ਔਸਤਨ ਅਜਿਹੀਆਂ ਲੜਾਈਆਂ ਕੁਝ ਸਮੇਂ ਵਿਚ ਹੀ ਸੁਲਝ ਜਾਂਦੀਆਂ ਹਨ ਅਤੇ ਸਭ ਕੁਝ ਨੌਰਮਲ ਹੋ ਜਾਂਦਾ ਹੈ ਪਰ ਕਈ ਵਾਰ ਝਗਡੇ ਇੰਨੇ ਵੱਡੇ ਜਾਂਦੇ ਹਨ ਕਿ ਸਭ ਕੁਝ ਬਿਖਰਦਾ ਹੋਇਆ ਨਜ਼ਰ ਆਉਂਦਾ ਹੈ।

ਉਹਨਾਂ ਦੀ ਨਰਾਜ਼ਗੀ ਤੁਹਾਨੂੰ ਚੁਭਣ ਲੱਗਦੀ ਹੈ ਅਤੇ ਤੁਹਾਡਾ ਮਨ ਕਰਦਾ ਹੈ ਕਿ ਬੱਸ ਕਿਸੇ ਵੀ ਤਰ੍ਹਾਂ ਇਹ ਸਭ ਖਤਮ ਹੋ ਜਾਵੇ। ਜੇਕਰ ਤੁਸੀਂ ਵੀ ਕੁਝ ਅਜਿਹੇ ਦੌਰ ਵਿਚੋਂ ਲੰਘ ਰਹੇ ਹੋ ਤਾਂ ਤੁਹਾਨੂੰ ਬਿਨਾਂ ਦੇਰੀ ਮਨਾ ਲੈਣਾ ਚਾਹੀਦਾ ਹੈ।

ਜੇਕਰ ਗਲਤੀ ਤੁਹਾਡੀ ਸੀ ਤਾਂ ਮੁਆਫੀ ਮੰਗਣ ਵਿਚ ਜ਼ਰਾ ਵੀ ਦੇਰੀ ਨਾ ਲਗਾਓ। ਫਿਰ ਵੀ ਜੇਕਰ ਉਹਨਾਂ ਦੀ ਨਰਾਜ਼ਗੀ ਬਣੀ ਹੋਈ ਹੈ ਤਾਂ ਕੁਝ ਅਜਿਹਾ ਕਰੋ, ਜਿਸ ਨਾਲ ਉਹਨਾਂ ਦਾ ਮੂਡ ਪਲ ਭਰ ਵਿਚ ਠੀਕ ਹੋ ਜਾਵੇ। ਕੁਝ ਟਿਪਸ ਹਨ, ਜਿਹਨਾਂ ਨੂੰ ਅਜ਼ਮਾਇਆ ਜਾ ਸਕਦਾ ਹੈ:

ਉਹਨਾਂ ਦੀ ਪਸੰਦ ਦਾ ਖਾਣਾ ਬਣਾਓ। ਆਪਣੇ ਹੱਥਾਂ ਨਾਲ, ਪਿਆਰ ਨਾਲ ਸਰਵ ਕਰੋ। ਉਮੀਦ ਕੀਤੀ ਜਾ ਸਕਦੀ ਹੈ ਕਿ ਖਾਣੇ ਦੀ ਮੇਜ ਤੇ ਬੈਠੇ-ਬੈਠੇ ਹੀ ਉਹਨਾਂ ਦਾ ਗੁੱਸਾ ਸ਼ਾਂਤ ਹੋ ਜਾਵੇਗਾ। ਜੇਕਰ ਤੁਹਾਨੂੰ ਲੱਗਦਾ ਹੈ ਕਿ ਲੜਾਈ ਤੁਹਾਡੇ ਕਾਰਨ ਹੀ ਆਰੰਭ ਹੋਈ ਹੈ ਅਤੇ ਤੁਸੀਂ ਹੀ ਉਸਨੂੰ ਵੱਡਾ ਕਰ ਦਿੱਤਾ ਹੈ ਤਾਂ ਮੁਆਫੀ ਮੰਗ ਲਓ।

ਇਕ ਲਵ ਨੋਟ ਲਿਖੋ। ਕੁਝ ਅਜਿਹਾ ਲਿਖੋ, ਜਿਸ ਤੋਂ ਉਹਨਾਂ ਨੂੰ ਪਤਾ ਲੱਗ ਜਾਵੇ ਕਿ ਤੁਹਾਨੂੰ ਉਹਨਾਂ ਦੀ ਕਿੰਨੀ ਪਰਵਾਹ ਹੈ ਅਤੇ ਤੁਸੀਂ ਉਹਨਾਂ ਨੂੰ ਕਿੰਨਾ ਪਿਆਰ ਕਰਦੇ ਹੋ। ਉਹਨਾਂ ਦੇ ਪਸੰਦੀਦਾ ਫੁੱਲਾਂ ਨਾਲ ਘਰ ਬਜਾਓ ਅਤੇ ਇਕ ਕੋਨੇ ਵਿਚ ਸਾਰੀ ਨੋਟ ਲਿਖ ਕੇ ਰੱਖ ਦਿਓ। ਆਪਣੇ ਹੱਥਾਂ ਨਾਲ ਸਵੇਰ ਦੀ ਚਾਹ ਬਣਾਓ ਅਤੇ ਬੈਕਰਾਊਂਡ ਵਿਚ ਉਹਨਾਂ ਦੇ ਪਸੰਦੀਦਾ ਗਾਣੇ ਪਲੇਅ ਕਰੋ।




## ਸ਼ੂਗਰ ਦੇ ਮਰੀਜ਼ਾਂ ਲਈ ਫਾਇਦੇਮੰਦ ਆਟਾ



ਬਦਲਦੀ ਜੀਵਨ ਸ਼ੈਲੀ ਅਤੇ ਗੈਰ-ਸਿਹਤਮੰਦ ਭੋਜਨ ਖਾਣ ਕਾਰਨ ਡਾਇਬਟੀਜ਼ ਦੇ ਮਰੀਜ਼ ਵੱਧ ਰਹੇ ਹਨ। ਇਹ ਬਿਮਾਰੀ ਸਿਹਤ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦੀ ਹੈ ਪਰ ਜੀਵਨਸ਼ੈਲੀ ਅਤੇ ਖੁਰਾਕ ਵਿੱਚ ਬਦਲਾਅ ਕਰਕੇ ਸ਼ੂਗਰ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ। ਸ਼ੂਗਰ ਦੇ ਮਰੀਜ਼ਾਂ ਨੂੰ ਪ੍ਰੋਟੀਨ ਅਤੇ ਫਾਈਬਰ ਨਾਲ ਭਰਪੂਰ ਭੋਜਨ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ, ਨਾਲ ਹੀ ਬਲੱਡ ਸ਼ੂਗਰ ਨੂੰ ਨਾਰਮਲ ਰੱਖਣ ਲਈ ਮਿੱਠੀਆਂ ਚੀਜ਼ਾਂ ਖਾਣ ਤੋਂ ਪਰਹੇਜ਼ ਕੀਤਾ ਜਾਂਦਾ ਹੈ। ਡਾਇਬਟੀਜ਼ ਡਾਈਟ ਵਿੱਚ ਰੋਟੀਆਂ ਦੇ ਕਈ ਆਪਸ਼ਨ ਹਨ। ਜੇਕਰ ਤੁਸੀਂ ਸ਼ੂਗਰ ਦੇ ਮਰੀਜ਼ ਹੋ ਤਾਂ ਤੁਸੀਂ ਕਣਕ ਦੇ ਆਟੇ ਦੀ ਬਜਾਏ ਇਨ੍ਹਾਂ ਚਾਰ ਤਰ੍ਹਾਂ ਦੇ ਆਟੇ ਦੀ ਵਰਤੋਂ ਕਰ ਸਕਦੇ ਹੋ। ਆਓ ਜਾਣਦੇ ਹਾਂ...

### ਜੌਂ ਦਾ ਆਟਾ

ਕਣਕ ਦੇ ਆਟੇ ਦੇ ਮੁਕਾਬਲੇ ਜੌਂ ਦਾ ਆਟਾ ਸਰੀਰ ਨੂੰ ਫਿੱਟ ਰੱਖਣ ਵਿੱਚ ਬਹੁਤ ਮਦਦਗਾਰ ਹੁੰਦਾ ਹੈ। ਇਸ 'ਚ ਪ੍ਰੋਟੀਨ, ਕੈਲਸ਼ੀਅਮ, ਡਾਇਟਰੀ ਫਾਈਬਰਸ ਦੀ ਜ਼ਿਆਦਾ ਮਾਤਰਾ ਪਾਈ ਜਾਂਦੀ ਹੈ। ਜੋ ਕਿ ਸ਼ੂਗਰ ਦੇ ਮਰੀਜ਼ਾਂ ਲਈ ਫਾਇਦੇਮੰਦ ਹੁੰਦੇ ਹਨ। ਇਹ ਸ਼ੂਗਰ ਲੈਵਲ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਜੌਂ ਦੇ ਆਟੇ ਤੋਂ ਬਣੀ ਰੋਟੀ, ਪਰਾਠਾ, ਦਲੀਆ ਆਦਿ ਨੂੰ ਸ਼ੂਗਰ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

### ਰਾਗੀ ਦਾ ਆਟਾ

ਰਾਗੀ ਫਾਈਬਰ ਦਾ ਭਰਪੂਰ ਸਰੋਤ ਹੈ। ਸ਼ੂਗਰ ਦੇ ਮਰੀਜ਼ ਰਾਗੀ ਦੇ ਆਟੇ ਦੀ ਰੋਟੀ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰ ਸਕਦੇ ਹਨ। ਇਹ ਬਲੱਡ ਸ਼ੂਗਰ ਨੂੰ ਨਾਰਮਲ ਰੱਖਣ 'ਚ ਮਦਦ ਕਰਦਾ ਹੈ, ਨਾਲ ਹੀ ਇਸ ਦੀ ਵਰਤੋਂ ਨਾਲ ਭਾਰ ਵੀ ਕੰਟਰੋਲ ਕੀਤਾ ਜਾ ਸਕਦਾ ਹੈ। ਰਾਗੀ ਦੇ ਸੇਵਨ ਨਾਲ ਪੇਟ ਜ਼ਿਆਦਾ ਦੇਰ ਤੱਕ ਭਰਿਆ ਮਹਿਸੂਸ ਹੁੰਦਾ ਹੈ ਅਤੇ ਤੁਸੀਂ ਜ਼ਿਆਦਾ ਖਾਣ ਤੋਂ ਬਚਦੇ ਹੋ।

### ਕੱਟੂ ਦਾ ਆਟਾ

ਕੱਟੂ ਦੇ ਆਟੇ ਨੂੰ ਵੀ ਸ਼ੂਗਰ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ। ਇਸ ਆਟੇ ਦੀ ਬਣੀ ਰੋਟੀ ਸ਼ੂਗਰ ਦੇ ਰੋਗੀਆਂ ਲਈ ਤਾਂ ਬਹੁਤ ਫਾਇਦੇਮੰਦ ਹੁੰਦੀ ਹੈ ਅਤੇ ਨਾਲ ਹੀ ਇਹ ਭਾਰ ਕੰਟਰੋਲ ਕਰਨ 'ਚ ਵੀ ਮਦਦਗਾਰ ਹੁੰਦੀ ਹੈ।

### ਛੋਲਿਆਂ ਦਾ ਆਟਾ

ਛੋਲੇ ਦਾ ਗਲਾਈਸੈਮਿਕ ਇੰਡੈਕਸ ਘੱਟ ਹੁੰਦਾ ਹੈ। ਇਹ ਸ਼ੂਗਰ ਦੇ ਮਰੀਜ਼ਾਂ ਲਈ ਬਹੁਤ ਫਾਇਦੇਮੰਦ ਮੰਨਿਆ ਜਾਂਦਾ ਹੈ। ਇਹ ਸ਼ੂਗਰ ਲੈਵਲ ਨੂੰ ਨਾਰਮਲ ਰੱਖਣ 'ਚ ਮਦਦ ਕਰਦਾ ਹੈ। ਚਨੇ ਦੇ ਆਟੇ ਦੀ ਰੋਟੀ ਨੂੰ ਸ਼ੂਗਰ ਦੀ ਖੁਰਾਕ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

## ਜੇਕਰ ਤੁਸੀਂ ਵੀ ਚਾਹੁੰਦੇ ਹੋ ਲੰਬੀ ਤੇ ਸਿਹਤਮੰਦ ਜ਼ਿੰਦਗੀ!

ਤੁਸੀਂ ਕਿੰਨੀ ਦੇਰ ਜੀਓਗੇ ਇਹ ਤੁਹਾਡੇ ਜੀਨਾਂ ਅਤੇ ਖ਼ਾਨਦਾਨੀ 'ਤੇ ਨਿਰਭਰ ਕਰਦਾ ਹੈ। ਹਾਲਾਂਕਿ, ਮਾਹਰ ਇਸ ਗੱਲ ਨਾਲ ਸਹਿਮਤ ਹਨ ਕਿ ਜੀਨ ਲੰਬੀ ਉਮਰ ਵਿੱਚ ਇੱਕ ਮਾਮੂਲੀ ਭੂਮਿਕਾ ਨਿਭਾਉਂਦੇ ਹਨ ਅਤੇ ਤੁਹਾਡੀ ਖੁਰਾਕ ਅਤੇ ਜੀਵਨ ਸ਼ੈਲੀ ਇੱਕ ਵੱਡੀ ਭੂਮਿਕਾ ਨਿਭਾਉਂਦੀ ਹੈ। ਲੰਬੀ, ਸਿਹਤਮੰਦ ਅਤੇ ਖੁਸ਼ਹਾਲ ਜ਼ਿੰਦਗੀ ਜਿਊਣ ਲਈ ਚੰਗੀ ਜੀਵਨ ਸ਼ੈਲੀ ਦਾ ਹੋਣਾ ਬਹੁਤ ਜ਼ਰੂਰੀ ਹੈ। ਜਿਸ ਵਿੱਚ ਡਾਇਟ, ਵਰਕਆਊਟ ਅਤੇ ਰੋਜ਼ਾਨਾ ਦੀਆਂ ਆਦਤਾਂ ਸ਼ਾਮਲ ਹਨ।



### ਜ਼ਿਆਦਾ ਨਾ ਖਾਓ

ਸਿਹਤਮੰਦ ਅਤੇ ਲੰਬੀ ਉਮਰ ਅਤੇ ਕੈਲੋਰੀ ਵਿਚਕਾਰ ਇੱਕ ਰਿਸ਼ਤਾ ਹੈ। ਅਧਿਐਨ ਦੇ ਅਨੁਸਾਰ, ਕੈਲੋਰੀ ਵਿੱਚ 10-50 ਪ੍ਰਤੀਸ਼ਤ ਦੀ ਕਟੌਤੀ ਤੁਹਾਡੀ ਉਮਰ ਵਧਾ ਸਕਦੀ ਹੈ। ਕੈਲੋਰੀ ਦਾ ਸੇਵਨ ਘੱਟ ਕਰਨ ਨਾਲ ਵਾਧੂ ਭਾਰ ਘਟਾਉਣ ਵਿਚ ਮਦਦ ਮਿਲਦੀ ਹੈ, ਮੋਟਾਪਾ, ਚਰਬੀ ਘਟਦੀ ਹੈ।

### ਸਿਹਤਮੰਦ ਪ੍ਰੋਟੀਨ ਖਾਓ

ਮਾਹਿਰ ਹਰ ਕਿਸੇ ਨੂੰ ਸਿਹਤਮੰਦ ਭੋਜਨ ਖਾਣ ਦੀ ਸਲਾਹ ਦਿੰਦੇ ਹਨ, ਜੋ ਪ੍ਰੋਟੀਨ ਨਾਲ ਭਰਪੂਰ ਹੋਣਾ ਚਾਹੀਦਾ ਹੈ। ਡ੍ਰਾਈਫਰੂਟਸ ਪੋਸ਼ਕ ਤੱਤਾਂ ਦਾ ਭੰਡਾਰ ਹਨ, ਪ੍ਰੋਟੀਨ ਤੋਂ ਲੈ ਕੇ ਫਾਈਬਰ ਤੱਕ ਐਂਟੀਆਕਸੀਡੈਂਟਸ ਤੱਕ। ਇਨ੍ਹਾਂ ਦਾ ਸੇਵਨ ਦਿਲ ਨੂੰ ਸਿਹਤਮੰਦ ਰੱਖਦਾ ਹੈ, ਬਲੱਡ ਪ੍ਰੈਸ਼ਰ, ਸੋਜ ਨੂੰ ਕੰਟਰੋਲ ਕਰਦਾ ਹੈ ਅਤੇ ਸ਼ੂਗਰ ਅਤੇ ਮੋਟਾਪੇ ਨੂੰ ਰੋਕਦਾ ਹੈ।

### ਰੋਜ਼ਾਨਾ ਕਸਰਤ ਕਰੋ

ਜੇਕਰ ਤੁਸੀਂ ਰੋਜ਼ਾਨਾ ਕਸਰਤ ਕਰਦੇ ਹੋ, ਤਾਂ ਇਹ ਤੁਹਾਨੂੰ ਸਿਹਤਮੰਦ ਅਤੇ ਫਿੱਟ ਰੱਖੇਗਾ। ਸਿਹਤ ਮਾਹਿਰਾਂ ਦੀ ਮੰਨੀਏ ਤਾਂ ਰੋਜ਼ਾਨਾ ਘੱਟੋ-ਘੱਟ 30 ਤੋਂ 45 ਮਿੰਟ ਸੈਰ ਜ਼ਰੂਰ ਕਰੋ। ਰੋਜ਼ਾਨਾ 15 ਮਿੰਟ ਦੀ ਗਤੀਵਿਧੀ ਵੀ ਤੁਹਾਨੂੰ ਸਮੇਂ ਤੋਂ ਪਹਿਲਾਂ ਮੌਤ ਤੋਂ ਬਚਾ ਸਕਦੀ ਹੈ।

### ਤਮਾਕੂਨੋਸ਼ੀ ਨਾ ਕਰੋ

ਸਿਗਰਟਨੋਸ਼ੀ ਕਈ ਬਿਮਾਰੀਆਂ ਦਾ ਕਾਰਨ ਬਣਦੀ ਹੈ, ਜੋ ਖਤਰਨਾਕ ਹੋਣ ਦੇ ਨਾਲ-ਨਾਲ ਤੁਹਾਡੀ ਜਾਨ ਵੀ ਲੈ ਸਕਦੀ ਹੈ। ਖੋਜ ਮੁਤਾਬਕ ਜੋ ਲੋਕ ਸਿਗਰਟ ਪੀਂਦੇ ਹਨ, ਉਨ੍ਹਾਂ ਦੀ ਉਮਰ 10 ਸਾਲ ਤੱਕ ਘੱਟ ਜਾਂਦੀ ਹੈ ਅਤੇ ਸਮੇਂ ਤੋਂ ਪਹਿਲਾਂ ਮੌਤ ਦਾ ਖਤਰਾ ਵੱਧ ਜਾਂਦਾ ਹੈ।

### ਤਣਾਅ ਅਤੇ ਚਿੰਤਾ ਤੋਂ ਦੂਰ ਰਹੋ

ਮਾੜੀ ਜੀਵਨ ਸ਼ੈਲੀ ਸਾਨੂੰ ਕਈ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਬਣਾ ਸਕਦੀ ਹੈ। ਤਣਾਅ ਅਤੇ ਚਿੰਤਾ ਤੁਹਾਡੇ ਜੀਵਨ ਦੇ ਸਾਲਾਂ ਨੂੰ ਘਟਾਉਂਦੀ ਹੈ ਅਤੇ ਦਿਲ, ਗੁਰਦੇ ਅਤੇ ਸ਼ੂਗਰ ਵਰਗੀਆਂ ਬਿਮਾਰੀਆਂ ਦੇ ਜੋਖਮ ਨੂੰ ਵੀ ਵਧਾਉਂਦੀ ਹੈ। ਮਾਹਿਰਾਂ ਦੇ ਅਨੁਸਾਰ, ਜੋ ਲੋਕ ਤਣਾਅ ਅਤੇ ਚਿੰਤਾ ਵਿੱਚ ਰਹਿੰਦੇ ਹਨ, ਉਹ ਜ਼ਿਆਦਾ ਦੇਰ ਤੱਕ ਜੀਉਂਦੇ ਨਹੀਂ ਰਹਿੰਦੇ ਹਨ।

ਤਣਾਅ ਘਟਾਉਣ ਦੇ ਕਈ ਤਰੀਕੇ ਹਨ ਜਿਨ੍ਹਾਂ ਨੂੰ ਤੁਸੀਂ ਅਪਣਾ ਸਕਦੇ ਹੋ।

### ਹਮੇਸ਼ਾ ਜ਼ਿਆਦਾ ਨੀਂਦ ਲਓ

ਨੀਂਦ ਦੀ ਕਮੀ ਜਾਂ ਘੱਟ ਨੀਂਦ ਕਈ ਬਿਮਾਰੀਆਂ ਦਾ ਕਾਰਨ ਹੈ। ਸਿਹਤ ਮਾਹਰਾਂ ਦਾ ਮੰਨਣਾ ਹੈ ਕਿ ਹਰ ਰਾਤ 7 ਤੋਂ 8 ਘੰਟੇ ਦੀ ਨੀਂਦ ਜ਼ਰੂਰੀ ਹੈ, ਇਹ ਸਾਡੇ ਸਰੀਰ ਨੂੰ ਰਿਕਵਰੀ ਅਤੇ ਸੈੱਲ ਫੰਕਸ਼ਨ ਵਿੱਚ ਵੀ ਮਦਦ ਕਰਦੀ ਹੈ। ਜੇਕਰ ਤੁਸੀਂ ਦਿਨ ਵਿੱਚ 7 ਘੰਟੇ ਤੋਂ ਘੱਟ ਸੌਂਦੇ ਹੋ, ਤਾਂ ਇਸ ਨਾਲ ਭਾਰ ਵਧਦਾ ਹੈ, ਤਣਾਅ ਅਤੇ ਸਰੀਰ ਵਿੱਚ ਸੋਜ ਹੁੰਦੀ ਹੈ।

## ਸਰੀਰ ਨੂੰ ਡੀਟਾਕਸ ਕਰਨਾ ਹੈ ਤਾਂ ਇਹ ਚੀਜ਼ਾਂ ਵਰਤੋ

ਸਿਹਤਮੰਦ ਰਹਿਣ ਲਈ ਸਰੀਰ ਨੂੰ ਅੰਦਰੋਂ ਸਾਫ਼ ਰੱਖਣਾ ਵੀ ਜ਼ਰੂਰੀ ਹੈ। ਇਸ ਦੇ ਲਈ ਤੁਹਾਨੂੰ ਡਾਇਟ 'ਚ ਬਦਲਾਅ ਕਰਨਾ ਹੋਵ-ਗਾ। ਤੇਲ ਵਾਲੀਆਂ, ਮਸਾਲੇਦਾਰ ਅਤੇ ਮਿੱਠੀਆਂ ਚੀਜ਼ਾਂ ਨੂੰ ਜ਼ਿਆਦਾ ਖਾਣਾ ਸਿਹਤ ਲਈ ਹਾਨੀਕਾਰਕ ਹੈ। ਇਹ ਸਰੀਰ ਦੇ ਅੰਦਰ ਘਰ ਬਣ-ਾਉਂਦੇ ਹਨ, ਜਿਸ ਕਾਰਨ ਭਾਰ ਵਧਦਾ ਹੈ ਅਤੇ ਤੁਸੀਂ ਕਈ ਖਤਰਨਾਕ ਬੀਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹੋ। ਅਜਿਹੀ ਸਥਿਤੀ ਵਿੱਚ, ਤੁਸੀਂ ਕੁਝ ਭੋਜਨਾਂ ਦਾ ਸੇਵਨ ਕਰਕੇ ਸਰੀਰ ਨੂੰ ਡੀਟੌਕਸ ਕਰ ਸਕਦੇ ਹੋ। ਜਿਸ ਨਾਲ ਤੁਸੀਂ ਤਾਜ਼ਗੀ ਮਹਿਸੂਸ ਕਰੋਗੇ ਅਤੇ ਫਿੱਟ ਵੀ ਰਹੋਗੇ।ਤਾਂ ਆਓ ਜਾਣਦੇ ਹਾਂ ਉਨ੍ਹਾਂ ਫੂਡਸ ਬਾਰੇ ਜੋ ਸਰੀਰ 'ਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ 'ਚ ਮਦਦ ਕਰ ਸਕਦੇ ਹਨ।



### ਨਿੰਬੂ ਪਾਣੀ ਪੀਓ

ਨਿੰਬੂ ਵਿਟਾਮਿਨ-ਸੀ ਦਾ ਵਧੀਆ ਸਰੋਤ ਹੈ। ਇਹ ਇੱਕ ਖੱਟਾ ਫਲ ਹੈ ਅਤੇ ਇਸ ਵਿੱਚ ਮੌਜੂਦ ਐਂਟੀ-ਆਕਸੀਡੈਂਟ ਗੁਣ ਸਰੀਰ ਵਿੱਚੋਂ ਜ਼ਹਿਰੀਲੇ ਤੱਤਾਂ ਨੂੰ ਬਾਹਰ ਕੱਢਣ ਵਿੱਚ ਮਦਦ ਕਰਦੇ ਹਨ। ਜੇਕਰ ਤੁਸੀਂ ਸਰੀਰ ਨੂੰ ਡੀਟੌਕਸ ਕਰਨਾ ਚਾਹੁੰਦੇ ਹੋ, ਤਾਂ ਤੁਸੀਂ ਨਿਯਮਿਤ ਤੌਰ 'ਤੇ ਨਿੰਬੂ ਪਾਣੀ ਦਾ ਸੇਵਨ ਕਰ ਸਕਦੇ ਹੋ।

### ਅਦਰਕ ਦਾ ਪਾਣੀ ਪੀਓ

ਅਦਰਕ ਵਿੱਚ ਵਿਟਾਮਿਨ-ਏ, ਆਇਰਨ ਅਤੇ ਐਂਟੀ-ਆਕਸੀਡੈਂਟ ਗੁਣ ਪਾਏ ਜਾਂਦੇ ਹਨ। ਇਹ ਸਰੀਰ ਨੂੰ ਡੀਟੌਕਸ ਕਰਨ ਦੇ ਨਾਲ-ਨਾਲ ਕਈ ਬਿਮਾਰੀਆਂ ਤੋਂ ਬਚਾਉਂਦਾ ਹੈ।

### ਗੋਭੀ ਖਾਓ

ਗੋਭੀ 'ਚ ਫਾਈਬਰ ਭਰਪੂਰ ਮਾਤਰਾ 'ਚ ਪਾਇਆ ਜਾਂਦਾ ਹੈ, ਜੋ ਸਰੀਰ ਨੂੰ ਡੀਟੌਕਸ ਕਰਨ 'ਚ ਮਦਦ ਕਰਦਾ ਹੈ। ਤੁਸੀਂ ਇਸ ਨੂੰ ਸਬਜ਼ੀ ਜਾਂ ਸਲਾਦ 'ਚ ਮਿਲਾ ਕੇ ਖਾ ਸਕਦੇ ਹੋ।

### ਬਰਾਊਨ ਰਾਈਸ ਖਾਓ

ਬ੍ਰਾਊਨ ਰਾਈਸ 'ਚ ਫਾਈਬਰ, ਮੈਂਗਨੀਜ਼, ਫਾਸਫੋਰਸ ਵਰਗੇ ਪੋਸ਼ਕ ਤੱਤ ਪਾਏ ਜਾਂਦੇ ਹਨ। ਜੋ ਸਰੀਰ ਨੂੰ ਡੀਟੌਕਸ ਕਰਨ ਅਤੇ ਫਿੱਟ ਰੱਖਣ ਵਿੱਚ ਮਦਦ ਕਰਦੇ ਹਨ।

### ਨਾਰੀਅਲ ਪਾਣੀ

ਨਾਰੀਅਲ ਪਾਣੀ 'ਚ ਵਿਟਾਮਿਨ-ਸੀ ਅਤੇ ਐਂਟੀ-ਆਕਸੀਡੈਂਟ ਗੁਣ ਪਾਏ ਜਾਂਦੇ ਹਨ, ਜੋ ਊਰਜਾ ਦੇਣ ਦੇ ਨਾਲ-ਨਾਲ ਸਰੀਰ ਨੂੰ ਡੀਟੌਕਸ ਕਰਨ 'ਚ ਮਦਦ ਕਰਦੇ ਹਨ।

## ਲਾਲ ਨਾਲੋਂ ਕਿਤੇ ਜ਼ਿਆਦਾ ਫਾਇਦੇਮੰਦ ਹੈ ਕਾਲੀ ਗਾਜਰ



ਜਦੋਂ ਵੀ ਅਸੀਂ ਗਾਜਰ ਦੀ ਗੱਲ ਕਰਦੇ ਹਾਂ ਤਾਂ ਸਾਡੇ ਦਿਮਾਗ ਵਿਚ ਲਾਲ ਗਾਜਰ ਹੀ ਆਉਂਦੀ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਗਾਜਰ ਦਾ ਰੰਗ ਵੀ ਕਾਲਾ ਹੁੰਦਾ ਹੈ। ਪੋਸ਼ਣ ਨਾਲ ਭਰਪੂਰ, ਕਾਲੀ ਗਾਜਰ ਐਂ-ਥੋਸਾਈਨਿਨ ਨਾਲ ਭਰਪੂਰ ਹੁੰਦੀ ਹੈ, ਜੋ ਇਸ ਨੂੰ ਇਸ ਨੂੰ ਡੂੰਘਾ ਜਾਮਨੀ ਰੰਗ ਦਿੰਦੇ ਹਨ, ਜੋ ਬਿਲਕੁਲ ਕਾਲਾ ਲਗਦਾ ਹੈ।

ਸਰਦੀਆਂ ਦਾ ਮੌਸਮ ਭਾਰਤ ਵਿਚ ਗਾਜਰ ਤੋਂ ਬਿਨਾਂ ਅਧੂਰਾ ਹੈ। ਕਾਲੀ ਗਾਜਰ ਤੋਂ ਕਾਂਜੀ, ਹਲਵਾ ਆਦਿ ਬਣਾਏ ਜਾਂਦੇ ਹਨ। ਕਈ ਛੋਟੇ-ਛੋਟੇ ਕਸਬਿਆਂ 'ਚ ਤੁਸੀਂ ਇਹ ਚੀਜ਼ਾਂ ਸੜਕਾਂ 'ਤੇ ਵਿਕਦੀਆਂ ਦੇਖੋਂਗੇ। ਇਸ ਤੋਂ ਇਲਾਵਾ ਇਸ ਗਾਜਰ ਦਾ ਜੂਸ ਵੀ ਬਣਾਇਆ ਜਾ ਸਕਦਾ ਹੈ, ਜਿਸ ਨਾਲ ਤੁਹਾਨੂੰ ਸਵੇਰੇ ਹੀ ਤਾਕਤਵਰ ਐਂਟੀਆਕਸੀਡੈਂਟਸ ਦਾ ਵਾਧਾ ਮਿਲੇਗਾ। ਆਓ ਜਾਣਦੇ ਹਾਂ ਕਾਲੀ ਗਾਜਰ ਖਾਣ ਦੇ ਕੀ ਫਾਇਦੇ ਹਨ।

### ਦਿਲ ਲਈ ਹੈ ਫਾਇਦੇਮੰਦ

ਕਾਲੀ ਗਾਜਰ 'ਚ ਮੌਜੂਦ ਐਂਟੀਆਕਸੀਡੈਂਟ ਦਿਲ ਦੀ ਸਿਹਤ ਨੂੰ ਵਧਾਉਂਦੇ ਹਨ। ਇਹ ਕਲੋਟ ਬਣਨ ਤੋਂ ਰੋਕਦੇ ਹਨ ਤੇ ਪਲੇਟ-ਲੈਟਸ ਦੇ ਕੰਮ ਨੂੰ ਬਿਹਤਰ ਬਣਾਉਂਦੇ ਹਨ। ਕਾਲੀ ਗਾਜਰ ਵਿਚ ਮੌਜੂਦ ਪੋਸ਼ਕ ਤੱਤ ਖੂਨ ਦੀਆਂ ਨਾੜੀਆਂ ਨੂੰ ਆਰਾਮ ਦੇਣ ਅਤੇ ਦਿਲ ਦੀ ਸਿਹਤ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰਦੇ ਹਨ। ਇਹ ਖੂਨ ਵਿਚ ਕੋਲੈਸਟ੍ਰੋਲ ਘਟਾਉਣ 'ਚ ਮਦਦ ਕਰਦੇ ਹਨ।

ਕਾਲੀ ਗਾਜਰ 'ਚ ਹੁੰਦੇ ਹਨ

ਕਾਲੀ ਗਾਜਰ ਵਿਚ ਐਂਥੋਸਾਇਨਿਨ ਹੁੰਦੇ ਹਨ, ਜੋ ਕੈਂਸਰ ਸੈੱਲਾਂ ਦੇ ਵਾਧੇ ਨੂੰ ਰੋਕਦੇ ਹਨ ਤੇ ਸਰੀਰ ਵਿੱਚ ਸੋਜ ਘਟਾਉਂਦੇ ਹਨ।

ਕਾਲੀ ਗਾਜਰ 'ਚ ਮੌਜੂਦ ਐਂਟੀਆਕਸੀਡੈਂਟਸ 'ਚ ਮੋਟਾਪਾ ਰੋਕੂ ਗੁਣ ਵੀ ਹੁੰਦੇ ਹਨ, ਜੋ ਭਾਰ ਵਧਣ ਤੋਂ ਰੋਕਦੇ ਹਨ, ਚਰਬੀ ਨੂੰ ਕੰਟਰੋਲ ਵਿੱਚ ਰੱਖਦੇ ਹਨ ਅਤੇ ਮੈਟਾਬੋਲਿਜ਼ਮ ਨੂੰ ਸੁਧਾਰਦੇ ਹਨ।

ਲਾਲ ਗਾਜਰਾਂ ਵਾਂਗ ਕਾਲੀ ਗਾਜਰ ਵੀ ਅੱਖਾਂ ਦੀ ਰੋਸ਼ਨੀ ਲਈ ਚੰਗੀ ਹੁੰਦੀ ਹੈ। ਇਹ ਮੋਤੀ-ਆਬਿੰਦ ਤੇ ਰੈਟਿਨਾ ਦੀ ਸੋਜ ਤੋਂ ਪੀੜਤ ਲੋਕਾਂ ਲਈ ਫਾਇਦੇਮੰਦ ਸਾਬਿਤ ਹੁੰਦੀ ਹੈ। ਨਾਲ ਹੀ ਇਸ ਦੀ ਵਰਤੋਂ ਅੱਖਾਂ 'ਚ ਖੂਨ ਦੇ ਪ੍ਰਵਾਹ ਨੂੰ ਵਧਾਉਣ ਦਾ ਕੰਮ ਕਰਦੀ ਹੈ।

### ਪਾਚਨ ਤੰਤਰ ਨੂੰ ਮਿਲਦਾ ਉਤਸ਼ਾਹ

ਕਾਲੀ ਗਾਜਰ ਫਾਈਬਰ ਨਾਲ ਭਰਪੂਰ ਹੁੰਦੀ ਹੈ ਜੋ ਕਬਜ਼, ਬਲੋਟਿੰਗ ਤੇ ਫਲਾਟੂਲੈਂਸ ਵਰ-ਗੀਆਂ ਪਾਚਨ ਸਮੱਸਿਆਵਾਂ ਵਿੱਚ ਮਦਦਗਾਰ ਸਾਬਿਤ ਹੁੰਦੀ ਹੈ।

# MISSION
## PEAK BROCKERS, INC

For the best possible price and highest profit, call a Business Professional.

As the **President of Mission Peak Brokers, Inc.** and also a **Commercial Real Estate Broker,** I offer you guidance that is based on extensive experience in Sales. Acquisition and Financing of Commercial Real Estate and the purchase of businesses.

Mission Peak Brokers, Inc. is a leading **Business Brokerage** firm based in the San Francisco Bay Area providing t he services required for the sale and acquisition of main street retail business opportunities and commercial real estate as well as an all-inclusive assistance with the business and commercial loan process.

We are here to secure your objectives through a standard of aggressive diligence, measurable integrity and the highest standard of excellence **knowing our client's satisfactions is our ultimate goal.**

## CALL A PROFESSIONAL AND GET THE BEST POSSIBLE PRICES AND HIGHEST PROFITS

**I am a top rated Business and Commercial Real Estate broker with vast experience in Sales.**

**Acquisition and Financing of Commercial Real Estate.**





# GET TOP DOLLAR$

## FOR YOUR COMMERCIAL PROPERTY



# CALL TODAY

## (510) 490-9705

hrsidhu@gmail.com
www.missionpeakbrokers.com

## Harpreet "Harry" Sidhu, CBB
## Broker/president

**BRE Lic #1433114**
**Broker Lic # 01792260**

CABB REALTOR

